# ਸਾਡੇ ਪਿੰਡਾਂ 'ਚ ਰੱਬ ਵਸਦੈ



ਸਾਡੇ ਲੋਕ
SADE LOK
sadelok.com
2026

## ਨਵੇਂ ਸਾਲ ਦੀ ਦਸਤਕ 'ਤੇ ਇੱਕ ਮੋਹ ਭਰਿਆ ਖ਼ਤ

'ਸਾਡੇ ਲੋਕ' ਅਖਬਾਰ ਦੇ ਸਮੂਹ ਪਾਠਕਾਂ, ਸਹਿਯੋਗੀਆਂ, ਸ਼ੁਭਚਿੰਤਕਾਂ ਅਤੇ ਇਸ਼ਤਿਹਾਰਦਾਤਿਆਂ ਦੇ ਨਾਮ, ਨਵੇਂ ਸਾਲ 2026 ਦੀ ਆਮਦ 'ਤੇ ਮੈਂ ਅੱਜ ਤੁਹਾਨੂੰ ਦਿਲ ਦੀਆਂ ਗਹਿਰਾਈਆਂ 'ਚੋਂ ਇਹ ਖ਼ਤ ਲਿਖ ਰਿਹਾ ਹਾਂ। ਅਰਦਾਸ ਹੈ ਕਿ ਇਹ ਨਵਾਂ ਸਾਲ ਤੁਹਾਡੇ ਵਿਹੜਿਆਂ ਵਿੱਚ ਚੜ੍ਹਦੇ ਸੂਰਜ ਵਾਂਗ ਖੁਸ਼ੀਆਂ-ਖੇੜੇ ਅਤੇ ਮੁਹੱਬਤਾਂ ਦਾ ਚਾਨਣ ਲੈ ਕੇ ਆਵੇ, ਜਿਸ ਨਾਲ ਮਨਾਂ ਦੇ ਹਨੇਰੇ ਮਿੱਟ ਜਾਣ।

ਆਓ, ਇਸ ਨਵੇਂ ਵਰ੍ਹੇ 'ਤੇ ਪ੍ਰਣ ਕਰੀਏ ਕਿ ਵੈਰ-ਵਿਰੋਧ, ਈਰਖਾ ਅਤੇ ਨਫ਼ਰਤ ਦੀਆਂ ਕੰਧਾਂ ਢਾਹ ਕੇ ਰੁੱਸਿਆਂ ਨੂੰ ਮਨਾਉਣਾ ਹੈ। ਜਾਤਾਂ-ਪਾਤਾਂ ਅਤੇ ਊਚ-ਨੀਚ ਦੇ ਕੋਹੜ ਨੂੰ ਖਤਮ ਕਰਕੇ, ਹੰਕਾਰ ਤਿਆਗ ਕੇ, ਨਵੇਂ ਰਸਤੇ ਖੋਜਣੇ ਹਨ। ਆਓ, ਸੱਚ ਨੂੰ ਅਪਣਾਈਏ, ਉਸ ਅਕਾਲ ਪੁਰਖ ਦੇ ਭਾਣੇ ਵਿੱਚ ਰਹੀਏ ਅਤੇ ਗੁਰੂ ਨਾਨਕ ਸਾਹਿਬ ਦੇ ਦੱਸੇ ਰਾਹ—ਕਿਰਤ ਕਰੋ, ਨਾਮ ਜਪੋ, ਵੰਡ ਛਕੋ 'ਤੇ ਪਹਿਰਾ ਦੇਈਏ।

ਇਸ ਖੁਸ਼ੀ ਦੇ ਮੌਕੇ 'ਤੇ ਸਾਡਾ ਫਰਜ਼ ਬਣਦਾ ਹੈ ਕਿ ਉਨ੍ਹਾਂ ਨੂੰ ਵੀ ਯਾਦ ਕਰੀਏ ਜੋ ਪਿਛਲੇ 33-34 ਸਾਲਾਂ ਤੋਂ ਭਾਰਤ ਦੀਆਂ ਕਾਲੀਆਂ ਕੋਠੜੀਆਂ ਵਿੱਚ ਬੰਦ ਹਨ। ਆਓ, ਉਨ੍ਹਾਂ 'ਸਿੱਖ ਕੌਮ ਦੇ ਨੈਲਸਨ ਮੰਡੇਲਿਆਂ' ਦੀ ਰਿਹਾਈ ਲਈ ਅਤੇ ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ ਨੂੰ ਕਾਬਜ਼ ਰਜਵਾੜਿਆਂ ਤੋਂ ਮੁਕਤ ਕਰਵਾ ਕੇ ਸੁਹਿਰਦ ਸਿੱਖਾਂ ਦੇ ਹੱਥਾਂ ਵਿੱਚ ਸੌਂਪਣ ਲਈ ਅਰਦਾਸ ਕਰੀਏ। ਦੁਨੀਆ ਭਰ ਵਿੱਚ ਫੈਲੀ ਨਫ਼ਰਤ ਦੀ ਜੰਗ ਖਤਮ ਹੋਵੇ ਅਤੇ ਬੇਕਸੂਰ ਲੋਕਾਂ ਦਾ ਖੂਨ ਡੁੱਲ੍ਹਣੋਂ ਹਟੇ, ਪ੍ਰਮਾਤਮਾ ਸਭ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖੇ।

ਮੈਂ ਆਪਣੇ ਪਿੰਡਾਂ ਦੀ ਮਿੱਟੀ, ਜਿਸ ਵਿੱਚ ਸੋਨਾ ਉੱਗਦਾ ਹੈ ਅਤੇ ਪਾਣੀ ਜੋ ਅੰਮ੍ਰਿਤ ਵਰਗਾ ਹੈ, ਨੂੰ ਸਿਜਦਾ ਕਰਦਾ ਹਾਂ।

ਪੰਜਾਬ ਅਤੇ ਦੁਨੀਆ ਭਰ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਦੀ ਏਕਤਾ ਅਤੇ ਚੜ੍ਹਦੀ ਕਲਾ ਦੀ ਕਾਮਨਾ ਕਰਦਾ ਹਾਂ।

ਮੈਂ ਇਸ ਖ਼ਤ ਦੇ ਜਵਾਬ ਦੀ ਉਡੀਕ ਨਹੀਂ ਕਰਾਂਗਾ, ਕਿਉਂਕਿ ਤੁਹਾਡੇ ਚਿਹਰਿਆਂ 'ਤੇ ਆਈ ਰੌਣਕ ਅਤੇ ਚੜ੍ਹਦੀ ਕਲਾ ਹੀ ਮੇਰਾ ਜਵਾਬ ਹੋਵੇਗੀ। ਤੁਸੀਂ ਸਦਾ ਆਬਾਦ ਰਹੋ, ਖੁਸ਼ ਰਹੋ।

**ਇੱਕ ਵਾਰ ਫਿਰ ਆਪ ਸਭ ਨੂੰ ਨਵਾਂ ਸਾਲ 2026 ਮੁਬਾਰਕ!**

-ਸਤਨਾਮ ਸਿੰਘ ਖਾਲਸਾ

# RESIDENTIAL, COMMERCIAL AND SOLAR FARMS

with Singhsloar High performance Bifacial Smart Panels

## ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR EST. 2025



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com

ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ


# ਸਾਡੇ ਲੋਕ
SADE LOK
sadelok.com

31 ਦਸੰਬਰ 2025 ਤੋਂ 6 ਜਨਵਰੀ 2026

ਸਾਲ 17ਵਾਂ - ਅੰਕ 1
email : info@sadelok.com

Ph. : 510-706-1300
Fax : 925-373-1300


## ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸਫਰ-ਏ-ਸ਼ਹਾਦਤ ਸਮਾਗਮਾਂ 'ਚ ਸਾਹਿਬਜ਼ਾਦਿਆਂ ਦੀ ਪਵਿੱਤਰ ਸ਼ਹਾਦਤ ਨੂੰ ਸਿਜਦਾ



(ਦੇਖੋ ਸਫ਼ਾ 32-33 'ਤੇ)

## ਮਾਮਲਾ ਲਾਪਤਾ 328 ਪਾਵਨ ਸਰੂਪਾਂ ਦਾ ਸ਼੍ਰੋਮਣੀ ਕਮੇਟੀ ਨੇ ਖ਼ੁਦ ਕੀਤੀ ਸੀ ਕਾਨੂੰਨੀ ਕਾਰਵਾਈ ਦੀ ਸਿਫਾਰਸ਼ : ਭਗਵੰਤ ਮਾਨ




ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਉਸ ਦੇ ਅਕਾਲੀ ਦਲ ਵਿਚਲੇ ਆਕਾਵਾਂ ਦੀ ਨਿੰਦਾ ਕਰਦਿਆਂ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ

(ਦੇਖੋ ਸਫ਼ਾ 17 'ਤੇ)

## ਨਵੇਂ ਸਾਲ ਮੌਕੇ ਦਰਬਾਰ ਸਾਹਿਬ ਸਮੇਤ ਦੁਨੀਆਂ ਭਰ ਦੇ ਗੁਰਦੁਆਰਿਆਂ 'ਚ ਵੱਡੀ ਗਿਣਤੀ 'ਚ ਨਤਮਸਤਕ ਹੋਈ ਸੰਗਤ

ਅੰਮ੍ਰਿਤਸਰ : ਨਵੇਂ ਸਾਲ 2026 ਦੀ ਆਮਦ 'ਤੇ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੀਆਂ ਅਤੇ ਨਵੇਂ ਸਾਲ ਦੌਰਾਨ ਪਰਿਵਾਰਕ ਸੁੱਖ ਸ਼ਾਂਤੀ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਦੇਰ ਅੱਧੀ ਰਾਤ ਨੂੰ ਜਦੋਂ ਨਵੇਂ ਸਾਲ 2026 ਦਾ ਆਗਾਜ਼ ਹੋਇਆ ਤਾਂ ਉਸ ਵੇਲੇ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜੇ ਹੋਏ ਸਨ। ਹਰ ਪਾਸੇ ਸੰਗਤਾਂ ਦਾ ਸੈਲਾਬ ਨਜ਼ਰ ਆ ਰਿਹਾ ਸੀ। ਸ਼ਰਧਾਲੂਆਂ ਨੇ ਨਾਮ ਸਿਮਰਨ ਕਰਦਿਆਂ ਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਬੁਲਾ

(ਦੇਖੋ ਸਫ਼ਾ 38 'ਤੇ)



## ਆਪ੍ਰੇਸ਼ਨ ਸਿੰਧੂਰ ਦੌਰਾਨ ਹਿੰਮਤ ਦਿਖਾਉਣ ਵਾਲਾ ਸਰਵਨ ਸਿੰਘ ਰਾਸ਼ਟਰਪਤੀ ਵੱਲੋਂ ਸਨਮਾਨਿਤ



(ਦੇਖੋ ਸਫ਼ਾ 11 'ਤੇ)

## ਸੁਖਬੀਰ ਬਾਦਲ ਦਾ ਕਰੀਬੀ ਚਾਰਟਡ ਅਕਾਊਂਟੈਂਟ ਸਤਿੰਦਰ ਸਿੰਘ ਕੋਹਲੀ ਗ੍ਰਿਫ਼ਤਾਰ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਬੇਹੱਦ ਕਰੀਬੀ ਸਤਿੰਦਰ ਕੋਹਲੀ ਦੀ ਗ੍ਰਿਫ਼ਤਾਰੀ ਦੀ ਖ਼ਬਰ ਨੇ ਪੰਜਾਬ ਦੀ ਸਿਆਸਤ ਨੂੰ ਗਰਮਾ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪ ਚੋਰੀ ਮਾਮਲੇ ਵਿੱਚ ਉਨ੍ਹਾਂ ਦਾ ਨਾਮ ਆਇਆ ਸੀ ਅਤੇ ਇੱਕ ਕੇਸ ਦਰਜ ਕੀਤਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਜਾਂਚ ਏਜੰਸੀਆਂ ਨੇ



ਫਾਈਲ ਫੋਟੋ

(ਦੇਖੋ ਸਫ਼ਾ 39 'ਤੇ)

## ਨਿਊਯਾਰਕ ਦੀ ਸਿੱਖ ਕਲਚਰਲ ਸੁਸਾਇਟੀ ਵਿਖੇ 5ਵਾਂ 'ਯੂਥ ਸਪੀਚ ਮੁਕਾਬਲਾ' ਯਾਦਗਾਰੀ ਹੋ ਨਿਬੜਿਆ

### ਨੰਨ੍ਹੇ ਬੁਲਾਰਿਆਂ ਨੇ 'ਹਿੰਦ ਦੀ ਚਾਦਰ' ਅਤੇ 'ਸਾਹਿਬਜ਼ਾਦਿਆਂ' ਦੀ ਸ਼ਹਾਦਤ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਕੀਤਾ ਭਾਵੁਕ



(ਦੇਖੋ ਸਫ਼ਾ 34-37 'ਤੇ)


RESIDENTIAL, COMMERCIAL AND SOLAR FARMS
with Singhsloar High performance Bifacial Smart Panels
ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ
ਸਿਰਫ਼ ਇਕ ਕਾਲ - ਵੱਡੀ ਬੱਚਤ
510-706-1300
singhsolarusa@gmail.com

Bhatia & Co, Inc
Certified Public Accountants
AICPA
Our Services :
- Business Tax (C crop/S corp/LLC etc)
- Individual Tax
- Estate Tax
- Internation Tax (FBAR/FATCA/5471/5472 etc)
- Non-Profit entities (Formation,IRS,FTB&DOJ approval)
- Accounting & Payroll
- Sales & Other Taxes
- Financial Audit & Review
- Tax Audit & Representation (IRS/FTB/BOE etc)
- Collection, Lien & Back Taxes
- Offer in Compromise

Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ



Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker



CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com



- ਪੋਲੀਟੀਕਲ ਅਸਾਈਲਮ - Political Asylum
- Deportation of Defense - BIA Appeal
- 9 Circuit Court - Federal Court
- ਗਰੀਨਕਾਰਡ - ਸਿਟੀਜਨਸ਼ਿਪ
- Green Card - Citizenship
- ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
- Divorce - Civil and Criminal Cases
- Family Petition Immigration
- Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਸ਼ਿਕਾਗੋ ਦੀ ਪੰਜਾਬੀ ਸੱਭਿਆਚਾਰਕ ਸੁਸਾਇਟੀ ਵਲੋਂ 2026 ਲਈ ਕਾਰਜਕਾਰੀ ਬੋਰਡ ਦਾ ਐਲਾਨ



ਸਾਨ ਫਰਾਂਸਿਸਕੋ : ਸ਼ਿਕਾਗੋਲੈਂਡ ਖੇਤਰ ਵਿਚ ਪੰਜਾਬੀ ਸੱਭਿਆਚਾਰ, ਭਾਸ਼ਾ, ਸਿੱਖਿਆ, ਖੇਡਾਂ ਅਤੇ ਪ੍ਰਦਰਸ਼ਨ ਕਲਾਵਾਂ ਦੀ ਤਰੱਕੀ ਲਈ ਸਮਰਪਿਤ ਪ੍ਰਸਿੱਧ ਗੈਰ-ਮੁਨਾਫ਼ਾ ਸੰਸਥਾ, ਪੰਜਾਬੀ ਸੱਭਿਆਚਾਰਕ ਸੁਸਾਇਟੀ ਆਫ਼ ਸ਼ਿਕਾਗੋ (ਪੀ.ਸੀ.ਐਸ.) ਨੇ 2026 ਲਈ ਆਪਣੇ ਕਾਰਜਕਾਰੀ ਬੋਰਡ ਦੇ ਗਠਨ ਦਾ ਐਲਾਨ ਕੀਤਾ ਹੈ। ਡਾ. ਪ੍ਰਿਮਲ ਕੌਰ ਨੂੰ ਸੁਸਾਇਟੀ ਦੀ ਚੇਅਰਪਰਸਨ ਚੁਣਿਆ ਗਿਆ ਹੈ ਜੋ ਐਮ.ਡੀ., ਐਮ.ਬੀ.ਏ., ਇੱਕ ਪ੍ਰਸਿੱਧ ਬਾਇਓਟੈਕ ਅਤੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ, ਗਲੋਬਲ ਡਿਵੈਲਪਮੈਂਟ ਆਫ਼ ਇਮਯੂਨੋਲੋਜੀ, ਨਿਊਰੋਸਾਇੰਸ, ਆਈ ਕੇਅਰ ਐਂਡ ਸਪੈਸ਼ਲਿਟੀ ਵਜੋਂ ਸੇਵਾ ਨਿਭਾ ਰਹੀ ਹੈ। ਪ੍ਰਧਾਨ ਵਜੋਂ ਪੀ.ਸੀ.ਐਸ. ਬੋਰਡ ਦੇ ਕਾਰਜਾਂ ਦੀ ਅਗਵਾਈ ਬਿਕਰਮ ਸਿੰਘ ਸੋਹੀ ਕਰ ਰਹੇ ਹਨ, ਜੋ ਇੱਕ ਤਜ਼ਰਬੇਕਾਰ ਯੋਗਦਾਨ ਪਾਉਣ ਵਾਲੇ ਅਤੇ ਪੀ.ਸੀ.ਐਸ. ਦੇ ਵਚਨਬੱਧ ਮੈਂਬਰ ਹਨ ਜੋ ਇਸ ਭੂਮਿਕਾ ਲਈ ਵਿਆਪਕ ਲੀਡਰਸ਼ਿਪ ਅਨੁਭਵ ਅਤੇ ਇੱਕ ਮਜ਼ਬੂਤ ਸੱਭਿਆਚਾਰਕ ਦ੍ਰਿਸ਼ਟੀਕੋਣ ਲਿਆਉਂਦੇ ਹਨ। ਸ਼੍ਰੀ ਸੋਹੀ ਪਹਿਲਾਂ ਵਾਈਸ ਪ੍ਰੈਜ਼ੀਡੈਂਟ ਸਮੇਤ ਕਈ ਪੀ.ਸੀ.ਐਸ. ਬੋਰਡ ਅਹੁਦਿਆਂ 'ਤੇ ਸੇਵਾ ਨਿਭਾਅ ਚੁੱਕੇ ਹਨ। ਪੀ.ਸੀ.ਐਸ. ਦੇ ਕਾਰਜਕਾਰੀ ਬੋਰਡ ਵਿਚ ਗੁਰਲਾਲ ਸਿੰਘ ਭੱਠਲ ਉਪ-ਪ੍ਰਧਾਨ, ਕਾਰਜਕਾਰੀ ਸਕੱਤਰ ਗੁਰਪ੍ਰੀਤ ਸਿੰਘ ਸਿੱਧੂ, ਵਿੱਤ ਨਿਰਦੇਸ਼ਕ ਜਿਗਰਦੀਪ ਸਿੰਘ ਢਿੱਲੋਂ, ਡਾਇਰੈਕਟਰ ਪਰਮਜੋਤ ਸਿੰਘ ਪਰਮਾਰ, ਆਈ.ਟੀ. ਨਿਰਦੇਸ਼ਕ ਅਮਿਤਪਾਲ ਸਿੰਘ ਗਿੱਲ, ਯੂਥ ਨਿਰਦੇਸ਼ਕ ਤੇਜਵੀਰ ਸਿੰਘ ਸੂਦਨ, ਮਹਿਲਾ ਸਸ਼ਕਤੀਕਰਨ ਨਿਰਦੇਸ਼ਕ ਪਰਮਵੀਰ ਕੌਰ, ਕੇਵਨਦੀਪ ਸਿੰਘ ਅਟਵਾਲ ਤੇ ਸਾਬਕਾ ਪ੍ਰਧਾਨ ਨਵਤੇਜ ਸਿੰਘ ਸੋਹੀ ਨੂੰ ਸ਼ਾਮਿਲ ਕੀਤਾ ਗਿਆ ਹੈ। ਪੀ.ਸੀ.ਐਸ. ਬੋਰਡ ਆਫ਼ ਗਵਰਨਰਜ਼ ਦੇ ਮੈਂਬਰ ਰਜਿੰਦਰ ਸਿੰਘ ਮਾਗੋ ਨੇ ਅਜੀਤ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੀ.ਸੀ.ਐਸ. ਸਾਲ ਭਰ ਦੇ ਪ੍ਰੋਗਰਾਮਾਂ ਰਾਹੀਂ ਪੰਜਾਬੀ ਵਿਰਾਸਤ ਦਾ ਜਸ਼ਨ ਮਨਾਉਣ ਲਈ ਆਪਣੀ ਵਚਨਬੱਧਤਾ ਜਾਰੀ ਰੱਖੇਗਾ।

# ਕੈਨੇਡਾ 'ਚ ਸਿੱਖ ਨੌਜਵਾਨ ਨੂੰ ਮਿਲਿਆ 'ਐਗਜ਼ਮਪਲਰੀ ਸਰਵਿਸ ਐਵਾਰਡ'



ਐਬਟਸਫੋਰਡ : ਕੈਨੇਡਾ ਸਰਕਾਰ ਦੇ ਜਨਤਕ ਸੁਰੱਖਿਆ ਮੰਤਰਾਲੇ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਕਰੇਨਬਰੁਕ ਨਿਵਾਸੀ ਪੰਜਾਬੀ ਨੌਜਵਾਨ 25 ਸਾਲਾ ਸਿਮਰਨ ਸਿੰਘ ਨੂੰ 'ਐਮਰਜੈਂਸੀ ਮੈਨੇਜਮੈਂਟ ਐਗਜਮਪਲਰੀ ਸਰਵਿਸ ਐਵਾਰਡ 2025' ਨਾਲ ਸਨਮਾਨਿਤ ਕੀਤਾ ਹੈ। ਪਬਲਿਕ ਸੇਫ਼ਟੀ ਮੰਤਰਾਲੇ ਵਲੋਂ ਇਹ ਵੱਕਾਰੀ ਸਨਮਾਨ ਉਨ੍ਹਾਂ ਸ਼ਖ਼ਸੀਅਤਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਕੁਦਰਤੀ ਆਫ਼ਤਾਂ ਮੌਕੇ ਵਲੰਟੀਅਰ ਦੇ ਤੌਰ 'ਤੇ ਐਮਰਜੈਂਸੀ ਸੇਵਾਵਾਂ ਵਿਚ ਅਹਿਮ ਯੋਗਦਾਨ ਪਾਇਆ ਹੋਵੇ। ਸਿਮਰਨ ਸਿੰਘ ਨੂੰ ਇਹ ਸਨਮਾਨ ਐਬਟਸਫੋਰਡ ਵਿਖੇ ਆਏ ਹੜ੍ਹ ਦੌਰਾਨ ਕੀਤੀਆਂ ਸ਼ਾਨਦਾਰ ਐਮਰਜੈਂਸੀ ਸੇਵਾਵਾਂ ਬਦਲੇ ਦਿੱਤਾ ਗਿਆ ਹੈ। ਐਬਟਸਫੋਰਡ ਦੀ 'ਯੂਨੀਵਰਸਿਟੀ ਆਫ਼ ਫਰੇਜ਼ਰ ਵੈਲੀ' ਦਾ ਵਿਦਿਆਰਥੀ ਰਿਹਾ ਸਿਮਰਨ ਸਿੰਘ 7 ਸਾਲ ਪਹਿਲਾਂ ਸਟੂਡੈਂਟ ਵੀਜ਼ੇ 'ਤੇ ਕੈਨੇਡਾ ਆਇਆ ਸੀ ਤੇ ਉਸ ਨੇ ਜਸਟਿਸ ਇੰਸਟੀਚਿਊਟ ਆਫ਼ ਬ੍ਰਿਟਿਸ਼ ਕੋਲੰਬੀਆ ਤੋਂ ਐਮਰਜੈਂਸੀ ਸਪੋਰਟ ਸਰਵਿਸਿਜ਼ ਡਾਇਰੈਕਟਰ ਅਤੇ ਬੇਸਿਕ ਸਕਿਉਰਟੀ ਟਰੇਨਿੰਗ ਕੀਤੀ ਹੋਈ ਹੈ। ਸਿਮਰਨ ਸਿੰਘ ਈਸਟ ਕੂਟਨੀ ਰੀਜ਼ਨਲ ਡਿਸਟ੍ਰਿਕ ਵਿਖੇ ਐਮਰਜੈਂਸੀ ਪ੍ਰੋਗਰਾਮ ਕੋਆਰਡੀਨੇਟਰ ਵਜੋਂ ਸੇਵਾਵਾਂ ਨਿਭਾਅ ਰਿਹਾ ਹੈ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਓਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜ਼ਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com



Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences



ਲੋਹੇ ਦੀਆਂ ਚਾਦਰਾਂ ਦੀਆਂ ਚੁਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS



## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੇਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੇਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਅਮਰੀਕਾ 'ਚ ਬਰਫੀਲੇ ਤੂਫਾਨ ਕਾਰਨ ਜਨਜੀਵਨ ਪ੍ਰਭਾਵਿਤ, 9000 ਤੋਂ ਵੱਧ ਫਲਾਈਟਾਂ ਰੱਦ





ਨਿਊਯਾਰਕ : ਅਮਰੀਕਾ 'ਚ ਬਰਫੀਲੇ ਤੂਫਾਨ ਕਾਰਨ 9 ਹਜ਼ਾਰ ਤੋਂ ਵੱਧ ਉਡਾਣਾਂ ਪ੍ਰਭਾਵਿਤ ਹੋਈਆਂ ਹਨ। ਇਸ ਨਾਲ ਕ੍ਰਿਸਮਸ ਦੀਆਂ ਛੁੱਟੀਆਂ 'ਤੇ ਜਾ ਰਹੇ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਨਿਊਯਾਰਕ ਅਤੇ ਨਿਊਜਰਸੀ ਸਮੇਤ ਕਈ ਸੂਬਿਆਂ 'ਚ ਹਵਾਈ ਅੱਡਿਆਂ 'ਤੇ ਪੁੱਜੇ ਲੋਕਾਂ ਨੂੰ ਅਧਿਕਾਰੀਆਂ ਨੇ ਕਿਹਾ ਕਿ ਜਾਂ ਤਾਂ ਉਹ ਘਰਾਂ 'ਚ ਰਹਿਣ ਜਾਂ ਫਿਰ ਸੜਕੀ ਮਾਰਗ ਰਾਹੀਂ ਜਾਣ, ਜੋ ਨਵੇਂ ਸਾਲ ਦੇ ਮੌਕੇ 'ਤੇ ਸਭ ਤੋਂ ਬਿਜ਼ੀ ਮਾਰਗ ਹੁੰਦੇ ਹਨ।





ਫਲਾਈਟ ਅਵੇਅਰ ਸਾਈਟ ਅਨੁਸਾਰ ਸ਼ਨੀਵਾਰ ਸ਼ਾਮ ਤੱਕ ਅਮਰੀਕਾ 'ਚ 9000 ਤੋਂ ਵੱਧ ਘਰੇਲੂ ਉਡਾਣਾਂ ਰੱਦ ਕਰ ਦਿੱਤੀ ਗਈਆਂ ਜਾਂ ਕਾਫ਼ੀ ਦੇਰ ਨਾਲ ਗਈਆਂ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਹਵਾਈ ਅੱਡਿਆਂ 'ਚ ਨਿਊਯਾਰਕ ਮਹਾਨਗਰ ਦੇ ਨੇੜੇ ਦੇ ਜਾਨ.ਐੱਫ. ਕੈਨੇਡੀ ਇੰਟਰਨੈਸ਼ਨਲ ਏਅਰਪੋਰਟ, ਲਾ ਗਾਰਡੀਆ ਅਤੇ ਨੇਵਾਰਕ ਲਿਬਰਟੀ ਏਅਰਪੋਰਟ ਸ਼ਾਮਲ ਹਨ।

ਬਰਫੀਲੇ ਤੂਫਾਨ ਦੀ ਚਿਤਾਵਨੀ ਦੇ ਨਾਲ ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਨਿਊਯਾਰਕ ਸਿਟੀ, ਨਿਊਜਰਸੀ ਅਤੇ ਉੱਤਰੀ-ਪੂਰਬੀ ਅਮਰੀਕਾ ਦੇ ਵੱਡੇ ਹਿੱਸੇ ਲਈ ਅਲਰਟ ਜਾਰੀ ਕੀਤਾ ਸੀ। ਨਾਲ ਹੀ ਇਹ ਵੀ ਚਿਤਾਵਨੀ ਦਿੱਤੀ ਗਈ ਕਿ ਸੜਕਾਂ 'ਤੇ ਬਰਫ ਅਤੇ ਫਿਸਲਣ ਦੇ ਨਾਲ ਘੱਟ ਵਿਜੀਬਿਲਟੀ ਕਾਰਨ ਜੋਖਮ ਰਹੇਗਾ, ਇਸ ਲਈ ਲੰਬੀ ਦੂਰੀ ਦੀ ਯਾਤਰਾ ਤੋਂ ਬਚੋ।

ਨਿਊਯਾਰਕ 'ਚ ਹੋਈ 4.3 ਇੰਚ ਬਰਫਬਾਰੀ

ਨਿਊਯਾਰਕ ਸਿਟੀ 'ਚ ਪਿਛਲੇ ਕਈ ਸਾਲਾਂ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਬਰਫਬਾਰੀ ਰਿਕਾਰਡ ਕੀਤੀ ਗਈ। ਸ਼ਨੀਵਾਰ ਸਵੇਰੇ ਤੱਕ ਸੈਂਟਰਲ ਪਾਰਕ 'ਚ 4.3 ਇੰਚ ਬਰਫਬਾਰੀ ਦਰਜ ਕੀਤੀ ਗਈ। ਜਨਵਰੀ 2022 ਤੋਂ ਬਾਅਦ ਪਹਿਲੀ ਵਾਰ ਸ਼ਹਿਰ 'ਚ 4 ਇੰਚ ਤੋਂ ਵੱਧ ਬਰਫ ਡਿੱਗੀ ਹੈ।

# ਗਰੀਨ ਕਾਰਡ ਧਾਰਕਾਂ 'ਤੇ ਨਵੀਆਂ ਯਾਤਰਾ ਪਾਬੰਦੀਆਂ ਲਾਗੂ

ਵਾਸ਼ਿੰਗਟਨ ਡੀ.ਸੀ. : ਅਮਰੀਕੀ ਦੇ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਅੰਤਰਰਾਸ਼ਟਰੀ ਯਾਤਰਾ ਲਈ ਨਵੀਆਂ ਪਾਬੰਦੀਆਂ ਲਾਗੂ ਕੀਤੀਆਂ ਗਈਆਂ ਹਨ। ਹਵਾਈ ਅੱਡਿਆਂ 'ਤੇ ਡੀ.ਐੱਨ.ਏ. ਕਾਨੂੰਨ ਲਾਗੂ ਹੋ ਚੁੱਕਾ ਹੈ, ਜੋ ਕਿ ਤੁਹਾਡੀ ਯਾਤਰਾ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਯਾਤਰੀਆਂ ਨੂੰ ਹੁਣ ਵਿਸ਼ੇਸ਼ ਬਾਇਓਮੈਟ੍ਰਿਕ ਡਾਟਾ ਜਮ੍ਹਾਂ ਕਰਵਾਉਣ ਦੀ ਜ਼ਰੂਰਤ ਹੋਵੇਗੀ। ਇਕੱਤਰ ਕੀਤਾ ਡਾਟਾ ਅਗਲੇ 75 ਸਾਲਾਂ ਲਈ ਸਟੋਰ ਰਹੇਗਾ। ਯਾਤਰੀਆਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਕਾਗਜ਼ਾਤ ਪਹਿਲਾਂ ਹੀ ਅੱਪ-ਟੂ-ਡੇਟ ਰੱਖਣ।




ਰਾਸ਼ਟਰਪਤੀ ਡੋਨਾਲਡ ਟਰੰਪ ਅਮਰੀਕਾ 'ਚ ਗਰੀਨ ਕਾਰਡ ਹੋਲਡਰਾਂ ਅਤੇ ਹੋਰ ਅੰਤਰਰਾਸ਼ਟਰੀ ਯਾਤਰੀਆਂ ਨੂੰ ਪਰਖਣ ਲਈ ਏਅਰਪੋਰਟ ਅਤੇ ਬਾਰਡਰਾਂ 'ਤੇ ਉੱਚ ਟੈਕਨਾਲੋਜੀ ਦੀ ਵਰਤੋਂ ਕਰਕੇ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਸਰਹੱਦੀ ਪ੍ਰਬੰਧ ਨੂੰ ਆਧੁਨਿਕ ਬਣਾਉਣਾ ਚਾਹੁੰਦੇ ਹਨ। ਜਿਸ ਦੇ ਲਈ ਹੁਣ ਗਰੀਨ ਕਾਰਡ ਸਮੇਤ ਸਾਰੇ ਗੈਰ ਅਮਰੀਕੀ ਨਾਗਰਿਕਾਂ ਦੇ ਹੁਣ ਹਵਾਈ ਅੱਡਿਆਂ, ਲੈਂਡ ਕ੍ਰਾਸਿੰਗਾਂ ਅਤੇ ਸਮੁੰਦਰੀ ਬੰਦਰਗਾਹਾਂ ਦੇ ਹਰੇਕ ਐਂਟਰੀ ਅਤੇ ਐਗਜ਼ਿਟ ਪੁਆਇੰਟ 'ਤੇ ਯੂ.ਐੱਸ. ਬਾਰਡਰ ਪ੍ਰੋਟੈਕਸ਼ਨ ਅਧਿਕਾਰੀਆਂ ਦੁਆਰਾ ਬਾਇਓਮੈਟ੍ਰਿਕ ਲਏ ਜਾਣਗੇ। ਹੁਣ ਇਸ ਨੀਤੀ ਵਿਚ ਉਮਰ ਦੀ ਕੋਈ ਛੋਟ ਨਹੀਂ ਦਿੱਤੀ ਜਾਵੇਗੀ। ਹਰ ਉਮਰ ਦੇ ਨਾਗਰਿਕ ਚਾਹੇ ਉਹ ਬੱਚਾ ਹੈ ਜਾਂ ਉਹ ਬਾਲਗ ਹੈ, ਉਨ੍ਹਾਂ ਦੇ ਬਾਇਓਮੈਟ੍ਰਿਕ ਲਏ ਜਾਣਗੇ।

ਇਹ ਪ੍ਰਕਿਰਿਆ ਦੇਸ਼ ਵਿਚ ਦਾਖਲ ਹੋਣ ਜਾਂ ਛੱਡਣ ਵੇਲੇ ਹਰ ਅਮਰੀਕੀ ਸਰਹੱਦੀ ਕ੍ਰਾਸਿੰਗ 'ਤੇ ਹੋਵੇਗੀ।

ਇਸ ਦੇ ਨਾਲ-ਨਾਲ ਅਮਰੀਕੀ ਸਰਕਾਰ ਵੱਲੋਂ 19 ਫਲੈਗ ਕੀਤੇ ਦੇਸ਼ਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਹਾਲ ਦੀ ਘੜੀ ਯਾਤਰਾ ਨਾ ਕਰਨ ਅਤੇ ਸਥਿਤੀ ਦੇ ਫੈਸਲਿਆਂ ਦੀ ਉਡੀਕ ਕਰਨ।

29 ਦਿਨਾਂ ਤੋਂ ਵੱਧ ਸਮੇਂ ਲਈ ਅਮਰੀਕਾ ਵਿਚ ਰਹਿਣ ਦੀ ਯੋਜਨਾ ਬਣਾ ਰਹੇ ਸੈਲਾਨੀਆਂ ਨੂੰ ਹੁਣ 30 ਡਾਲਰ ਫੀਸ ਦਾ ਭੁਗਤਾਨ ਕਰਨਾ ਪਵੇਗਾ, ਜਿਹੜੇ ਲੋਕ ਫੀਸ ਦਾ ਭੁਗਤਾਨ ਕਰਨ ਅਤੇ ਫਿੰਗਰਪ੍ਰਿੰਟ ਤੋਂ ਇਨਕਾਰ ਕਰਨਗੇ, ਉਨ੍ਹਾਂ ਨੂੰ 5 ਹਜ਼ਾਰ ਡਾਲਰ ਤੱਕ ਦਾ ਜੁਰਮਾਨਾ ਲਾਇਆ ਜਾ ਸਕਦਾ ਹੈ। ਅਜਿਹੇ ਯਾਤਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਵਾਧੂ ਸਮਾਂ ਲੈ ਕੇ ਪਹਿਲਾਂ ਏਅਰਪੋਰਟ ਪਹੁੰਚਣ, ਤਾਂਕਿ ਕੋਈ ਦੇਰੀ ਦੀ ਸੰਭਾਵਨਾ ਨਾ ਹੋਵੇ।

# ਟਰੰਪ ਵੱਲੋਂ ਸ਼ਰਨ ਨਿਯਮਾਂ ਨੂੰ ਸਖ਼ਤ ਕਰਨ ਦੀ ਤਿਆਰੀ

ਵਾਸ਼ਿੰਗਟਨ ਡੀ.ਸੀ. : ਅਮਰੀਕੀ ਮੀਡੀਆ ਰਿਪੋਰਟਾਂ ਅਨੁਸਾਰ, ਟਰੰਪ ਪ੍ਰਸ਼ਾਸਨ ਸ਼ਰਣ ਨਾਲ ਸਬੰਧਤ ਨਿਯਮਾਂ ਨੂੰ ਹੋਰ ਸਖ਼ਤ ਕਰਨ ਦੀ ਤਿਆਰੀ ਕਰ ਰਿਹਾ ਹੈ। ਸਰਕਾਰ ਦਾ ਕਹਿਣਾ ਹੈ ਕਿ ਸ਼ਰਣ ਪ੍ਰਣਾਲੀ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ ਅਤੇ ਇਸਨੂੰ ਕਾਨੂੰਨੀ ਚੋਰ ਮੋਰੀ"ਵਜੋਂ ਵਰਤਿਆ ਜਾ ਰਿਹਾ ਹੈ। ਇਸ ਕਾਰਨ ਕਰਕੇ, ਪ੍ਰਸ਼ਾਸਨ ਉਨ੍ਹਾਂ ਮਾਮਲਿਆਂ ਨੂੰ ਬੰਦ ਕਰਨਾ ਚਾਹੁੰਦਾ ਹੈ, ਜਿਨ੍ਹਾਂ ਵਿਚ ਪੂਰੀ ਸੁਣਵਾਈ ਤੋਂ ਬਿਨਾਂ ਫੈਸਲੇ ਲਏ ਜਾ ਸਕਦੇ ਹਨ।



ਹਾਲ ਹੀ ਦੇ ਸਾਲਾਂ ਵਿਚ ਅਮਰੀਕਾ ਵਿਚ ਸ਼ਰਨ ਮੰਗਣ ਵਾਲੇ ਲੋਕਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਵਿੱਤੀ ਸਾਲ 2024 ਵਿਚ ਇਮੀਗ੍ਰੇਸ਼ਨ ਅਦਾਲਤਾਂ ਵਿਚ ਲਗਭਗ 900,000 ਸ਼ਰਣ ਅਰਜ਼ੀਆਂ ਲੰਬਿਤ ਸਨ, ਜਦੋਂਕਿ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ, ਇਹ ਗਿਣਤੀ ਸਾਲਾਨਾ ਲਗਭਗ 200,000 ਸੀ। ਸਰਕਾਰ ਦਾ ਮੰਨਣਾ ਹੈ ਕਿ ਇਸ ਵਧੇ ਹੋਏ ਬੋਝ ਨੇ ਇਮੀਗ੍ਰੇਸ਼ਨ ਪ੍ਰਣਾਲੀ 'ਤੇ ਗੰਭੀਰ ਦਬਾਅ ਪਾਇਆ ਹੈ।

ਨਵੀਂ ਨੀਤੀ ਦੇ ਤਹਿਤ, ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਇਮੀਗ੍ਰੇਸ਼ਨ ਜੱਜਾਂ ਨੂੰ ਬਿਨਾਂ ਸੁਣਵਾਈ ਦੇ ਬਹੁਤ ਸਾਰੇ ਸ਼ਰਣ ਮਾਮਲਿਆਂ ਨੂੰ ਖਾਰਜ ਕਰਨ ਅਤੇ ਬਿਨੈਕਾਰਾਂ ਨੂੰ ਤੀਜੇ ਦੇਸ਼ ਭੇਜਣ ਲਈ ਕਹਿ ਰਿਹਾ ਹੈ। ਇਨ੍ਹਾਂ ਤੀਜੇ ਦੇਸ਼ਾਂ ਵਿਚ ਯੂਗਾਂਡਾ, ਹੋਂਡੂਰਸ ਅਤੇ ਇਕਵਾਡੋਰ ਵਰਗੇ ਦੇਸ਼ ਸ਼ਾਮਲ ਹਨ, ਜਿੱਥੇ ਸ਼ਰਨਾਰਥੀ ਸੁਰੱਖਿਆ ਦੀ ਮੰਗ ਕਰ ਸਕਦੇ ਹਨ, ਭਾਵੇਂ ਉਨ੍ਹਾਂ ਦਾ ਉੱਥੇ ਪਹਿਲਾਂ ਕੋਈ ਸਬੰਧ ਨਾ ਹੋਵੇ।

ਅਮਰੀਕੀ ਸਰਕਾਰ ਦਾ ਤਰਕ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਕਿਸੇ ਹੋਰ ਸੁਰੱਖਿਅਤ ਦੇਸ਼ ਭੇਜਿਆ ਜਾ ਸਕਦਾ ਹੈ, ਤਾਂ ਉਸਨੂੰ ਅਮਰੀਕਾ ਵਿਚ ਰਹਿਣ ਦੀ ਲੋੜ ਨਹੀਂ ਹੈ। ਇੱਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਨੇ ਕਿਹਾ ਕਿ ਸ਼ਰਣ ਦਾ ਉਦੇਸ਼ ਲੋਕਾਂ ਨੂੰ ਆਪਣੀ ਪਸੰਦ ਦੇ ਦੇਸ਼ ਜਾਣ ਦਾ ਮੌਕਾ ਦੇਣਾ ਨਹੀਂ ਹੈ, ਸਗੋਂ ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਹੈ।

ਹਾਲਾਂਕਿ, ਇਮੀਗ੍ਰੇਸ਼ਨ ਵਕੀਲਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਨੀਤੀ ਦੀ ਆਲੋਚਨਾ ਕੀਤੀ ਹੈ। ਉਸਦਾ ਕਹਿਣਾ ਹੈ ਕਿ ਇਸ ਨਾਲ ਅਮਰੀਕਾ ਦੀ ਮਾਨਵਤਾਵਾਦੀ ਸ਼ਰਣ ਪ੍ਰਣਾਲੀ ਕਮਜ਼ੋਰ ਹੋ ਜਾਵੇਗੀ ਅਤੇ ਲੋੜਵੰਦ ਲੋਕ ਨਿਆਂ ਨਹੀਂ ਪ੍ਰਾਪਤ ਕਰ ਸਕਣਗੇ। ਇਸ ਦੇ ਨਾਲ ਹੀ ਸਰਕਾਰ ਦਾ ਕਹਿਣਾ ਹੈ ਕਿ ਜੇਕਰ ਕਿਸੇ ਨੂੰ ਕਾਨੂੰਨ 'ਤੇ ਕੋਈ ਇਤਰਾਜ਼ ਹੈ, ਤਾਂ ਇਸਨੂੰ ਕਾਂਗਰਸ ਵਿਚ ਉਠਾਇਆ ਜਾਣਾ ਚਾਹੀਦਾ ਹੈ।

ਇਹ ਨੀਤੀ ਭਾਰਤ ਤੋਂ ਆਏ ਕੁਝ ਸ਼ਰਨਾਰਥੀਆਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ, ਖਾਸ ਕਰਕੇ ਉਹ ਜਿਹੜੇ ਰਾਜਨੀਤਿਕ ਅੱਤਿਆਚਾਰ ਦਾ ਦਾਅਵਾ ਕਰਦੇ ਹਨ। ਭਾਰਤੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਕੋਈ ਸਰਕਾਰੀ ਪ੍ਰਯੋਜਿਤ ਦਮਨ ਨਹੀਂ ਹੈ ਅਤੇ ਕੁਝ ਲੋਕ ਝੂਠੇ ਦਾਅਵਿਆਂ ਤਹਿਤ ਵਿਦੇਸ਼ਾਂ ਵਿਚ ਸ਼ਰਨ ਲੈਣ ਦੀ ਕੋਸ਼ਿਸ਼ ਕਰ ਰਹੇ ਹਨ।

ਕੁੱਲ ਮਿਲਾ ਕੇ, ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨੂੰ ਗੈਰ-ਕਾਨੂੰਨੀ ਜਾਂ ਝੂਠੇ ਸ਼ਰਣ ਦੇ ਦਾਅਵਿਆਂ ਨੂੰ ਰੋਕਣ ਅਤੇ ਦੇਸ਼ ਨਿਕਾਲੇ ਨੂੰ ਤੇਜ਼ ਕਰਨ ਵੱਲ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਸਰਕਾਰ ਦਾ ਅੰਦਾਜ਼ਾ ਹੈ ਕਿ ਪਹਿਲੇ ਸਾਲ ਵਿਚ ਹੀ ਲਗਭਗ 6 ਲੱਖ ਲੋਕਾਂ ਨੂੰ ਦੇਸ਼ ਤੋਂ ਬਾਹਰ ਭੇਜਿਆ ਜਾ ਸਕਦਾ ਹੈ।

# ਵਾਈਟ ਹਾਊਸ ਪ੍ਰੈਸ ਸਕੱਤਰ ਲੀਵਿਟ ਧੀ ਨੂੰ ਦੇਵੇਗੀ ਜਨਮ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਵਾਈਟ ਹਾਊਸ ਦੀ ਪ੍ਰੈਸ ਸਕੱਤਰ ਕਾਰੋਲਿਨ ਲੀਵਿਟ ਗਰਭਵਤੀ ਹੈ ਤੇ ਉਹ ਇੱਕ ਧੀ ਨੂੰ ਜਨਮ ਦੇਵੇਗੀ। ਇਹ ਖਬਰ ਖੁਦ ਲੀਵਿਟ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕਰਦਿਆਂ ਕਿਹਾ ਹੈ ਕਿ ਇਹ ਸਾਡੇ ਲਈ ਅਣਮੁੱਲਾ ਮਹਾਨ ਕ੍ਰਿਸਮਿਸ ਤੋਹਫ਼ਾ ਹੈ। ਲੀਵਿਟ ਨੇ ਲਿਖਿਆ ਹੈ ਕਿ ' ਮੇਰਾ ਪਤੀ ਤੇ ਮੈ ਸਾਡੇ ਪਰਿਵਾਰ ਦੇ ਵੱਡਾ ਹੋਣ ਪ੍ਰਤੀ ਉਤਸ਼ਾਹਤ ਹਾਂ ਤੇ ਸਾਡੇ ਪੁੱਤਰ ਦੇ ਵੱਡਾ ਭਰਾ ਬਣਨ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਾਂ।' ਲੀਵਿਟ ਨੇ ਲਿਖਿਆ ਹੈ ਕਿ ਧੀ ਦੇ ਅਗਲੇ ਸਾਲ ਮਈ ਵਿੱਚ ਪੈਦਾ ਹੋਣ ਦੀ ਆਸ ਹੈ। ਇਥੇ ਜਿਕਰਯੋਗ ਹੈ ਕਿ ਅਮਰੀਕਾ ਤੇ ਕੈਨੇਡਾ ਵਰਗੇ ਮੁਲਕਾਂ ਵਿੱਚ ਜੋੜੇ ਨੂੰ ਪੈਦਾ ਹੋਣ ਵਾਲੇ ਲਿੰਗ ਬਾਰੇ ਪਹਿਲਾਂ ਹੀ ਦਸ ਦਿੱਤਾ ਜਾਂਦਾ ਹੈ। 28 ਸਾਲਾ ਲੀਵਿਟ ਵਾਈਟ ਹਾਊਸ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਭ ਤੋਂ ਛੋਟੀ ਉਮਰ ਦੀ ਸਲਾਹਕਾਰ ਹੈ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਅਮਰੀਕਾ ਵਿੱਚ ਵਰਕ ਵੀਜ਼ਾ ਚੋਣ ਪ੍ਰਕ੍ਰਿਆ 'ਚ ਵੱਡੀ ਪੱਧਰ 'ਤੇ ਤਬਦੀਲੀਆਂ, ਪੁਰਾਣੀ ਪ੍ਰਣਾਲੀ ਖਤਮ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਟਰੰਪ ਪ੍ਰਸ਼ਾਸਨ ਨੇ ਐਚ 1 ਬੀ ਵਰਕ ਵੀਜ਼ਾ ਚੋਣ ਪ੍ਰਕ੍ਰਿਆ ਵਿੱਚ ਵੱਡੀ ਪੱਧਰ 'ਤੇ ਤਬਦੀਲੀਆਂ ਕਰਨ ਦਾ ਐਲਾਨ ਕੀਤਾ ਹੈ ਜਿਸ ਤਹਿਤ ਪੁਰਾਣੀ ਲਾਟਰੀ ਪ੍ਰਣਾਲੀ ਖਤਮ ਕਰ ਦਿੱਤੀ ਗਈ ਹੈ। ਹੋਮਲੈਂਡ ਸਕਿਉਰਿਟੀ ਵਿਭਾਗ ਅਨੁਸਾਰ ਇੱਕ ਨਿਗਰ ਪ੍ਰਣਾਲੀ ਲਾਗੂ ਕੀਤੀ ਹੈ ਜਿਸ ਦਾ ਮਕਸਦ ਉੱਚ ਹੁਨਰਮੰਦ ਵਿਦੇਸ਼ੀ ਵਰਕਰਾਂ ਨੂੰ ਤਰਜੀਹ ਦੇਣਾ ਹੈ ਜਿਨਾਂ ਨੂੰ ਉੱਚ ਤਨਖਾਹਾਂ ਦਿੱਤੀਆਂ ਜਾਣਗੀਆਂ। ਵਿਭਾਗ ਨੇ ਕਿਹਾ ਹੈ ਕਿ ਇਸ ਨਾਲ ਅਮਰੀਕੀ ਵਰਕਰਾਂ ਲਈ ਤਨਖਾਹ, ਕੰਮਕਾਜੀ ਹਾਲਾਤ ਤੇ ਨੌਕਰੀ ਦੇ ਅਵਸਰਾਂ ਵਿੱਚ ਸੁਧਾਰ ਹੋਵੇਗਾ ਤੇ ਇਸ ਨਾਲ ਐਚ-1 ਬੀ ਗੈਰ ਇਮੀਗਰਾਂਟ ਵੀਜ਼ਾ ਪ੍ਰੋਗਰਾਮ ਮਜਬੂਤ ਹੋਵੇਗਾ। ਵਿਭਾਗ ਨੇ ਕਿਹਾ ਹੈ ਕਿ ਮੌਜੂਦਾ ਐਚ 1 ਬੀ ਰਜਿਸਟ੍ਰੇਸ਼ਨ ਪ੍ਰਣਾਲੀ ਦੀ ਦੁਰਵਰਤੋਂ ਹੋਈ ਹੈ ਤੇ ਇਸ ਦਾ ਮਾਲਕਾਂ ਨੇ ਨਜਾਇਜ਼ ਫਾਇਦਾ ਉਠਾਇਆ ਹੈ।

# ਸੰਯੁਕਤ ਰਾਸ਼ਟਰ ਦੇ ਮਾਨਵਤਾਵਾਦੀ ਸਹਾਇਤਾ ਪ੍ਰੋਗਰਾਮ ਲਈ 2 ਅਰਬ ਡਾਲਰ ਦੇਵੇਗਾ ਅਮਰੀਕਾ

ਜਿਨੇਵਾ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਸੰਯੁਕਤ ਰਾਸ਼ਟਰ (UN) ਦੇ ਮਾਨਵਤਾਵਾਦੀ ਸਹਾਇਤਾ ਪ੍ਰੋਗਰਾਮਾਂ ਲਈ 2 ਅਰਬ ਡਾਲਰ ਦੇਣ ਦੀ ਘੋਸ਼ਣਾ ਕੀਤੀ ਹੈ। ਇਹ ਐਲਾਨ ਅਜਿਹੇ ਸਮੇਂ ਕੀਤਾ ਗਿਆ ਹੈ ਜਦੋਂ ਅਮਰੀਕੀ ਪ੍ਰਸ਼ਾਸਨ ਲਗਾਤਾਰ ਆਪਣੀ ਵਿਦੇਸ਼ੀ ਸਹਾਇਤਾ ਵਿੱਚ ਕਟੌਤੀ ਕਰ ਰਿਹਾ ਹੈ ਅਤੇ ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਨੂੰ ਨਵੀਆਂ ਆਰਥਿਕ ਸਥਿਤੀਆਂ ਅਨੁਸਾਰ 'ਢਾਲਣ, ਸੀਮਤ ਕਰਨ ਜਾਂ ਖ਼ਤਮ ਹੋਣ' ਦੀ ਚੇਤਾਵਨੀ ਦੇ ਰਿਹਾ ਹੈ।



ਇਹ ਰਕਮ ਪਿਛਲੇ ਅਮਰੀਕੀ ਯੋਗਦਾਨਾਂ ਨਾਲੋਂ ਕਾਫ਼ੀ ਘੱਟ ਹੈ ਪਰ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਇਹ ਓਨੀ ਵੀ ਘੱਟ ਨਹੀਂ ਹੈ ਅਤੇ ਇਹ ਅਮਰੀਕਾ ਨੂੰ ਮਨੁੱਖੀ ਯਤਨਾਂ ਲਈ ਦੁਨੀਆ ਦੇ ਸਭ ਤੋਂ ਵੱਡੇ ਦਾਨੀ ਵਜੋਂ ਆਪਣੀ ਸਥਿਤੀ ਬਣਾਈ ਰੱਖਣ ਦੇ ਯੋਗ ਬਣਾਏਗੀ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਮੁਤਾਬਕ ਮਾਨਵਤਾਵਾਦੀ ਸਹਾਇਤਾ ਦੀ ਸਾਲਾਨਾ ਲੋੜ ਲਗਭਗ 17 ਅਰਬ ਡਾਲਰ ਤੱਕ ਪਹੁੰਚ ਗਈ ਹੈ। ਅਮਰੀਕਾ ਦਾ ਸਵੈਇੱਛਤ ਯੋਗਦਾਨ ਪਹਿਲਾਂ 8 ਤੋਂ 10 ਅਰਬ ਡਾਲਰ ਦੇ ਵਿਚਕਾਰ ਹੁੰਦਾ ਸੀ, ਜਿਸ ਦੇ ਮੁਕਾਬਲੇ ਹੁਣ ਦਿੱਤੀ ਜਾਣ ਵਾਲੀ 2 ਅਰਬ ਡਾਲਰ ਦੀ ਰਾਸ਼ੀ ਇੱਕ ਛੋਟਾ ਹਿੱਸਾ ਮਾਤਰ ਹੈ। ਇਸ ਤੋਂ ਇਲਾਵਾ, ਅਮਰੀਕਾ ਸੰਯੁਕਤ ਰਾਸ਼ਟਰ ਦੀ ਮੈਂਬਰਸ਼ਿਪ ਫੀਸ ਵਜੋਂ ਵੀ ਸਾਲਾਨਾ ਅਰਬਾਂ ਡਾਲਰਾਂ ਦਾ ਭੁਗਤਾਨ ਕਰਦਾ ਹੈ।

# ਮਮਦਾਨੀ ਲਈ ਨਿਊਯਾਰਕ ਦੇ ਮੇਅਰ ਦਾ ਅਹੁਦਾ ਕੰਡਿਆਂ ਦਾ 'ਤਾਜ'

## ਸ਼ਹਿਰ ਦੇ ਕੰਡੇ ਚੁਗਣ ਦੇ ਵਾਅਦੇ ਪੂਰੇ ਕਰਨ ਦੀ ਚੁਣੌਤੀ

ਨਿਊਯਾਰਕ : ਨਿਊਯਾਰਕ ਸਿਟੀ ਦੇ ਮਨੋਨੀਤ ਮੇਅਰ ਜ਼ੋਹਰਾਨ ਮਮਦਾਨੀ (34) ਨੇ ਲੋਕਾਂ ਨਾਲ ਵੱਡੇ ਵਾਅਦੇ ਕੀਤੇ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਵੱਡੀ ਚੁਣੌਤੀ ਹੋਵੇਗੀ। ਲੋਕਾਂ ਦੇ ਨਾਲ-ਨਾਲ ਸਿਆਸੀ ਹਲਕਿਆਂ ਦੀਆਂ ਨਜ਼ਰਾਂ ਵੀ ਉਸ 'ਤੇ ਲੱਗੀਆਂ ਹਨ। ਉਹ ਨਵੇਂ ਵਰ੍ਹੇ ਦੇ ਪਹਿਲੇ ਦਿਨ, ਪਹਿਲੀ ਜਨਵਰੀ ਨੂੰ ਅਹੁਦਾ ਸੰਭਾਲਣਗੇ। ਰਿਪਬਲਿਕਨ ਪਾਰਟੀ ਨੇ ਮਮਦਾਨੀ ਨੂੰ ਉਦਾਰਵਾਦੀਆਂ ਲਈ ਖਲਨਾਇਕ ਵਜੋਂ ਪੇਸ਼ ਕੀਤਾ ਹੈ। ਕੁਝ ਡੈਮੋਕਰੈਟ ਸਾਥੀ ਉਸ ਨੂੰ ਕੱਟੜ ਖੱਬੇ ਪੱਖੀ ਆਗੂ ਮੰਨਦੇ ਹਨ। ਪ੍ਰਗਤੀਵਾਦੀ ਉਸ ਦੇ ਵਿਚਕਾਰਲੇ ਰਾਹ ਬਾਰੇ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਦੇ ਸੰਕੇਤਾਂ 'ਤੇ ਨਜ਼ਰ ਰੱਖ ਰਹੇ ਹਨ। ਡੈਮੋਕਰੈਟਿਕ ਪਾਰਟੀ ਦੇ ਸਿਆਸੀ ਸਲਾਹਕਾਰ ਜੌਰਜ ਆਰਜ਼ਟ ਨੇ ਕਿਹਾ ਕਿ ਮਮਦਾਨੀ ਨੂੰ ਮੇਅਰ ਵਜੋਂ ਕਾਰਜਕਾਲ ਦੇ 100 ਦਿਨਾਂ 'ਚ ਅਜਿਹੇ ਕੰਮ ਕਰ ਕੇ ਦਿਖਾਉਣੇ ਪੈਣਗੇ ਕਿ ਲੋਕ ਆਖਣ ਕਿ ਉਹ ਉਨ੍ਹਾਂ ਦੇ ਮੁੱਦਿਆਂ ਬਾਰੇ ਗੰਭੀਰ ਹੈ। ਮਮਦਾਨੀ ਨੇ ਆਪਣੀ ਪ੍ਰਚਾਰ ਮੁਹਿੰਮ ਦੌਰਾਨ ਆਮ ਲੋਕਾਂ 'ਤੇ ਧਿਆਨ ਕੇਂਦਰਤ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਦਾ ਵਾਅਦਾ ਕੀਤਾ ਸੀ। ਇਨ੍ਹਾਂ ਮੰਗਾਂ 'ਚ ਮੁਫ਼ਤ ਬਾਲ ਸੰਭਾਲ ਤੇ ਬੱਸ ਸੇਵਾ ਅਤੇ ਘਰਾਂ ਦੇ ਕਿਰਾਏ 'ਚ ਵਾਧਾ ਨਾ ਕਰਨਾ ਸ਼ਾਮਲ ਹਨ।

ਰਾਸ਼ਟਰਪਤੀ ਡੋਨਲਡ ਟਰੰਪ ਅਤੇ ਮਮਦਾਨੀ 'ਚ ਫ਼ਿਲਹਾਲ ਤਣਾਅ ਘਟ ਗਿਆ ਹੈ ਪਰ ਭਵਿੱਖ 'ਚ ਸਿਆਸੀ ਮੱਤਭੇਦ ਡੂੰਘੇ ਹੋ ਸਕਦੇ ਹਨ।



ਟਰੰਪ ਨਾਲ ਪਰਵਾਸੀਆਂ ਦੇ ਮੁੱਦੇ 'ਤੇ ਟਕਰਾਅ ਪੈਦਾ ਹੋ ਸਕਦਾ ਹੈ। ਉਹ ਇਮੀਗਰੇਸ਼ਨ ਬਾਰੇ ਟਰੰਪ ਦੀਆਂ ਨੀਤੀਆਂ ਦਾ ਡਟ ਕੇ ਵਿਰੋਧ ਕਰਦਾ ਹੈ। ਉਧਰ ਮਮਦਾਨੀ ਦੇ ਯਹੂਦੀ ਭਾਈਚਾਰੇ ਨਾਲ ਸਬੰਧ ਵੀ ਠੀਕ ਨਹੀਂ ਹਨ ਕਿਉਂਕਿ ਉਸ ਨੇ ਇਜ਼ਰਾਈਲ ਸਰਕਾਰ ਦੀ ਨਿੰਦਾ ਕਰਦਿਆਂ ਫਲਸਤੀਨੀਆਂ ਦੇ ਮਨੁੱਖੀ ਹੱਕਾਂ ਦੀ ਹਮਾਇਤ ਕੀਤੀ ਹੈ।

# ਪੈਨਸਿਲਵਾਨੀਆ ਦੇ ਇੱਕ ਨਰਸਿੰਗ ਹੋਮ 'ਚ ਧਮਾਕੇ ਉਪਰੰਤ ਲੱਗ ਅੱਗ, ਕਈ ਜ਼ਖ਼ਮੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਪੈਨਸਿਲਵਾਨੀਆ ਵਿੱਚ ਫਿਲਾਡੈਲਫੀਆ ਦੇ ਬਾਹਰਵਾਰ ਇੱਕ ਨਰਸਿੰਗ ਹੋਮ ਵਿੱਚ ਜਬਰਦਸਤ ਧਮਾਕਾ ਹੋਣ ਉਪਰੰਤ ਅੱਗ ਲੱਗ ਗਈ। ਇਸ ਘਟਨਾ ਵਿੱਚ ਕਈ ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਧਮਾਕੇ ਉਪਰੰਤ ਹਫੜ ਦਫੜੀ ਮਚ ਗਈ। ਬ੍ਰਿਸਟਲ ਟਾਊਨਸ਼ਿੱਪ ਪੁਲਿਸ ਲੈਫਟੀਨੈਂਟ ਸੀਨ ਗੋਰਗਰੋਵ ਨੇ ਕਿਹਾ ਹੈ ਕਿ ਅਜੇ ਇਹ ਸਾਫ ਨਹੀਂ ਹੈ ਕਿ ਜ਼ਖਮੀਆਂ ਵਿੱਚ ਕੋਈ ਗੰਭੀਰ ਹੈ ਜਾਂ ਨਹੀਂ। ਮੁੱਢਲੀਆਂ ਰਿਪੋਰਟਾਂ ਅਨੁਸਾਰ ਕੁਝ ਲੋਕ ਅੰਦਰ ਫਸੇ ਹੋ ਸਕਦੇ ਹਨ। ਪੈਨਸਿਲਵਾਨੀਆ ਐਮਰਜੈਂਸੀ ਮੈਨਜਮੈਂਟ ਏਜੰਸੀ ਦੇ ਬੁਲਾਰੇ ਰੂਥ ਮਿਲਰ ਨੇ ਕਿਹਾ ਹੈ ਕਿ ਧਮਾਕੇ ਕਾਰਨ ਇਮਾਰਤ ਦਾ ਇੱਕ ਹਿੱਸਾ ਢਹਿ ਗਿਆ ਹੈ। ਮੁਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਧਮਾਕਾ ਗੈਸ ਰਿਸਣ ਕਾਰਨ ਹੋਇਆ ਹੋ ਸਕਦਾ ਹੈ। ਅਸਿਸਟੈਂਟ ਸੁਪਰਡੈਂਟ ਬ੍ਰਿਸਟਲ ਟਾਊਨਸ਼ਿੱਪ ਸਕੂਲ ਡਿਸਟ੍ਰਿਕਟ ਕ੍ਰਿਸਟੋਫਰ ਪੋਲਜ਼ਰ ਨੇ ਦੱਸਿਆ ਕਿ ਘਟਨਾ ਕਾਰਨ ਉਖੜੇ ਲੋਕਾਂ ਨੂੰ ਹੈਰੀ ਐਸ ਟਰਿਊਮੈਨ ਹਾਈ ਸਕੂਲ ਵਿੱਚ ਰਖਿਆ ਗਿਆ ਹੈ।



ਨਰਸਿੰਗ ਹੋਮ ਵਿੱਚ ਧਮਾਕੇ ਉਪਰੰਤ ਲੱਗੀ ਅੱਗ

# 5 ਸਾਲਾਂ 'ਚ ਅਮਰੀਕਾ ਤੋਂ ਜ਼ਿਆਦਾ ਭਾਰਤੀ ਸਾਊਦੀ ਅਰਬ ਨੇ ਵਾਪਸ ਭੇਜੇ

## ਸਿਰਫ਼ 2025 'ਚ ਹੀ ਕੁੱਲ 81 ਦੇਸ਼ਾਂ ਤੋਂ 24,600 ਤੋਂ ਵੱਧ ਭਾਰਤੀ ਭੇਜੇ ਵਾਪਸ

ਹਾਲਾਂਕਿ ਇਹ ਆਮ ਪ੍ਰਭਾਵ ਹੈ ਕਿ ਪਿਛਲੇ ਸਾਲਾਂ ਵਿਚ ਅਮਰੀਕਾ ਤੋਂ ਸਭ ਤੋਂ ਵੱਧ ਭਾਰਤੀ ਵਾਪਸ ਭੇਜੇ (ਡਿਪੋਰਟ) ਗਏ ਹਨ। ਪਰ ਭਾਰਤ ਦੇ ਵਿਦੇਸ਼ ਮੰਤਰਾਲੇ ਵਲੋਂ ਰਾਜ ਸਭਾ ਵਿਚ ਦਸੰਬਰ 2025 ਨੂੰ ਪੇਸ਼ ਕੀਤੇ ਅਧਿਕਾਰਤ ਅੰਕੜਿਆਂ ਅਨੁਸਾਰ ਸਾਲ 2021 ਤੋਂ 2025 ਤੱਕ ਵੱਖ-ਵੱਖ ਦੇਸ਼ਾਂ ਤੋਂ ਭਾਰਤੀ ਨਾਗਰਿਕਾਂ ਨੂੰ ਵਾਪਸ ਭੇਜੇ ਜਾਣ ਦੇ ਮਾਮਲੇ 'ਚ ਸਾਊਦੀ ਅਰਬ ਸਭ ਤੋਂ ਅੱਗੇ ਹੈ। ਇਨ੍ਹਾਂ ਪੰਜ ਸਾਲਾਂ ਵਿਚ ਸਾਊਦੀ ਅਰਬ ਤੋਂ ਕੁੱਲ 50 ਹਜ਼ਾਰ ਦੇ ਕਰੀਬ ਭਾਰਤੀ ਵਾਪਸ ਭੇਜੇ ਗਏ ਹਨ। ਇਹ ਅੰਕੜੇ ਰਿਆਦ ਅਤੇ ਜੇਦਾ ਦੇ ਭਾਰਤੀ ਮਿਸ਼ਨਾਂ ਵਲੋਂ ਐਮਰਜੈਂਸੀ ਸਰਟੀਫਿਕੇਟ ਅਤੇ ਨੈਸ਼ਨੈਲਿਟੀ ਵੈਰੀਫਿਕੇਸ਼ਨ ਦੇ ਆਧਾਰ 'ਤੇ ਸਾਹਮਣੇ ਆਏ ਹਨ, ਜਦੋਂ ਕਿ ਅਮਰੀਕਾ ਤੋਂ ਇਨ੍ਹਾਂ 5 ਸਾਲਾਂ ਵਿਚ ਕਰੀਬ 7800 ਵਿਅਕਤੀ ਹੀ ਭਾਰਤ ਵਾਪਸ ਭੇਜੇ ਗਏ ਹਨ। ਇਸ ਮਾਮਲੇ 'ਚ ਤੀਜਾ ਸਥਾਨ ਯੂ.ਏ.ਈ. ਦਾ ਹੈ, ਜਿਥੋਂ ਕਰੀਬ 4 ਹਜ਼ਾਰ ਭਾਰਤੀ ਵਾਪਸ ਭੇਜੇ ਗਏ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਸਾਊਦੀ ਅਰਬ ਤੋਂ ਸਾਲ 2021 ਵਿਚ 8 ਹਜ਼ਾਰ 887, ਸਾਲ 2022 ਵਿਚ 10 ਹਜ਼ਾਰ 277, ਸਾਲ 2023 ਵਿਚ 11 ਹਜ਼ਾਰ 486, ਸਾਲ 2024 ਵਿਚ 9 ਹਜ਼ਾਰ 206 ਅਤੇ ਸਾਲ 2025 ਵਿਚ ਰਿਆਦ ਤੋਂ 7 ਹਜ਼ਾਰ 019 ਅਤੇ ਜੇਦਾ ਤੋਂ 3 ਹਜ਼ਾਰ 865 ਵਿਅਕਤੀ ਵਾਪਸ ਭੇਜੇ ਗਏ ਹਨ, ਜੋ ਕਰੀਬ 50 ਹਜ਼ਾਰ ਬਣਦੇ ਹਨ। ਜਦੋਂ ਕਿ ਇਸ ਦੇ ਮੁਕਾਬਲੇ ਅਮਰੀਕਾ ਤੋਂ ਪੰਜ ਸਾਲਾਂ ਵਿਚ ਵਾਪਸ ਭੇਜੇ ਗਏ ਭਾਰਤੀਆਂ ਦੀ ਗਿਣਤੀ 7 ਹਜ਼ਾਰ 66 ਤੋਂ 7 ਹਜ਼ਾਰ 824 ਦੱਸੀ ਗਈ ਹੈ। ਇਸ ਵਿਚ 2021 ਵਿਚ 805 ਤੋਂ 888 ਵਿਅਕਤੀ, 2022 ਵਿਚ 862 ਤੋਂ 963 ਵਿਅਕਤੀ, 2023 ਵਿਚ 617 ਤੋਂ 686 ਵਿਅਕਤੀ, 2024 ਵਿਚ 1,368 ਤੋਂ 1,475 ਵਿਅਕਤੀ ਅਤੇ 2025 ਵਿਚ 3,414 ਤੋਂ 3,812 ਵਿਅਕਤੀ ਵਾਪਸ ਭੇਜੇ ਗਏ ਹਨ। ਇਸ ਵਿਚ ਟਰੰਪ ਪ੍ਰਸ਼ਾਸਨ ਵਲੋਂ ਅਪਣਾਈਆਂ ਸਖ਼ਤ ਨੀਤੀਆਂ ਕਾਰਨ ਵਾਪਸ ਭੇਜੇ ਗਏ ਭਾਰਤੀ ਵੀ ਸ਼ਾਮਿਲ ਹਨ। ਰਾਜ ਸਭਾ ਵਿਚ ਪੇਸ਼ ਕੀਤੇ ਅੰਕੜਿਆਂ ਅਨੁਸਾਰ ਸਿਰਫ਼ ਸਾਲ 2025 ਵਿਚ ਹੀ ਵਿਸ਼ਵ ਪੱਧਰ 'ਤੇ ਕੁੱਲ 81 ਦੇਸ਼ਾਂ ਤੋਂ 24,600 ਤੋਂ ਵੱਧ ਭਾਰਤੀਆਂ ਨੂੰ ਵਾਪਸ ਭੇਜਿਆ ਗਿਆ ਹੈ, ਜਿਨ੍ਹਾਂ ਵਿਚ ਖਾੜੀ ਸਹਿਯੋਗ ਪ੍ਰੀਸ਼ਦ (ਜੀ.ਸੀ.ਸੀ.) ਦੇ ਦੇਸ਼ਾਂ ਨੇ ਵੱਡਾ ਹਿੱਸਾ ਪਾਇਆ ਹੈ। ਜੀ.ਸੀ.ਸੀ. ਦੇਸ਼ਾਂ 'ਚੋਂ ਸਾਊਦੀ ਅਰਬ ਤੋਂ ਇਲਾਵਾ ਯੂ.ਏ.ਈ. ਤੋਂ 1,469, ਬਹਿਰੀਨ ਤੋਂ 764 ਅਤੇ ਓਮਾਨ ਤੋਂ 16 ਵਿਅਕਤੀ ਵਾਪਸ ਭੇਜੇ ਗਏ ਹਨ। ਵਰਣਨਯੋਗ ਹੈ ਕਿ ਯੂ. ਏ. ਈ. ਵਿਚੋਂ ਇਨ੍ਹਾਂ 5 ਸਾਲਾਂ ਵਿਚ ਕੁੱਲ 3979 ਵਿਅਕਤੀ ਵਾਪਸ ਭੇਜੇ ਗਏ ਹਨ। ਇਸ ਤੋਂ ਇਲਾਵਾ 2025 'ਚ ਮਿਆਂਮਾਰ ਤੋਂ 1,591, ਮਲੇਸ਼ੀਆ ਤੋਂ 1,485, ਬਹਿਰੀਨ ਤੋਂ 764 ਵਿਅਕਤੀ ਵੀ ਵਾਪਸ ਭੇਜੇ ਗਏ ਹਨ। ਇਸ ਸਥਿਤੀ ਤੋਂ ਬਚਣ ਲਈ ਭਾਰਤ ਅਤੇ ਰਾਜ ਸਰਕਾਰਾਂ ਜਿਨ੍ਹਾਂ ਵਿਚ ਪੰਜਾਬ ਵੀ ਸ਼ਾਮਿਲ ਹੈ, ਨੇ ਫ਼ਰਜ਼ੀ ਏਜੰਟਾਂ ਵਿਰੁੱਧ ਕਾਰਵਾਈ ਤੇਜ਼ ਕੀਤੀ ਹੈ ਅਤੇ ਵਿਦੇਸ਼ਾਂ ਵਿਚ ਭਾਰਤੀਆਂ ਦੀ ਸੁਰੱਖਿਆ ਲਈ ਭਾਰਤੀ ਅੰਬੈਸੀਆਂ ਵੀ ਕਾਫੀ ਮਿਹਨਤ ਕਰ ਰਹੀਆਂ ਹਨ। ਬਾਹਰ ਜਾਣ ਵਾਲੇ ਕਾਮਿਆਂ ਨੂੰ ਇਹ ਹਦਾਇਤ ਦਿੱਤੀ ਜਾ ਰਹੀ ਹੈ ਕਿ ਵਿਦੇਸ਼ ਜਾਣ ਵਾਲੇ ਵਰਕਰ ਸਥਾਨਕ ਦੇਸ਼ਾਂ (ਜਿਸ ਦੇਸ਼ ਵਿਚ ਉਹ ਜਾ ਰਹੇ ਹਨ) ਦੇ ਕਾਨੂੰਨਾਂ ਦੀ ਪੂਰੀ ਜਾਣਕਾਰੀ ਅਤੇ ਜਾਇਜ਼ ਵੀਜ਼ਾ ਵੀ ਜ਼ਰੂਰ ਰੱਖਣ।

**ਅਮਰੀਕਾ ਤੋਂ ਉਤਰ ਪੱਛਮੀ ਭਾਰਤ ਅਤੇ ਅਰਬ ਦੇਸ਼ਾਂ ਤੋਂ ਦੱਖਣੀ ਭਾਰਤ ਦੇ ਲੋਕ ਜ਼ਿਆਦਾ ਵਾਪਸ ਭੇਜੇ :** ਗੌਰਤਲਬ ਹੈ ਕਿ ਅਮਰੀਕਾ ਤੋਂ ਵਾਪਸ ਭੇਜੇ ਗਏ ਲੋਕਾਂ ਵਿਚ ਜ਼ਿਆਦਾਤਰ ਉੱਤਰੀ ਅਤੇ ਪੱਛਮੀ ਭਾਰਤ ਦੇ ਲੋਕ ਹਨ, ਜਿਨ੍ਹਾਂ ਵਿਚ ਸਭ ਤੋਂ ਵੱਧ ਗਿਣਤੀ ਪੰਜਾਬ, ਹਰਿਆਣਾ, ਗੁਜਰਾਤ ਅਤੇ ਮਹਾਰਾਸ਼ਟਰ ਦੇ ਲੋਕਾਂ ਦੀ ਹੈ, ਇਹ ਗਿਣਤੀ ਅਮਰੀਕਾ ਤੋਂ ਵਾਪਸ ਭੇਜੇ ਕੁੱਲ ਭਾਰਤੀਆਂ ਦਾ 90 ਫ਼ੀਸਦੀ ਦੇ ਕਰੀਬ ਬਣਦੀ ਹੈ, ਜਦੋਂ ਕਿ ਖਾੜੀ ਦੇਸ਼ਾਂ ਤੋਂ ਵਾਪਸ ਭੇਜੇ ਗਏ ਜ਼ਿਆਦਾਤਰ ਲੋਕ ਆਂਧਰਾ ਪ੍ਰਦੇਸ਼, ਤੇਲੰਗਾਨਾ, ਕੇਰਲ, ਤਾਮਿਲਨਾਡੂ ਦੇ ਹਨ, ਪਰ ਇਨ੍ਹਾਂ ਵਿਚ ਕਾਫੀ ਵੱਡੀ ਗਿਣਤੀ ਉੱਤਰੀ ਭਾਰਤੀ ਰਾਜਾਂ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਵਿਅਕਤੀਆਂ ਦੀ ਵੀ ਹੈ।

**ਭਾਰਤੀਆਂ ਨੂੰ ਵਾਪਸ ਭੇਜਣ ਦੇ ਮੁੱਖ ਕਾਰਨ :** ਭਾਰਤੀਆਂ ਨੂੰ ਵਾਪਸ ਭੇਜਣ ਦੇ ਮੁੱਖ ਕਾਰਨਾਂ ਵਿਚ ਵੀਜ਼ਾ ਓਵਰਸਟੇਅ (ਵੀਜ਼ੇ ਦੀ ਮਿਆਦ ਖ਼ਤਮ ਹੋਣ ਦੇ ਬਾਅਦ ਰੁਕਣਾ), ਬਿਨਾਂ ਜਾਇਜ਼ ਵਰਕ ਪਰਮਿਟ ਦੇ ਕੰਮ ਕਰਨਾ, ਦੇਸ਼ ਦੇ ਕਾਨੂੰਨਾਂ ਨੂੰ ਤੋੜਨਾ ਅਤੇ ਕਿਸੇ ਜੁਰਮ ਵਿਚ ਸ਼ਾਮਿਲ ਹੋਣਾ, ਮਜ਼ਦੂਰੀ ਦੇ ਕਾਨੂੰਨਾਂ ਅਤੇ ਕੰਮ ਕਰਨ ਦੇ ਘੰਟਿਆਂ ਦੀ ਹੱਦ ਦੀ ਉਲੰਘਣਾ, ਨੌਕਰੀ ਦੇਣ ਵਾਲੇ ਨੂੰ ਛੱਡ ਦੇਣਾ, ਫ਼ਰਜ਼ੀ ਏਜੰਟਾਂ ਵਲੋਂ ਧੋਖੇ ਨਾਲ ਭੇਜੇ ਲੋਕ, ਖਾੜੀ ਦੇਸ਼ਾਂ ਵਿਚ ਮਜ਼ਦੂਰਾਂ ਨਾਲ ਜੁੜੇ ਮਾਮਲੇ ਅਤੇ ਅਮਰੀਕਾ ਵਿਚ ਅਮਰੀਕੀ ਇੰਮੀਗ੍ਰੇਸ਼ਨ ਨੀਤੀਆਂ ਤੋਂ ਇਲਾਵਾ ਗੈਰ-ਕਾਨੂੰਨੀ ਤਰੀਕਿਆਂ ਜਿਵੇਂ ਡੌਂਕੀ ਆਦਿ ਨਾਲ ਦਾਖ਼ਲ ਹੋਣਾ ਸ਼ਾਮਿਲ ਹਨ।

# ਅਮਰੀਕਾ ਨੇ 15 ਸਾਲ ਦੀ ਸੁਰੱਖਿਆ ਗਾਰੰਟੀ ਦਿੱਤੀ : ਜ਼ੇਲੈਂਸਕੀ

## ਟਰੰਪ ਨੇ ਰੂਸ ਤੇ ਯੂਕਰੇਨ ਦੇ ਸ਼ਾਂਤੀ ਸਮਝੌਤੇ ਦੇ ਨੇੜੇ ਹੋਣ ਦਾ ਦਾਅਵਾ ਕੀਤਾ

ਕੀਵ/ਪਾਮ ਬੀਚ : ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਅੱਜ ਕਿਹਾ ਕਿ ਅਮਰੀਕਾ ਨੇ ਤਜਵੀਜ਼ ਕੀਤੀ ਸ਼ਾਂਤੀ ਯੋਜਨਾ ਤਹਿਤ ਯੂਕਰੇਨ ਨੂੰ 15 ਸਾਲ ਲਈ ਸੁਰੱਖਿਆ ਗਾਰੰਟੀ ਦੀ ਪੇਸ਼ਕਸ਼ ਕੀਤੀ ਹੈ ਪਰ ਉਹ ਆਪਣੀ ਦੀ ਜ਼ਮੀਨ 'ਤੇ ਜਬਰੀ ਕਬਜ਼ਾ ਕਰਨ ਦੀਆਂ ਰੂਸ ਦੀਆਂ ਕੋਸ਼ਿਸ਼ਾਂ ਨੂੰ ਰੋਕਣ ਲਈ 50 ਸਾਲ ਤੱਕ ਦੀ ਅਮਰੀਕੀ ਵਚਨਬੱਧਤਾ ਨੂੰ ਤਰਜੀਹ ਦੇਣਗੇ। ਉਨ੍ਹਾਂ ਇਹ ਗੱਲ ਫਲੋਰਿਡਾ ਰਿਜ਼ੋਰਟ 'ਚ ਬੀਤੇ ਦਿਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਹੋਈ ਮੁਲਾਕਾਤ ਤੋਂ ਬਾਅਦ ਕਹੀ ਜਿਸ 'ਚ ਸ੍ਰੀ ਟਰੰਪ ਨੇ ਕਿਹਾ ਸੀ ਕਿ ਯੂਕਰੇਨ ਤੇ ਰੂਸ ਸ਼ਾਂਤੀ ਸਮਝੌਤੇ ਦੇ 'ਪਹਿਲਾਂ ਨਾਲੋਂ ਕਿਤੇ ਵੱਧ ਕਰੀਬ' ਹਨ।

ਸ੍ਰੀ ਜ਼ੇਲੈਂਸਕੀ ਨੇ ਪੱਤਰਕਾਰਾਂ ਨੂੰ ਕਿਹਾ, "ਅਸਲ ਸੁਰੱਖਿਆ ਗਾਰੰਟੀਆਂ ਤੋਂ ਬਿਨਾਂ ਇਹ ਜੰਗ ਖਤਮ ਨਹੀਂ ਹੋਵੇਗੀ।" ਸੁਰੱਖਿਆ ਗਾਰੰਟੀ ਦੇ ਵੇਰਵੇ ਜਨਤਕ ਨਹੀਂ ਕੀਤੇ ਗਏ ਪਰ ਜ਼ੇਲੈਂਸਕੀ ਨੇ ਕਿਹਾ ਕਿ ਇਸ 'ਚ ਸ਼ਾਂਤੀ ਸਮਝੌਤੇ ਦੀ ਨਿਗਰਾਨੀ ਤੇ ਭਾਈਵਾਲਾਂ ਦੀ ਸ਼ਮੂਲੀਅਤ ਵੀ ਸ਼ਾਮਲ ਹੈ। ਦੂਜੇ ਪਾਸੇ ਕਰੈਮਲਿਨ ਦੇ ਬੁਲਾਰੇ ਦਮਿਤਰੀ ਪੈਸਕੋਵ ਨੇ ਅੱਜ ਕਿਹਾ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇੜ ਭਵਿੱਖ 'ਚ ਗੱਲਬਾਤ ਕਰ ਸਕਦੇ ਹਨ ਪਰ ਰੂਸੀ ਆਗੂ ਵੱਲੋਂ ਜ਼ੇਲੈਂਸਕੀ ਨਾਲ ਗੱਲਬਾਤ ਕੀਤੇ ਜਾਣ ਦਾ ਕੋਈ ਸੰਕੇਤ ਨਹੀਂ ਹੈ।



ਇਸ ਤੋਂ ਪਹਿਲਾਂ ਬੀਤੇ ਦਿਨ ਸ੍ਰੀ ਜ਼ੇਲੈਂਸਕੀ ਦੀ ਮੇਜ਼ਬਾਨੀ ਕਰਦਿਆਂ ਸ੍ਰੀ ਟਰੰਪ ਨੇ ਕਿਹਾ ਕਿ ਯੂਕਰੇਨ ਤੇ ਰੂਸ ਸ਼ਾਂਤੀ ਸਮਝੌਤੇ ਦੇ 'ਪਹਿਲਾਂ ਨਾਲੋਂ ਕਿਤੇ ਵੱਧ ਕਰੀਬ' ਹਨ। ਉਨ੍ਹਾਂ ਇਹ ਵੀ ਸਵੀਕਾਰ ਕੀਤਾ ਕਿ ਵਾਰਤਾ ਗੁੰਝਲਦਾਰ ਹੈ, ਇਸ ਦੇ ਨਾਕਾਮ ਹੋਣ ਦੇ ਖ਼ਦਸ਼ੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਇਉਂ ਜੰਗ ਸਾਲਾਂ ਤੱਕ ਲੰਮੀ ਹੋ ਸਕਦੀ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਉਨ੍ਹਾਂ ਦੀ ਫੋਨ 'ਤੇ ਢਾਈ ਘੰਟੇ 'ਬਹੁਤ ਚੰਗੀ' ਗੱਲਬਾਤ ਹੋਈ; ਲਗਦਾ ਹੈ ਕਿ ਪੂਤਿਨ ਸ਼ਾਂਤੀ ਚਾਹੁੰਦੇ ਹਨ ਪਰ ਜੇਲੈਂਸਕੀ ਦੇ ਵਾਰਤਾ ਲਈ ਅਮਰੀਕਾ ਰਵਾਨਾ ਹੋਣ ਦੌਰਾਨ ਰੂਸ ਨੇ ਯੂਕਰੇਨ 'ਤੇ ਮੁੜ ਹਮਲੇ ਕੀਤੇ। ਕਈ ਗੁੰਝਲਦਾਰ ਮੁੱਦੇ ਹਾਲੇ ਵੀ ਬਾਕੀ ਹਨ ਜਿਨ੍ਹਾਂ 'ਚ ਇਹ ਸਵਾਲ ਵੀ ਹੈ ਕਿ ਰੂਸ ਦੇ ਕਬਜ਼ੇ ਹੇਠਲੇ ਯੂਕਰੇਨੀ ਖਿੱਤਿਆਂ ਦਾ ਕੀ ਹੋਵੇਗਾ ਅਤੇ ਯੂਕਰੇਨ ਲਈ ਅਜਿਹਾ ਸੁਰੱਖਿਆ ਭਰੋਸਾ ਕਿਵੇਂ ਯਕੀਨੀ ਬਣਾਇਆ ਜਾਵੇ ਕਿ ਭਵਿੱਖ 'ਚ ਉਸ 'ਤੇ ਮੁੜ ਹਮਲਾ ਨਾ ਹੋਵੇ। ਇਸ ਗੱਲਬਾਤ ਮਗਰੋਂ ਦੋਵਾਂ ਆਗੂਆਂ ਨੇ ਯੂਰੋਪ ਦੇ ਕਈ ਆਗੂਆਂ ਨਾਲ ਫੋਨ 'ਤੇ ਗੱਲ ਕੀਤੀ ਜਿਨ੍ਹਾਂ 'ਚ ਯੂਰੋਪੀਅਨ ਯੂਨੀਅਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਯੇਨ ਦੇ ਨਾਲ-ਨਾਲ ਫਿਨਲੈਂਡ, ਜਰਮਨੀ, ਬਰਤਾਨੀਆ ਤੇ ਪੋਲੈਂਡ ਦੇ ਨੇਤਾ ਸ਼ਾਮਲ ਸਨ। ਸ੍ਰੀ ਜ਼ੇਲੈਂਸਕੀ ਨੇ ਕਿਹਾ ਕਿ ਟਰੰਪ ਜਨਵਰੀ 'ਚ ਯੂਰੋਪੀਅਨ ਆਗੂਆਂ ਦੀ ਇੱਕ ਹੋਰ ਮੀਟਿੰਗ ਦੀ ਮੇਜ਼ਬਾਨੀ ਲਈ ਸਹਿਮਤ ਹੋਏ ਹਨ ਜੋ ਸੰਭਵ ਹੈ ਕਿ ਵ੍ਹਾਈਟ ਹਾਊਸ 'ਚ ਹੋਵੇਗੀ।

## ‘ਟਰੰਪ ਦਾ ਪਹਿਲਾ ਸਾਲ ਟੈਰਿਫ ਯੁੱਧ ’ਚ ਬੀਤਿਆ’ ਦੂਜਾ ਸਾਲ ਵੱਖ-ਵੱਖ ਦੇਸ਼ਾਂ ’ਤੇ ਹਮਲੇ ’ਚ ਬੀਤੇਗਾ ?

ਲਗਭਗ ਇਕ ਹਫਤੇ ਪਹਿਲਾਂ 20 ਦਸੰਬਰ ਨੂੰ ਅਮਰੀਕਾ ਨੇ ਸੀਰੀਆ ’ਚ ਇਸਲਾਮਿਕ ਸਟੇਟ (ਆਈ. ਐੱਸ.) ਦੇ ਅੱਤਵਾਦੀਆਂ ਅਤੇ ਉਨ੍ਹਾਂ ਦੇ ਟਿਕਾਣਿਆਂ ਨੂੰ ਨਸ਼ਟ ਕਰਨ ਦੇ ਲਈ ਉਥੇ ਫੌਜੀ ਹਮਲੇ ਸ਼ੁਰੂ ਕੀਤੇ। ਇਨ੍ਹਾਂ ਹਮਲਿਆਂ ਦੌਰਾਨ ਮੱਧ ਸੀਰੀਆ ਦੇ ਉਨ੍ਹਾਂ ਇਲਾਕਿਆਂ ’ਚ 70 ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿੱਥੇ ਆਈ. ਐੱਸ. ਦਾ ਢਾਂਚਾ ਅਤੇ ਹਥਿਆਰ ਮੌਜੂਦ ਸਨ।

ਇਸ ਹਮਲੇ ’ਚ ਐੱਫ-15 ਈਗਲ ਜਹਾਜ਼ਾਂ, ਏ-10 ਥੰਡਰਬੋਲਟ ਜਹਾਜ਼ਾਂ ਅਤੇ ਏ. ਐੱਚ-64 ਅਪਾਚੇ ਹੈਲੀਕਾਪਟਰਾਂ ਦੇ ਇਲਾਵਾ ਜਾਰਡਨ ਦੇ ਐੱਫ-16 ਲੜਾਕੂ ਜਹਾਜ਼ ਅਤੇ ਹਿਮਰਸ ਰਾਕੇਟ ਤੋਪਖਾਨੇ ਦੀ ਵੀ ਵਰਤੋਂ ਕੀਤੀ ਗਈ।

ਅਮਰੀਕਾ ਨੇ ਇਹ ਕਾਰਵਾਈ ਉਕਤ ਹਮਲੇ ਤੋਂ ਲਗਭਗ ਇਕ ਹਫਤਾ ਪਹਿਲਾਂ ਆਈ. ਐੱਸ. ਵਲੋਂ ਸੀਰੀਆ ’ਚ ਘਾਤ ਲਗਾ ਕੇ ਕੀਤੇ ਗਏ ਹਮਲੇ ’ਚ 2 ਅਮਰੀਕੀ ਫੌਜੀਆਂ ਅਤੇ ਇਕ ਅਮਰੀਕੀ ਦੁਭਾਸ਼ੀਏ ਦੇ ਮਾਰੇ ਜਾਣ ਦਾ ਬਦਲਾ ਲੈਣ ਲਈ ਕੀਤੀ ਸੀ ਅਤੇ ਕਿਹਾ ਸੀ ਕਿ ਅਮਰੀਕਾ ਆਪਣੇ ਲੋਕਾਂ ਦੀ ਰੱਖਿਆ ਲਈ ਕਦੇ ਝਿਜਕੇਗਾ ਨਹੀਂ ਅਤੇ ਨਾ ਹੀ ਪਿੱਛੇ ਹਟੇਗਾ।

ਫਿਰ 25 ਦਸੰਬਰ ਨੂੰ ਅਮਰੀਕਾ ਨੇ ਨਾਈਜੀਰੀਆ ’ਚ ਇਸਲਾਮਿਕ ਸਟੇਟ (ਆਈ. ਐੱਸ.) ਦੇ ਸੋਬੋਟੋ ਪ੍ਰਾਂਤ ’ਚ ਸਥਿਤ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਇਕ ਸ਼ਕਤੀਸ਼ਾਲੀ ਅਤੇ ਘਾਤਕ ਹਮਲਾ ਕੀਤਾ। ਇਸ ਹਮਲੇ ਤੋਂ ਕਈ ਹਫਤੇ ਪਹਿਲਾਂ ਤੋਂ ਹੀ ਡੋਨਾਲਡ ਟਰੰਪ ਨਾਈਜੀਰੀਆ ਦੀ ਸਰਕਾਰ ਵਲੋਂ ਇਸਾਈਆਂ ਦੇ ਵਿਰੁੱਧ ਕੀਤੇ ਜਾ ਰਹੇ ਅੱਤਿਆਚਾਰਾਂ ਅਤੇ ਕਤਲੇਆਮ ਨੂੰ ਰੋਕਣ ’ਚ ਨਾਕਾਮ ਰਹਿਣ ਦਾ ਦੋਸ਼ ਲਗਾਉਂਦੇ ਆ ਰਹੇ ਸਨ। ਇਕ ਹੋਰ ਸਰੋਤ ਦਾ ਕਹਿਣਾ ਹੈ ਕਿ ਇਸੇ ਸਾਲ ਜਨਵਰੀ ਤੋਂ ਅਗਸਤ ਮਹੀਨਿਆਂ ਵਿਚਾਲੇ 7000 ਇਸਾਈਆਂ ਦੀ ਹੱਤਿਆ ਕੀਤੀ ਗਈ ਹੈ।




ਖੈਰ, ਕ੍ਰਿਸਮਸ ਦੀ ਰਾਤ ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪੋਸਟ ’ਚ ਨਾਈਜੀਰੀਆ ’ਤੇ ਹਮਲੇ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਆਈ. ਐੱਸ. ਨੂੰ ‘ਅੱਤਵਾਦੀ ਕਚਰਾ’ ਕਿਹਾ ਅਤੇ ਉਨ੍ਹਾਂ ’ਤੇ ਨਿਰਦੋਸ਼ ਇਸਾਈਆਂ ਨੂੰ ਨਿਸ਼ਾਨਾ ਬਣਾਉਣ ਅਤੇ ਬੇਰਹਿਮੀ ਨਾਲ ਉਨ੍ਹਾਂ ਦੀ ਹੱਤਿਆ ਕਰਨ ਦਾ ਦੋਸ਼ ਲਗਾਇਆ।

ਉਨ੍ਹਾਂ ਨੇ ਇਸ ਹਮਲੇ ਨਾਲ ਹੋਏ ਨੁਕਸਾਨ ਦਾ ਵੇਰਵਾ ਜਾਂ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ ਪਰ ਇਸ ਹਮਲੇ ’ਚ ਆਈ. ਐੱਸ. ਦੇ ਅਨੇਕ ਅੱਤਵਾਦੀਆਂ ਦੇ ਮਾਰੇ ਜਾਣ ਦੀ ਖਬਰ ਹੈ। ਇਸ ਸੰਬੰਧ ’ਚ ‘ਅਫਰੀਕਾ ਕਮਾਂਡ’ ਨੇ ਕਿਹਾ ਹੈ ਕਿ “ਆਈ. ਐੱਸ. ਦੇ ਵਿਰੁੱਧ ਕੀਤਾ ?ਗਿਆ ਇਹ ਘਾਤਕ ਹਮਲਾ ਸਾਡੀ ਫੌਜ ਦੀ ਤਾਕਤ ਅਤੇ ਦੇਸ਼ ਦੇ ਅੰਦਰ ਅਤੇ ਵਿਦੇਸ਼ਾਂ ’ਚ ਅਮਰੀਕੀਆਂ ਦੇ ਵਿਰੁੱਧ ਅੱਤਵਾਦੀ ਖਤਰੇ ਨੂੰ ਖਤਮ ਕਰਨ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ।”

ਟਰੰਪ ਨੇ ਇਸ ਹਮਲੇ ਨੂੰ ਲੈ ਕੇ ਕਿਹਾ ਹੈ ਕਿ “ਮਾਰੇ ਗਏ ਅੱਤਵਾਦੀਆਂ ਨੂੰ ਮੈਰੀ ਕ੍ਰਿਸਮਸ। ਇਹ ਅੱਤਵਾਦੀ ਸਮੂਹ ਇਸ ਖੇਤਰ ’ਚ ਇਸਾਈਆਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਦੀ ਹੱਤਿਆ ਕਰ ਰਹੇ ਸਨ।” ਜ਼ਿਕਰਯੋਗ ਹੈ ਕਿ ਨਾਈਜੀਰੀਆ ’ਚ ਇਸਾਈ 43 ਫੀਸਦੀ ਅਤੇ ਮੁਸਲਿਮ 50 ਫੀਸਦੀ ਹਨ ਜਦਕਿ ਬਾਕੀ ਆਬਾਦੀ ਹੋਰਨਾਂ ਧਰਮਾਂ ਦੇ ਲੋਕਾਂ ਦੀ ਹੈ। ਜਾਬੋ ਦੇ ਪ੍ਰਤੱਖਦਰਸ਼ੀ ਉਮਰ ਜਾਬੋ ਨੇ ਦੱਸਿਆ, ਜਹਾਜ਼ ਵਰਗੀ ਕੋਈ ਚੀਜ਼ ਚਮਕੀ ਅਤੇ ਖੇਤਾਂ ’ਚ ਡਿੱਗ ਗਈ। ਉਨ੍ਹਾਂ ਨੇ ਕਿਹਾ ਕਿ ਅਸੀਂ ਸ਼ਾਂਤੀ ਨਾਲ ਰਹਿੰਦੇ ਹਾਂ ਅਤੇ ਸਾਡੇ ਅਤੇ ਇਸਾਈਆਂ ਵਿਚਾਲੇ ਕੋਈ ਸੰਘਰਸ਼ ਨਹੀਂ ਹੈ।

ਨਾਈਜੀਰੀਆ ਸਰਕਾਰ ਦਾ ਕਹਿਣਾ ਹੈ ਕਿ ਇਹ ਅੱਤਵਾਦੀਆਂ ਨੂੰ ਖਤਮ ਕਰਨ ਲਈ ਕੀਤਾ ?ਗਿਆ ਹਮਲਾ ਸੀ ਜਦਕਿ ਡੋਨਾਲਡ ਟਰੰਪ ਦਾ ਕਹਿਣਾ ਹੈ ਕਿ ਇਹ ਹਮਲਾ ਨਾਈਜੀਰੀਆ ਦੇ ਸ਼ਾਸਕਾਂ ਵਲੋਂ ਇਸਾਈਆਂ ਨੂੰ ਤੰਗ ਕਰਨ ਦੇ ਜਵਾਬ ’ਚ ਕੀਤਾ ਗਿਆ ਹੈ ਅਤੇ ਜੇਕਰ ਨਾਈਜੀਰੀਆ ਸਰਕਾਰ ਇਸਾਈਆਂ ਨੂੰ ਤੰਗ ਕਰੇਗੀ ਤਾਂ ਉਸ ’ਤੇ ਅੱਗੇ ਵੀ ਹਮਲਾ ਕੀਤਾ ਜਾਵੇਗਾ। ਇਸ ਤਰ੍ਹਾਂ ਦੇ ਹਾਲਾਤ ’ਚ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਦੇ ਰੂਪ ’ਚ ਡੋਨਾਲਡ ਟਰੰਪ ਦੇ ਕਾਰਜਕਾਲ ਦਾ ਪਹਿਲਾ ਸਾਲ ਦੂਜੇ ਦੇਸ਼ਾਂ ’ਤੇ ‘ਟੈਰਿਫ ਯੁੱਧ’ ਦੇ ਰੂਪ ’ਚ ਸ਼ੁਰੂ ਹੋਇਆ ਸੀ ਤਾਂ ਕੀ ਉਨ੍ਹਾਂ ਦੀ ਦੂਜੀ ਪਾਰੀ ਦਾ ਦੂਜਾ ਸਾਲ ਵੱਖ-ਵੱਖ ਦੇਸ਼ਾਂ ਦੇ ਵਿਰੁੱਧ ਸਰੀਰਕ ਯੁੱਧ ਨਾਲ ਸ਼ੁਰੂ ਹੋਵੇਗਾ ?

ਜਿਸ ਤਰ੍ਹਾਂ ਯੂਰਪ ਦੇ ਇਸਾਈਆਂ ਦਾ ਦਸਵੀਂ ਤੋਂ ਬਾਰ੍ਹਵੀਂ ਸਦੀ ਵਿਚਾਲੇ ਮੁਸਲਮਾਨਾਂ ਨਾਲ ਯੁੱਧ ਚੱਲਦਾ ਰਿਹਾ ਸੀ, ਤਾਂ ਕੀ ਹੁਣ ਡੋਨਾਲਡ ਟਰੰਪ ਦੂਜੇ ਦੇਸ਼ਾਂ ’ਚ ਇਸਾਈਆਂ ਨੂੰ ਬਚਾਉਣ ਲਈ ਦੂਜਾ ‘ਕਰੂਸੇਡ’ ਸ਼ੁਰੂ ਕਰਨ ਵਾਲੇ ਹਨ ਜਿਸ ਅਧੀਨ ਉਹ ਦੂਜੇ ਦੇਸ਼ਾਂ ’ਤੇ ਹਮਲੇ ਕਰਨਗੇ ? ਜ਼ਿਕਰਯੋਗ ਹੈ ਕਿ ਯੂਰਪ ਦੇ ਇਸਾਈਆਂ ਨੇ 1098 ਤੋਂ 1291 ਵਿਚਾਲੇ ਆਪਣੇ ਧਰਮ ਦੀ ਭੂਮੀ ਫਿਲਿਸਤੀਨ ਅਤੇ ਉਸ ਦੀ ਰਾਜਧਾਨੀ ਯਰੂਸ਼ਲਮ ’ਚ ਸਥਿਤ ਈਸਾ ਦੀ ਜਨਮਭੂਮੀ ਦਾ ਗਿਰਜਾਘਰ ਮੁਸਲਮਾਨਾਂ ਤੋਂ ਖੋਹ ਕੇ ਆਪਣੇ ਕਬਜ਼ੇ ’ਚ ਕਰਨ ਲਈ ਜੋ ਯੁੱਧ ਲੜੇ ਉਨ੍ਹਾਂ ਨੂੰ ਸਲੀਬੀ ਯੁੱਧ, ਇਸਾਈ ਧਰਮ ਯੁੱਧ ਅਤੇ ਕਰੂਸੇਡ ਕਿਹਾ ਜਾਂਦਾ ਹੈ।)

ਯੁੱਧ 3 ਕਾਰਨਾਂ ਕਰ ਕੇ ਹੁੰਦੇ ਹਨ-ਪਹਿਲਾ ਕਾਰਨ ਰਾਜਨੀਤਿਕ ਲਾਭ ਲਈ, ਦੂਜਾ ਆਰਥਿਕ ਲਾਭ ਲਈ ਅਤੇ ਤੀਜਾ ਹੈ ਧਰਮ ਦਾ ਮੁੱਦਾ। ਤਾਂ ਕੀ ਨਾਈਜੀਰੀਆ ’ਤੇ ਬੰਬ ਸੁੱਟਣ ਜਾਂ ਉਸ ਨਾਲ ਯੁੱਧ ਕਰਨ ’ਚ ਟਰੰਪ ਨੂੰ ਕੋਈ ਆਰਥਿਕ ਲਾਭ ਵੀ ਹੈ। ਅਮਰੀਕਾ ਨੂੰ ਇਸ ’ਚ ਆਰਥਿਕ ਦੇ ਨਾਲ-ਨਾਲ ਰਾਜਨੀਤਿਕ ਲਾਭ ਵੀ ਹੈ ਕਿਉਂਕਿ ਇਸ ਯੁੱਧ ਨਾਲ ਅਫਰੀਕਾ ’ਚ ਅਮਰੀਕਾ ਦੀ ਸ਼ਕਤੀ ’ਚ ਵਾਧੇ ਦਾ ਪ੍ਰਦਰਸ਼ਨ ਤਾਂ ਹੋਇਆ ਹੈ ਪਰ ਕੀ ਇਹ ਕ੍ਰਿਸਮਸ ਤੋਂ ਪਹਿਲਾਂ ਐਪਸਟੀਨ ਫਾਈਲਸ ਜਿਸ ’ਚ ਟਰੰਪ ਦਾ ਨਾਂ ਵਾਰ-ਵਾਰ ਆਇਆ ਹੈ, ਤੋਂ ਧਿਆਨ ਭਟਕਾਉਣ ਦਾ ਯਤਨ ਹੈ।

# ਉੱਤਰ-ਪੂਰਬ ਵੱਲ ਧਿਆਨ ਦੇਣ ?ਦੀ ਲੋੜ




ਪੁਰਾਤਨ ਸਮਿਆਂ ਵਿੱਚ ਭਾਰਤ ਅਣਗਿਣਤ ਹਮਲਿਆਂ ਦਾ ਨਿਸ਼ਾਨਾ ਬਣਦਾ ਰਿਹਾ ਹੈ। ਇੱਥੋਂ ਦੀ ਸੱਭਿਅਤਾ ਬਹੁਤ ਅਮੀਰ ਤੇ ਪ੍ਰਾਚੀਨ ਸੀ। ਇਹੀ ਕਾਰਨ ਹੈ ਕਿ ਮੱਧ ਏਸ਼ੀਆ, ਇਰਾਨ, ਯੂਨਾਨ ਆਦਿ ਦੀਆਂ ਹਕੂਮਤਾਂ ਸਦਾ ਭਾਰਤ ’ਤੇ ਹਮਲਾ ਕਰਨ ਅਤੇ ਇਸ ਨੂੰ ਲੁੱਟਣ ਦੀ ਕੋਸ਼ਿਸ਼ ਕਰਦੀਆਂ ਰਹੀਆਂ। ਗੌਰੀ, ਗਜ਼ਨਵੀ, ਅਬਦਾਲੀ, ਮੁਗ਼ਲ ਆਦਿ ਸਾਰੇ ਹਮਲਾਵਰ ਉੱਤਰ-ਪੱਛਮ ਵੱਲੋਂ ਖ਼ੈਬਰ ਦੱਰੇ ਜਾਂ ਇਰਾਨ ਅਤੇ ਮੌਜੂਦਾ ਪਾਕਿਸਤਾਨ ਰਾਹੀਂ ਹਿੰਦੋਸਤਾਨ ਆਏ। ਉਨ੍ਹਾਂ ਨੇ ਹਿੰਦੋਸਤਾਨ ਦੀ ਧਰਤ ਨੂੰ ਲੁੱਟਿਆ ਅਤੇ ਬੇਦੋਸ਼ਿਆਂ ਦਾ ਕਤਲੇਆਮ ਕੀਤਾ। ਸਮੁੱਚੇ ਤੌਰ ’ਤੇ ਆਖੀਏ ਤਾਂ ਉਸ ਧਰਤ ਨੂੰ ਤਬਾਹ ਕਰ ਦਿੱਤਾ ਜੋ ਅਮੀਰ ਤਾਂ ਸੀ ਪਰ ਆਪਣੀ ਰੱਖਿਆ ਕਰਨ ਤੋਂ ਅਸਮਰੱਥ ਸੀ।

ਮੁਗ਼ਲਾਂ ਨੇ ਇੱਕ ਕਦਮ ਹੋਰ ਅੱਗੇ ਜਾਂਦਿਆਂ ਇੱਥੇ ਆਪਣੀ ਜੜ੍ਹ ਲਗਾਈ ਅਤੇ ਸਦੀਆਂ ਤੱਕ ਹਕੂਮਤ ਕੀਤੀ। ਹਮਲਾਵਰਾਂ ਦੇ ਇਸ ਰਾਹ ਤੋਂ ਦੂਰ-ਦੁਰਾਡੇ ਸਥਿਤ ਹੋਣ ਕਾਰਨ ਸਾਡੇ ਦੱਖਣੀ ਸੂਬਿਆਂ ਅਤੇ ਰਾਜਾਂ ਨੂੰ ਇਨ੍ਹਾਂ ਹਮਲਿਆਂ ਦਾ ਸਾਹਮਣਾ ਨਹੀਂ ਕਰਨਾ ਪਿਆ ਅਤੇ ਨਾ ਹੀ ਉਨ੍ਹਾਂ ਨੂੰ ਲੰਮੇ ਸਮੇਂ ਤੱਕ ਸਮੁੰਦਰ ਰਸਤਿਉਂ ਕੋਈ ਹਮਲਾ ਝੱਲਣਾ ਪਿਆ। ਉਨ੍ਹਾਂ ਨੇ ਪੂਰਬ ਨਾਲ ਵਪਾਰ ਕੀਤਾ ਅਤੇ ਉਹ ਵਪਾਰ ਅੰਤ ਵਿੱਚ ਯੂਰੋਪੀਅਨਾਂ ਦੇ ਰੂਪ ਵਿੱਚ ਕਿਤੇ ਵੱਧ ਖ਼ਤਰਨਾਕ ਹਮਲਾਵਰਾਂ ਨੂੰ ਹਿੰਦੋਸਤਾਨ ਤੱਕ ਲੈ ਆਇਆ। ਪੁਰਾਣੇ ਉੱਤਰ-ਪੂਰਬੀ ਰਾਜ (ਅਹੋਮ, ਮੈਤੇਈ, ਕਚਾਰੀ, ਤ੍ਰਿਪੁਰੀ ਆਦਿ) ਲੰਮੇ ਸਮੇਂ ਤੋਂ ਚਲਦੇ ਰਹੇ ਲਗਾਤਾਰ ਆਪਸੀ ਟਕਰਾਅ ਕਾਰਨ ਅਸ਼ਾਂਤ ਸਨ। ਇਹ ਪੁਰਾਣੀਆਂ ਤਰੇੜਾਂ ਅੰਗਰੇਜ਼ਾਂ ਦੇ ਆਉਣ ’ਤੇ ਉਨ੍ਹਾਂ ਵੱਲੋਂ ਕੀਤੇ ਗਏ ਵਰਗੀਕਰਨ ਨਾਲ ਹੋਰ ਵੀ ਵਧ ਗਈਆਂ। ਇਸ ਤੋਂ ਇਲਾਵਾ ਬਰਮਾ ਹਕੂਮਤ ਨਾਲ ਜੰਗਾਂ ਅਤੇ ਟਕਰਾਅ ਬਲਦੀ ’ਚ ਤੇਲ ਪਾਉਣ ਵਾਲੀ ਗੱਲ ਸੀ। ਅੱਜ ਮੈਂ ਉੱਤਰ-ਪੂਰਬੀ ਖਿੱਤੇ ’ਤੇ ਧਿਆਨ ਕੇਂਦਰਿਤ ਕਰਨਾ ਚਾਹੁੰਦਾ ਹਾਂ ਕਿਉਂਕਿ ਭਾਰਤੀ ਉਪ-ਮਹਾਂਦੀਪ ਦੇ ਇਸ ਦੂਰ-ਦੁਰਾਡੇ ਕੋਨੇ ਵਿੱਚ ਅਸੰਤੁਸ਼ਟੀ ਵਧ ਰਹੀ ਹੈ। ਜੇਕਰ ਇਸ ਨੂੰ ਸਮਾਂ ਰਹਿੰਦਿਆਂ ਠੱਲ੍ਹ ਨਾ ਪਾਈ ਗਈ ਤਾਂ ਅੰਤ ਇਹ ਇਸ ਖਿੱਤੇ ਵਿੱਚ ਵੱਡੀ ਅਸਥਿਰਤਾ ਦਾ ਕਾਰਨ ਬਣ ਜਾਵੇਗੀ। ਕੁਦਰਤ ਖਲਾਅ ਨੂੰ ਨਫ਼ਰਤ ਕਰਦੀ ਹੈ ਅਤੇ ਜਦੋਂ ਸੱਤਾ ਤੇ ਅਧਿਕਾਰ ਦੀ ਗੱਲ ਆਉਂਦੀ ਹੈ ਤਾਂ ਅਜਿਹਾ ਹੋਰ ਵੀ ਜ਼ਿਆਦਾ ਹੁੰਦਾ ਹੈ। ਅੱਜ ਮਾਮੂਲੀ ਜਾਪਦੀ ਹਿੰਸਾ ਦੀ ਧੁਖ਼ਦੀ ਅੱਗ ਨੂੰ ਜਦੋਂ ਕੁੱਝ ‘ਅਨਸਰ’ ਭੜਕਾਉਂਦੇ ਹਨ ਤਾਂ ਇਸਦੇ ਬੇਕਾਬੂ ਹੋ ਕੇ ਵਿਕਰਾਲ ਰੂਪ ਧਾਰਣ ਕਰਨ ਦਾ ਖ਼ਦਸ਼ਾ ਪੈਦਾ ਹੋ ਜਾਂਦਾ ਹੈ, ਜੋ ਵਿਸ਼ਾਲ ਸਰੋਤਾਂ ਨੂੰ ਖ਼ਤਮ ਕਰ ਕੇ ਸਾਨੂੰ ਕਮਜ਼ੋਰ ਕਰ ਸਕਦੀ ਹੈ। ਇਸੇ ਕਮਜ਼ੋਰੀ ਕਾਰਨ ਸਦੀਆਂ ਤੱਕ ਹਮਲਾਵਰ ਚੜ੍ਹ ਕੇ ਆਉਂਦੇ ਰਹੇ।

ਅੱਜ ਸਮੁੰਦਰ ਰਸਤੇ ਹੁੰਦੀ ਵਿਆਪਕ ਤਸਕਰੀ ਨੂੰ ਛੱਡ ਕੇ ਦੇਸ਼ ਦਾ ਦੱਖਣੀ ਹਿੱਸਾ ਫਿਰ ਵੀ ਮੁਕਾਬਲਤਨ ਸੁਰੱਖਿਅਤ ਹੈ। ਇਸ ਸਮੱਸਿਆ ਦਾ ਟਾਕਰਾ ਕਰਨ ਲਈ ਸਾਡੇ ਕੋਲ ਕੋਸਟ ਗਾਰਡ ਅਤੇ ਜਲ ਸੈਨਾ ਹੈ। ਉੱਤਰੀ ਅਤੇ ਉੱਤਰ-ਪੱਛਮੀ ਪਾਸੇ ਕੰਟਰੋਲ ਰੇਖਾ ਤੋਂ ਪਾਰ ਪਾਕਿਸਤਾਨ ਅਤੇ ਲੱਦਾਖ ਵੱਲੋਂ ਚੀਨ ਚੁਣੌਤੀ ਬਣਿਆ ਹੋਇਆ ਹੈ। ਇਹ ਜੰਗ ਦੇ ਪੁਰਾਣੇ ਮੁਹਾਜ਼ ਹਨ ਅਤੇ ਲੋਕ ਤੇ ਸਾਡੇ ਸੁਰੱਖਿਆ ਬਲ, ਹਮਲਾਵਰਾਂ ਅਤੇ ਘੁਸਪੈਠੀਆਂ ਦੀਆਂ ਪਰੇਸ਼ਾਨ ਕਰਨ ਵਾਲੀਆਂ ਲਹਿਰਾਂ ਦੇ ਉਤਰਾਅ-ਚੜ੍ਹਾਅ ਦੇ ਆਦੀ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਇਹ ਤੇਜ਼ੀ ਨਾਲ ਬਦਲਦੀ ਚੁਣੌਤੀ ਨਹੀਂ ਸਗੋਂ ਇਹ ਸ਼ਾਇਦ ਲੰਮੇ ਸਮੇਂ ਤੋਂ ਚੱਲੀ ਆ ਰਹੀ ਚੁਣੌਤੀ ਹੈ। ਉੱਤਰ-ਪੂਰਬ ਦੇ ਸਬੰਧ ਵਿੱਚ ਸਾਨੂੰ ਆਉਣ ਵਾਲੇ ਖ਼ਤਰੇ ਨੂੰ ਸਮਝਣਾ ਚਾਹੀਦਾ ਹੈ, ਜੋ ਸਾਨੂੰ ਇਸ ਮੁਹਾਜ਼ ’ਤੇ ਦਰਪੇਸ਼ ਆ ਸਕਦਾ ਹੈ। ਅੱਜ ਦੀ ਗੱਲ ਕਰੀਏ ਤਾਂ ਸਾਡਾ ਗੁਆਂਢੀ ਮੁਲਕ ਮਿਆਂਮਾਰ ਅਸਥਿਰ ਹੈ ਅਤੇ ਪਹਿਲਾਂ ਮਿੱਤਰ ਦੇਸ਼ ਰਿਹਾ ਬੰਗਲਾਦੇਸ਼ ਹੁਣ ਤਲਖ਼ ਦੁਸ਼ਮਣ ਹੈ। ਬੰਗਲਾਦੇਸ਼ ਸਰਕਾਰ ਦੇ ਸੀਨੀਅਰ ਮੰਤਰੀ ਭਾਰਤ ਅੰਦਰ ਬਗ਼ਾਵਤ ਭੜਕਾ ਅਤੇ ਚੀਨ ਦੀ ਮਦਦ ਲੈ ਕੇ ਉੱਤਰ-ਪੂਰਬੀ ਸੂਬਿਆਂ ਨੂੰ ਅਲੱਗ-ਥਲੱਗ ਕਰਨ ਦੀ ਲੋੜ ਬਾਰੇ ਲਗਾਤਾਰ ਬਿਆਨ ਦਿੰਦੇ ਰਹੇ ਹਨ। ਚੀਨ ਦੀ ਗੁਪਤ ਹਮਾਇਤ ਨਾਲ ਪਾਕਿਸਤਾਨ ਇਸ ਦਾ ਸਮਰਥਨ ਕਰਦਿਆਂ ਉਨ੍ਹਾਂ ਨੂੰ ਮਨੁੱਖੀ ਸਰੋਤ, ਉਪਕਰਨ ਅਤੇ ਨੈਤਿਕ ਬਲ ਮੁਹੱਈਆ ਕਰਵਾ ਰਿਹਾ ਹੈ। ਪਾਕਿਸਤਾਨ ਦੇ ਫੀਲਡ ਮਾਰਸ਼ਲ ਆਸਿਮ ਮੁਨੀਰ ਨੂੰ ਭਾਰਤ ਪ੍ਰਤੀ ਵੈਰ ਵਿਰੋਧ ਅਤੇ ਕਸ਼ਮੀਰ ਪ੍ਰਤੀ ਆਪਣੀਆਂ ਇੱਛਾਵਾਂ ਜ਼ਾਹਰ ਕਰਨ ਵਿੱਚ ਕੋਈ ਝਿਜਕ ਨਹੀਂ। ਬੰਗਲਾਦੇਸ਼ ਵਿੱਚ ਘੱਟਗਿਣਤੀਆਂ ਦਾ ਗੰਭੀਰ ਦਮਨ ਅਤੇ ਨਿਸ਼ਾਨਾ ਬਣਾ ਕੇ ਕਤਲ ਕੀਤਾ ਜਾ ਰਿਹਾ ਹੈ। ਚੀਨ ਦਾ ਦਬਦਬਾ ਇੱਕ ਖ਼ਤਰਾ ਹੈ ਜੋ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਪੈਂਟਾਗਨ ਦੀਆਂ ਰਿਪੋਰਟਾਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਤਾਇਵਾਨ ਵਾਂਗ ਅਰੁਣਾਚਲ ਪ੍ਰਦੇਸ਼ ਵੀ ਚੀਨ ਲਈ ਵਿਸ਼ੇਸ਼ ਦਿਲਚਸਪੀ ਵਾਲਾ ਖੇਤਰ ਹੈ। ਅਰੁਣਾਚਲ ਦੀ ਸਰਹੱਦ ਦੇ ਨਾਲ-ਨਾਲ ਚੀਨ

ਗੁਰਬਚਨ ਜਗਤ

ਆਪਣੇ ਫ਼ੌਜੀ ਟਿਕਾਣਿਆਂ ਦਾ ਤੇਜ਼ੀ ਨਾਲ ਵਿਸਥਾਰ ਕਰ ਰਿਹਾ ਹੈ, ਜਿਸ ਵਿੱਚ ਸਰਹੱਦ ਉਤਲੇ ਭਾਰਤੀ ਫ਼ੌਜੀ ਟਿਕਾਣਿਆਂ ਨੇੜੇ ਬਣਾਏ ਗਏ ਏਅਰਬੇਸ ਅਤੇ ਹੈਂਗਰ ਸ਼ਾਮਲ ਹਨ। ਇਸ ਖੇਤਰ ਵਿੱਚ ਪਿੰਡ ਵੀ ਵਸਾ ਦਿੱਤੇ ਗਏ ਹਨ। ਚੇਤੇ ਰਹੇ ਕਿ ਲੱਦਾਖ ਖੇਤਰ ਰਾਹੀਂ ਚੀਨੀ ਸਾਡੇ ’ਤੇ ਨਜ਼ਰ ਰੱਖ ਰਹੇ ਹਨ। ਚੀਨ ਲਗਾਤਾਰ ਅਜਿਹੇ ਖੇਤਰਾਂ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ , ਜਿੱਥੇ ਸਰਹੱਦ ਨੇੜਲੇ ਭਾਰਤੀ ਫ਼ੌਜੀ ਟਿਕਾਣਿਆਂ ਨੇੜੇ ਚੀਨੀ ਅੱਡੇ ਸਥਾਪਿਤ ਕੀਤੇ ਜਾ ਸਕਣ। ਇਸੇ ਦੌਰਾਨ ਕਈ ‘ਉਲਫਾ’ ਤੱਤਾਂ ਦੇ ਚੀਨ ਤੋਂ ਲੈ ਕੇ ਬੰਗਲਾਦੇਸ਼ ਵਿੱਚ ਟਿਕਾਣੇ ਸਥਾਪਤ ਕਰਨ ਅਤੇ ਹੋਰ ਅਜਿਹੀਆਂ ਤਾਕਤਾਂ ਨਾਲ ਮਿਲ ਕੇ ਕੰਮ ਕਰਨ ਦੀਆਂ ਖ਼ਬਰਾਂ ਹਨ। ਇਹ ਤੱਤ ਪੱਛਮੀ ਬੰਗਾਲ, ਆਸਾਮ, ਮਿਜ਼ੋਰਮ, ਮਨੀਪੁਰ ਅਤੇ ਤ੍ਰਿਪੁਰਾ ਵਿੱਚ ਉਥਲ-ਪੁਥਲ ਪੈਦਾ ਕਰ ਸਕਣ ਵਾਲੀਆਂ ਮੁਹਿੰਮਾਂ ਨੂੰ ਵੀ ਹਵਾ ਦੇਣਗੇ। ਸਾਡੇ ਸੂਬਿਆਂ ਵਿੱਚ ਪਹਿਲਾਂ ਹੀ ਅੰਦਰੂਨੀ ਸਮੱਸਿਆਵਾਂ ਹਨ, ਜੋ ਹਾਲ ਹੀ ਦੇ ਸਾਲਾਂ ਵਿੱਚ ਵਧ ਗਈਆਂ ਹਨ।

ਉਦਾਹਰਣ ਵਜੋਂ, ਮੈਤੇਈ ਅਤੇ ਪਹਾੜੀ ਕਬੀਲਿਆਂ- ਕੁਕੀ, ਨਾਗਾ ਆਦਿ ਦਰਮਿਆਨ ਇਤਿਹਾਸਕ ਮਤਭੇਦਾਂ ਕਾਰਨ ਮਨੀਪੁਰ ਵੰਡਿਆ ਹੋਇਆ ਹੈ। ਇਹ ਪਹਾੜੀ ਕਬੀਲੇ ਮਿਜ਼ੋਰਮ, ਮੇਘਾਲਿਆ ਅਤੇ ਨਾਗਾਲੈਂਡ ਵਿੱਚ ਵੀ ਫੈਲੇ ਹੋਏ ਹਨ।

ਮਨੀਪੁਰ ਵਿੱਚ ਲਗਾਤਾਰ ਹਿੰਸਾ ਹੁੰਦੀ ਆ ਰਹੀ ਹੈ ਅਤੇ ਫ਼ੌਜ, ਨੀਮ ਫ਼ੌਜੀ ਬਲਾਂ ਅਤੇ ਪੁਲੀਸ ਬਲਾਂ ਦੀ ਭਾਰੀ ਮੌਜੂਦਗੀ ਹੈ। ਇਸ ਸਮੱਸਿਆ ਨੂੰ ਹੱਲ ਕਰਨ ਦੀ ਲੋੜ ਹੈ ਅਤੇ ਫ਼ੌਜ ਨੂੰ ਇੱਕ ਸਪੱਸ਼ਟ ਕਾਰਜ ਯੋਜਨਾ ਦਿੱਤੀ ਜਾਣੀ ਚਾਹੀਦੀ ਹੈ। ਮਿਜ਼ੋਰਮ, ਮੇਘਾਲਿਆ ਅਤੇ ਨਾਗਾਲੈਂਡ ਵਿੱਚ ਮੌਜੂਦ ਸ਼ਰਨਾਰਥੀ ਕੈਂਪ ਕਬੀਲਿਆਂ ਦੇ ਉੱਜੜ ਕੇ ਆਏ ਲੋਕਾਂ ਲਈ ਹਮਦਰਦੀ ਦਾ ਪ੍ਰਗਟਾਵਾ ਹਨ।

ਪਾਕਿਸਤਾਨ, ਬੰਗਲਾਦੇਸ਼, ਚੀਨ ਅਤੇ ਮਿਆਂਮਾਰ ਦੀ ਹਮਾਇਤ ਨਾਲ ਅੰਦਰੂਨੀ ਬਗ਼ਾਵਤਾਂ ਦੇ ਮੁੜ ਉੱਭਰਨ ਦੀ ਸੰਭਾਵਨਾ ਇਸ ਸਮੱਸਿਆ ਨੂੰ ਹੋਰ ਵੀ ਵਧਾ ਰਹੀ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਬਗ਼ਾਵਤਾਂ ਨੂੰ ਪਹਿਲਾਂ ਲੋਕਾਂ ਦੀ ਹਮਾਇਤ ਹਾਸਲ ਸੀ। ਇਨ੍ਹਾਂ ਖੇਤਰਾਂ ਵਿੱਚ ਆਮ ਸਿਆਸੀ ਸਰਗਰਮੀਆਂ ਲੰਮਾ ਸਮਾਂ ਬੰਦ ਰਹੀਆਂ ਅਤੇ ਫ਼ੌਜੀ, ਕੂਟਨੀਤਕ ਅਤੇ ਸਿਵਿਲ ਪ੍ਰਸ਼ਾਸਨ ਨੂੰ ਇਨ੍ਹਾਂ ਨੂੰ ਕਾਬੂ ਕਰਨ ਵਿੱਚ ਦਹਾਕੇ ਲੱਗ ਗਏ।

ਇਨ੍ਹਾਂ ਸੰਗਠਨਾਂ ਦੇ ਸਾਂਝੇ ਯਤਨਾਂ ਸਦਕਾ ਹੀ ਸਿਆਸੀ ਕਾਰਵਾਈ ਸੰਭਵ ਹੋ ਸਕੀ। ਅੱਜ ਵੀ ਕੁਝ ਨਾਗਰਿਕਾਂ, ਸੇਵਾਮੁਕਤ ਫ਼ੌਜੀਆਂ ਤੇ ਪੁਲੀਸ ਅਧਿਕਾਰੀਆਂ ਨੂੰ ਉਸ ਸਮੇਂ ਦੀਆਂ ਭਿਆਨਕ ਕਹਾਣੀਆਂ ਯਾਦ ਹਨ। ਪਿਛਲੇ ਕਈ ਦਹਾਕਿਆਂ ਦੌਰਾਨ ਬਹੁਤ ਸਾਰਾ ਲਹੂ ਵਹਾਇਆ ਜਾ ਚੁੱਕਾ ਹੈ - ਸਾਡੇ ਸੁਰੱਖਿਆ ਕਰਮਚਾਰੀਆਂ ਅਤੇ ਇਨ੍ਹਾਂ ਸੂਬਿਆਂ ਵਿੱਚ ਰਹਿਣ ਵਾਲੇ ਸਾਡੇ ਆਪਣੇ ਲੋਕਾਂ ਦਾ ਲਹੂ। ਹੁਣ ਸਾਨੂੰ ਇਸ ਸਮੱਸਿਆ ਨੂੰ ਹੱਲ ਕਰਨ ਲਈ ਆਪਣੇ ਸਿਆਸੀ ਅਤੇ ਨਾਗਰਿਕ ਸਮਾਜ ਦੇ ਸਾਰੇ ਸਰੋਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਸਾਨੂੰ ਮੁੜ ਹਥਿਆਰਾਂ ਦਾ ਸਹਾਰਾ ਨਾ ਲੈਣਾ ਪਵੇ। ਜਿਵੇਂ ਵੀ ਸਹੀ ਲੱਗੇ, ਸਾਨੂੰ ਦੁਸ਼ਮਣ ਦਾ ਦ੍ਰਿੜ੍ਹਤਾ ਨਾਲ ਸਾਹਮਣਾ ਕਰਨਾ ਚਾਹੀਦਾ ਹੈ, ਪਰ ਸਾਨੂੰ ਉਨ੍ਹਾਂ ਦੇ ਗ਼ਲਤ ਮਨਸੂਬਿਆਂ ਨੂੰ ਕਿਸੇ ਵੀ ਸੂਰਤ ਸਫ਼ਲ ਨਹੀਂ ਹੋਣ ਦੇਣਾ ਚਾਹੀਦਾ।

ਪਾਕਿਸਤਾਨ, ਬੰਗਲਾਦੇਸ਼, ਮਿਆਂਮਾਰ ਅਤੇ ਚੀਨ ਦੀ ਆਪਸੀ ਸਾਂਝ ਇੱਕ ਹਕੀਕਤ ਹੈ, ਕੋਰੀ ਕਲਪਨਾ ਨਹੀਂ। ਜੇਕਰ ਇਸ ਨਾਲ ਨਾ ਸਿੱਝਿਆ ਗਿਆ ਤਾਂ ਇਹ ਬਾਗ਼ੀ ਤੱਤਾਂ ਨਾਲ ਜੁੜ ਜਾਵੇਗੀ ਅਤੇ ਹਾਲਾਤ ਵਿਗੜ ਜਾਣਗੇ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਅੱਜ ਅਮਰੀਕਾ ਆਪਣੇ ਹਿੱਤਾਂ ਨੂੰ ਵਾਰਾ ਖਾਂਦੀ ਰਣਨੀਤੀ ਅਪਣਾ ਰਿਹਾ ਹੈ। ਅਮਰੀਕੀਆਂ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਸਾਡੇ ਦੇਸ਼ ਦੇ ਹਿੱਤ ਅਮਰੀਕਾ ਦੇ ਹਿੱਤਾਂ ਨਾਲ ਮੇਲ ਖਾਂਦੇ ਹਨ ਜਾਂ ਨਹੀਂ। ਹੁਣ ਕਾਰਵਾਈ ਕਰਨ ਦਾ ਸਮਾਂ ਹੈ। ਕੀ ਅਸੀਂ ਚੁਣੌਤੀ ਨੂੰ ਪਛਾਣਨ ਅਤੇ ਦਲੇਰੀ ਨਾਲ ਇਸ ਦਾ ਸਾਹਮਣਾ ਕਰਨ ਲਈ ਤਿਆਰ ਹਾਂ ? ਜਿਵੇਂ ਸ਼ੈਕਸਪੀਅਰ ਨੇ ਲਿਖਿਆ ਸੀ, “ਮਨੁੱਖੀ ਮਾਮਲਿਆਂ ਵਿੱਚ ਇੱਕ ਲਹਿਰ ਆਉਂਦੀ ਹੈ, ਜੇਕਰ ਉਹ ਸਹੀ ਸਮੇਂ ’ਤੇ ਪਛਾਣੀ ਜਾਵੇ ਤਾਂ ਕਿਸਮਤ ਬਦਲ ਦਿੰਦੀ ਹੈ...।”

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

### ਵੀਰ ਬਾਲ ਦਿਵਸ

# ਆਪਰੇਸ਼ਨ ਸਿੰਧੂਰ ਦੌਰਾਨ ਹਿੰਮਤ ਦਿਖਾਉਣ ਵਾਲਾ ਸਰਵਨ ਸਿੰਘ ਰਾਸ਼ਟਰਪਤੀ ਵੱਲੋਂ ਸਨਮਾਨਿਤ



ਫਿਰੋਜ਼ਪੁਰ : ਇੱਥੋਂ ਦੇ ਪਿੰਡ ਚੱਕ ਤਰਾਂ ਵਾਲੀ ਦੇ 10 ਸਾਲਾ ਬੱਚੇ ਸ਼ਰਵਣ ਸਿੰਘ ਨੂੰ ਵੀਰ ਬਾਲ ਦਿਵਸ ਮੌਕੇ ਭਾਰਤ ਦੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਨਵੀਂ ਦਿੱਲੀ ਦੇ ਵਿਗਿਆਨ ਭਵਨ 'ਚ 'ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ' ਨਾਲ ਸਨਮਾਨਿਤ ਕੀਤਾ ਹੈ। ਸ਼ਰਵਣ ਸਿੰਘ ਨੂੰ ਇਹ ਪੁਰਸਕਾਰ ਮਈ 2025 'ਚ ਅਪਰੇਸ਼ਨ ਸਿੰਧੂਰ ਦੌਰਾਨ ਉਸ ਦੀ ਬੇਮਿਸਾਲ ਸੂਝ-ਬੂਝ, ਹਿੰਮਤ ਅਤੇ ਬਿਨਾਂ ਕਿਸੇ ਲਾਲਚ ਦੇ ਕੀਤੀ ਗਈ ਸੇਵਾ ਲਈ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਸ਼ਰਵਣ ਸਿੰਘ ਭਾਰਤ-ਪਾਕਿਸਤਾਨ ਸਰਹੱਦ 'ਤੇ ਤਣਾਅਪੂਰਨ ਭਰੇ ਮਾਹੌਲ ਵਿੱਚ ਬਾਰਡਰ ਤੇ ਡਟੀਆਂ ਫ਼ੌਜਾਂ ਨੂੰ ਮੱਦਦ ਪਹੁੰਚਾਉਂਦਾ ਰਿਹਾ ਸੀ। ਜਿਸ ਸਮੇਂ ਕੋਈ ਵਿਅਕਤੀ ਡਰਦੇ ਹੋਏ ਆਪਣੇ ਘਰ ਤੋਂ ਬਾਹਰ ਨਹੀਂ ਨਿਕਲ ਰਿਹਾ ਸੀ ਅਤੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਬਲੈਕ ਆਊਟ ਕੀਤਾ ਗਿਆ ਸੀ, ਉਸ ਦੌਰਾਨ ਸ਼ਰਵਣ ਸਿੰਘ ਦੁਸ਼ਮਣ ਦੇਸ਼ ਦੇ ਡਰੋਨਾਂ ਦੀ ਪਰਿਵਾਹ ਨਾ ਕਰਦੇ ਹੋਏ ਆਪਣੀ ਜਾਨ ਜ਼ੋਖਮ ਵਿਚ ਪਾ ਕੇ ਸੇਵਾ ਕਰਨ ਲਈ ਭਾਰਤੀ ਫੌਜਾਂ ਤੱਕ ਪਹੁੰਚ ਕੇ ਉਨਾਂ ਦਾ ਹੌਸਲਾ ਵਧਾਉਂਦਾ ਰਿਹਾ ਸੀ। ਸ਼ਰਵਣ ਸਿੰਘ ਫ਼ੌਜਾਂ ਨੂੰ ਚਾਹ, ਦੁੱਧ, ਪਾਣੀ, ਬਰਫ਼, ਅਤੇ ਲੱਸੀ ਸਮੇਤ ਵਰਗੀਆਂ ਜ਼ਰੂਰੀ ਚੀਜ਼ਾਂ ਪਹੁੰਚਾਉਂਦਾ ਸੀ।

ਜਿਸ ਲਈ ਫ਼ੌਜ ਵਲੋਂ ਵੀ ਸ਼ਰਵਣ ਸਿੰਘ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ ਅਤੇ ਫ਼ੌਜ ਨੇ ਹੀ ਉਸ ਦੀ ਪੜ੍ਹਾਈ ਜ਼ਿੰਮਾ ਚੁੱਕਿਆ ਹੋਇਆ ਹੈ। ਅੱਜ ਰਾਸ਼ਟਰਪਤੀ ਵਲੋਂ 'ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ' ਨਾਲ ਸ਼ਰਵਣ ਸਿੰਘ ਨੂੰ ਸਨਮਾਨਿਤ ਕੀਤਾ ਗਿਆ ਹੈ।

# ਮੁਰਮੂ ਤੇ ਮੋਦੀ ਵੱਲੋਂ ਪ੍ਰਕਾਸ਼ ਪੁਰਬ ਦੀ ਵਧਾਈ

## ਯੂ ਪੀ ਅਤੇ ਅਰੁਣਾਚਲ ਦੇ ਮੁੱਖ ਮੰਤਰੀਆਂ ਨੇ ਵੀ ਕੀਤਾ ਸਿਜਦਾ



ਬਿਹਾਰ ਦੇ ਰਾਜਪਾਲ ਆਰਿਫ਼ ਮੁਹੰਮਦ ਖ਼ਾਨ ਗੁਰੂ ਗੋਬਿੰਦ ਸਿੰਘ ਜੀ ਦੇ 359ਵੇਂ ਪ੍ਰਕਾਸ਼ ਪੁਰਬ ਮੌਕੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੰਗਰ ਵਰਤਾਉਂਦੇ ਹੋਏ।

ਨਵੀਂ ਦਿੱਲੀ : ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਧਾਈ ਦਿੱਤੀ ਹੈ। ਰਾਸ਼ਟਰਪਤੀ ਮੁਰਮੂ ਨੇ ਆਸ ਪ੍ਰਗਟਾਈ ਕਿ ਏਕਤਾ, ਦਯਾ ਅਤੇ ਸਾਰਿਆਂ ਪ੍ਰਤੀ ਸਨਮਾਨ 'ਤੇ ਅਧਾਰਿਤ ਸਮਾਜ ਦੇ ਨਿਰਮਾਣ ਲਈ ਗੁਰੂ ਗੋਬਿੰਦ ਸਿੰਘ ਦੀਆਂ ਸਿੱਖਿਆਵਾਂ ਪੂਰੀ ਲੋਕਾਈ ਦਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਹੌਂਸਲੇ, ਦਯਾ ਅਤੇ ਤਿਆਗ ਦੇ ਪ੍ਰਤੀਕ ਹਨ ਅਤੇ ਉਨ੍ਹਾਂ ਦਾ ਜੀਵਨ ਤੇ ਸਿੱਖਿਆਵਾਂ ਸਾਰਿਆਂ ਨੂੰ ਸੱਚ, ਨਿਆਂ ਅਤੇ ਧਰਮ ਲਈ ਡਟ ਕੇ ਖੜ੍ਹੇ ਰਹਿਣ ਅਤੇ ਮਨੁੱਖਤਾ ਦੀ ਰੱਖਿਆ ਕਰਨ ਲਈ ਪ੍ਰੇਰਿਤ ਕਰਦੀਆਂ ਹਨ।

ਪ੍ਰਧਾਨ ਮੰਤਰੀ ਨੇ ਤਖ਼ਤ ਹਰਿਮੰਦਰ ਪਟਨਾ ਸਾਹਿਬ ਦੇ ਆਪਣੇ ਦੌਰੇ ਦੀਆਂ ਕੁਝ ਤਸਵੀਰਾਂ ਵੀ ਸਾਂਝੀਆਂ ਕੀਤੀਆਂ, ਜਿਥੇ ਉਨ੍ਹਾਂ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਨਾਲ ਸਬੰਧਤ ਪਵਿੱਤਰ 'ਜੋੜੇ ਸਾਹਿਬ' ਦੇ ਵੀ ਦਰਸ਼ਨ ਕੀਤੇ ਸਨ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਵੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਦਸਵੇਂ ਸਿੱਖ ਗੁਰੂ ਦਾ ਅਨਿਆਂ ਅਤੇ ਅਧਰਮ ਖ਼ਿਲਾਫ਼ ਸੰਘਰਸ਼ ਲੋਕਾਂ ਨੂੰ ਸੱਚ ਅਤੇ ਨਿਡਰਤਾ ਦੇ ਮਾਰਗ 'ਤੇ ਡਟੇ ਰਹਿਣ ਲਈ ਪ੍ਰੇਰਿਤ ਕਰਦਾ ਹੈ। ਯੂ ਪੀ ਦੇ ਉਪ ਮੁੱਖ ਮੰਤਰੀਆਂ ਬ੍ਰਜੇਸ਼ ਪਾਠਕ ਅਤੇ ਕੇਸ਼ਵ ਪ੍ਰਸਾਦ ਮੌਰਿਆ ਨੇ ਵੀ ਗੁਰਪੁਰਬ ਦੀ ਵਧਾਈ ਦਿੱਤੀ। ਉਧਰ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਅਤੇ ਉਪ ਮੁੱਖ ਮੰਤਰੀ ਚੋਵਨਾ ਮੀਨ ਨੇ ਵੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।

# ਰਾਸ਼ਟਰਪਤੀ ਵੱਲੋਂ 20 ਬੱਚੇ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਨਾਲ ਸਨਮਾਨਿਤ




ਨਵੀਂ ਦਿੱਲੀ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸ਼ੁੱਕਰਵਾਰ ਨੂੰ ਨਵੀਂ ਦਿੱਲੀ ਵਿੱਚ ਆਯੋਜਿਤ ਇੱਕ ਸਮਾਗਮ ਦੌਰਾਨ ਬਹਾਦਰੀ, ਸਮਾਜ ਸੇਵਾ, ਵਾਤਾਵਰਣ, ਖੇਡਾਂ, ਕਲਾ ਅਤੇ ਸੱਭਿਆਚਾਰ ਅਤੇ ਵਿਗਿਆਨ ਤੇ ਤਕਨਾਲੋਜੀ ਦੇ ਖੇਤਰਾਂ ਵਿੱਚ ਬੇਮਿਸਾਲ ਪ੍ਰਾਪਤੀਆਂ ਲਈ 20 ਬੱਚਿਆਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਪ੍ਰਦਾਨ ਕੀਤੇ।

ਇਸ ਮੌਕੇ ਬੋਲਦਿਆਂ ਉਨ੍ਹਾਂ ਨੇ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਨ੍ਹਾਂ ਬੱਚਿਆਂ ਨੇ ਆਪਣੇ ਪਰਿਵਾਰਾਂ, ਭਾਈਚਾਰਿਆਂ ਅਤੇ ਪੂਰੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਰਾਸ਼ਟਰਪਤੀ ਨੇ 26 ਦਸੰਬਰ ਨੂੰ ਮਨਾਏ ਜਾਣ ਵਾਲੇ 'ਵੀਰ ਬਾਲ ਦਿਵਸ' ਦੀ ਮਹੱਤਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਦਸਵੇਂ ਸਿੱਖ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਚਾਰ ਸਾਹਿਬਜ਼ਾਦਿਆਂ ਨੇ ਸੱਚ ਅਤੇ ਨਿਆਂ ਦੀ ਲੜਾਈ ਲੜਦਿਆਂ ਸਰਵਉੱਚ ਕੁਰਬਾਨੀਆਂ ਦਿੱਤੀਆਂ ਸਨ।

ਉਨ੍ਹਾਂ ਕਿਹਾ ਕਿ ਦੋ ਛੋਟੇ ਸਾਹਿਬਜ਼ਾਦਿਆਂ - ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ - ਦੀ ਬਹਾਦਰੀ ਦਾ ਭਾਰਤ ਅਤੇ ਵਿਦੇਸ਼ਾਂ ਵਿੱਚ ਸਨਮਾਨ ਕੀਤਾ ਜਾਂਦਾ ਹੈ। ਰਾਸ਼ਟਰਪਤੀ ਨੇ ਵੱਖ-ਵੱਖ ਜੇਤੂਆਂ ਦਾ ਜ਼ਿਕਰ ਕੀਤਾ, ਜਿਨ੍ਹਾਂ ਵਿੱਚ ਸੱਤ ਸਾਲਾ ਸ਼ਤਰੰਜ ਖਿਡਾਰਨ ਵਾਕਾ ਲਕਸ਼ਮੀ ਪ੍ਰਗਨਿਕਾ, ਬਹਾਦਰੀ ਦਿਖਾਉਣ ਵਾਲੇ ਅਜੇ ਰਾਜ ਅਤੇ ਮੁਹੰਮਦ ਸਿਦਾਨ ਪੀ, ਅਤੇ ਦੂਜਿਆਂ ਦੀ ਜਾਨ ਬਚਾਉਂਦੇ ਹੋਏ ਆਪਣੀ ਜਾਨ ਗੁਆਉਣ ਵਾਲੀ ਵਿਓਮਾ ਪ੍ਰਿਆ ਅਤੇ ਕਮਲੇਸ਼ ਕੁਮਾਰ ਸ਼ਾਮਲ ਹਨ।

ਉਨ੍ਹਾਂ ਨੇ 10 ਸਾਲਾ ਸ਼ਰਵਣ ਸਿੰਘ ਦੀ ਵੀ ਸ਼ਲਾਘਾ ਕੀਤੀ ਜਿਸ ਨੇ ਸਰਹੱਦ 'ਤੇ ਭਾਰਤੀ ਸੈਨਿਕਾਂ ਨੂੰ ਦੁੱਧ ਅਤੇ ਲੱਸੀ ਪਹੁੰਚਾਈ ਅਤੇ ਕ੍ਰਿਕਟ ਵਿੱਚ ਰਿਕਾਰਡ ਬਣਾਉਣ ਵਾਲੇ ਵੈਭਵ ਸੂਰਿਆਵੰਸ਼ੀ ਦਾ ਵੀ ਨਾਮ ਲਿਆ। ਮਹਿਲਾ ਅਤੇ ਬਾਲ ਵਿਕਾਸ ਮੰਤਰੀ ਅੰਨਪੂਰਨਾ ਦੇਵੀ ਨੇ ਕਿਹਾ ਕਿ ਇਸ ਸਾਲ 18 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 20 ਪ੍ਰਤਿਭਾਸ਼ਾਲੀ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ ਹੈ, ਜੋ ਦੇਸ਼ ਦੀ ਮਜ਼ਬੂਤ ਬੁਨਿਆਦ ਦਾ ਪ੍ਰਤੀਕ ਹਨ।

# ਸਾਹਿਬਜ਼ਾਦਿਆਂ ਦਾ ਜੀਵਨ ਅਤੇ ਆਦਰਸ਼ ਪੀੜ੍ਹੀਆਂ ਤੱਕ ਪ੍ਰੇਰਿਤ ਕਰਦੇ ਰਹਿਣਗੇ : ਪ੍ਰਧਾਨ ਮੰਤਰੀ ਮੋਦੀ

## ਕਿਹਾ, 'ਵੀਰ ਬਾਲ ਦਿਵਸ' ਬੱਚਿਆਂ 'ਚ ਬਹਾਦਰੀ, ਆਤਮ ਵਿਸ਼ਵਾਸ ਤੇ ਰਾਸ਼ਟਰ ਸੇਵਾ ਦੀ ਭਾਵਨਾ ਮਜ਼ਬੂਤ ਕਰਦੇ






ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਮੰਡਪਮ ਵਿਖੇ 'ਵੀਰ ਬਾਲ ਦਿਵਸ' ਸੰਬੰਧੀ ਪ੍ਰੋਗਰਾਮ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਯਾਦ ਕਰ ਰਹੇ ਹਾਂ, ਜਿਹੜੇ ਆਪਣੀਆਂ ਨਿੱਕੀਆਂ ਉਮਰਾਂ ਦੇ ਬਾਵਜੂਦ ਉਸ ਸਮੇਂ ਦੀ ਜ਼ਾਲਮ ਹਕੂਮਤ ਦੇ ਖ਼ਿਲਾਫ਼ ਚੱਟਾਨ ਵਾਂਗ ਡਟੇ ਰਹੇ ਅਤੇ ਫਿਰ ਆਪਣੀਆਂ ਸ਼ਹਾਦਤਾਂ ਦੇ ਕੇ ਧਾਰਮਿਕ ਕੱਟੜਤਾ ਅਤੇ ਅੱਤਵਾਦ ਦਾ ਵਜੂਦ ਹਿਲਾ ਕੇ ਰੱਖ ਦਿੱਤਾ । ਮੋਦੀ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਹਮੇਸ਼ਾ ਯਾਦ ਰੱਖਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ 'ਵੀਰ ਬਾਲ ਦਿਵਸ' ਦਾ ਇਹ ਦਿਨ ਭਾਵਨਾਵਾਂ ਅਤੇ ਸਤਿਕਾਰ ਨਾਲ ਭਰਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਉਸ ਸਮੇਂ ਲੜਾਈ ਦੇ ਇਕ ਪਾਸੇ ਗੁਰੂ ਗੋਬਿੰਦ ਸਿੰਘ ਜੀ ਸਨ ਅਤੇ ਦੂਜੇ ਪਾਸੇ ਔਰੰਗਜ਼ੇਬ ਦੀ ਜ਼ਾਲਮ ਹਕੂਮਤ ਸੀ। ਇਹ ਲੜਾਈ ਭਾਰਤ ਦੇ ਮੂਲ ਆਦਰਸ਼ਾਂ ਅਤੇ ਧਾਰਮਿਕ ਕੱਟੜਤਾ ਦੇ ਵਿਚਕਾਰ ਸੀ। ਸਾਹਿਬਜ਼ਾਦਿਆਂ ਨੂੰ ਭਾਰਤ ਦਾ ਮਾਣ ਕਰਾਰ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸਾਹਿਬਜ਼ਾਦੇ ਇਕ ਵਿਲੱਖਣ ਸ਼ਹਾਦਤ ਦੀ ਮਿਸਾਲ ਹਨ, ਕਿਉਂਕਿ ਨਿੱਕੀ ਉਮਰ ਵਿਚ ਹੀ ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਨੂੰ ਆਪਣੇ ਸਮੇਂ ਦੀ ਸਭ ਤੋਂ ਸ਼ਕਤੀਸ਼ਾਲੀ ਹਕੂਮਤ ਨਾਲ ਟਕਰਾਉਣਾ ਪਿਆ। ਉਨ੍ਹਾਂ ਦੀ ਬਹਾਦਰੀ ਅੱਜ ਵੀ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਦਾ ਸਰੋਤ ਹੈ। ਔਰੰਗਜ਼ੇਬ ਨੇ ਬੇਸ਼ੱਕ ਜ਼ੁਲਮਾਂ ਦੀ ਹੱਦ ਪਾਰ ਕਰਦਿਆਂ ਸਾਹਿਬਜ਼ਾਦਿਆਂ ਦੀ ਛੋਟੀ ਉਮਰ 'ਤੇ ਵੀ ਕੋਈ ਰਹਿਮ ਨਹੀਂ ਵਿਖਾਇਆ ਪਰ ਉਹ ਸਾਹਿਬਜ਼ਾਦਿਆਂ ਵਿਚੋਂ ਇਕ ਦਾ ਵੀ ਹੌਸਲਾ ਡਿਗਾ ਨਹੀਂ ਸਕਿਆ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਾਨੂੰ ਖ਼ੁਸ਼ੀ ਹੁੰਦੀ ਹੈ ਕਿ ਸਾਡੀ ਸਰਕਾਰ ਨੇ ਸਾਹਿਬਜ਼ਾਦਿਆਂ ਦੀ ਬਹਾਦਰੀ ਤੋਂ ਪ੍ਰੇਰਿਤ ਹੋ ਕੇ 'ਵੀਰ ਬਾਲ ਦਿਵਸ' ਮਨਾਉਣਾ ਸ਼ੁਰੂ ਕੀਤਾ ਹੈ। ਇਸ ਦਿਨ ਨੂੰ ਸ਼ਰਧਾ, ਹਿੰਮਤ ਅਤੇ ਅਟੁੱਟ ਵਿਸ਼ਵਾਸ ਦਾ ਪ੍ਰਤੀਕ ਦੱਸਦਿਆਂ ਮੋਦੀ ਨੇ ਕਿਹਾ ਕਿ 'ਵੀਰ ਬਾਲ ਦਿਵਸ' ਸਾਨੂੰ ਇਤਿਹਾਸ ਦੇ ਉਨ੍ਹਾਂ ਪੰਨਿਆਂ ਦੀ ਯਾਦ ਦਿਵਾਉਂਦਾ ਹੈ, ਜਿਥੇ ਛੋਟੀ ਉਮਰ ਵਿਚ ਵੀ ਸੱਚ ਲਈ ਬੇਮਿਸਾਲ ਬਹਾਦਰੀ, ਸ਼ਰਧਾ ਅਤੇ ਸਰਬਉੱਚ ਕੁਰਬਾਨੀ ਦਿੱਤੀ ਗਈ ਸੀ। ਮੋਦੀ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੀ ਬਹਾਦਰੀ ਤੋਂ ਪ੍ਰੇਰਿਤ ਹੋ ਕੇ ਅਸੀਂ 26 ਦਸੰਬਰ ਨੂੰ ਬਾਲ ਦਿਵਸ ਦੇ ਰੂਪ ਵਿਚ ਮਨਾਉਣ ਦੀ ਸ਼ੁਰੂਆਤ ਕੀਤੀ। ਬੀਤੇ 4 ਸਾਲਾਂ ਵਿਚ ਇਹ ਪਰੰਪਰਾ ਯਾਨੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਭਾਵਨਾ ਨੂੰ ਬੱਚਿਆਂ ਅਤੇ ਨੌਜਵਾਨਾਂ ਤੱਕ ਸਫ਼ਲਤਾਪੂਰਵਕ ਪਹੁੰਚਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਤੈਅ ਕੀਤਾ ਹੈ ਕਿ ਗੁਲਾਮੀ ਦੀ ਮਾਨਸਿਕਤਾ ਤੋਂ ਮੁਕਤੀ ਪਾਉਣੀ ਹੀ ਹੋਵੇਗੀ। ਹੁਣ ਦੇਸ਼ ਦੇ ਨਾਇਕਾਂ ਨੂੰ ਹਾਸ਼ੀਏ 'ਤੇ ਨਹੀਂ ਰੱਖਿਆ ਜਾਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ 'ਵੀਰ ਬਾਲ ਦਿਵਸ' ਨੇ ਦੇਸ਼ ਦੀ ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ ਨਾਲ ਜੋੜਨ ਦਾ ਕੰਮ ਕੀਤਾ ਹੈ। ਇਹ ਦਿਨ ਬੱਚਿਆਂ ਵਿਚ ਬਹਾਦਰੀ, ਆਤਮ ਵਿਸ਼ਵਾਸ ਅਤੇ ਰਾਸ਼ਟਰ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਮੰਚ ਰਾਹੀਂ ਦੇਸ਼ ਭਰ ਦੇ ਬੱਚਿਆਂ ਨੂੰ ਅੱਗੇ ਵਧਣ ਅਤੇ ਕੁਝ ਨਵਾਂ ਕਰਨ ਦੇ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਮੋਦੀ ਨੇ ਦੱਸਿਆ ਕਿ ਇਸ ਸਾਲ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ 20 ਬੱਚਿਆਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ।




LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਸਿੱਖ ਆਫ ਅਮੈਰੀਕਾ ਦੇ ਵਫਦ ਨੇ ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ ਨਾਲ ਕੀਤੀ ਮੁਲਾਕਾਤ

## ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕੀਤੀ ਉੱਚ ਪੱਧਰੀ ਵਫਦ ਦੀ ਅਗਵਾਈ



ਵਾਸ਼ਿੰਗਟਨ (ਰਾਜ ਗੋਗਨਾ/ਕੁਲਵਿੰਦਰ ਫਲੋਰਾ) : ਸਿੱਖਸ ਆਫ ਅਮੈਰਿਕਾ ਦਾ ਇੱਕ ਉੱਚ ਪੱਧਰੀ ਵਫਦ ਚੇਅਰਮੈਨ ਸ. ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਇਨ੍ਹੀ ਦਿਨੀਂ ਪਾਕਿਸਤਾਨ ਦੇ ਦੌਰੇ 'ਤੇ ਹੈ। ਇਸ ਵਫਦ ਵੱਲੋਂ ਜਿੱਥੇ ਸਿੱਖ ਭਾਈਚਾਰੇ ਦੇ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ ਜਾ ਰਹੀਆਂ ਹਨ ਉਥੇ ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ ਸ਼ਰੀਫ ਨਾਲ ਵੀ ਮੁਲਾਕਾਤ ਕੀਤੀ ਗਈ। ਇਸ ਮੌਕੇ ਸਰਕਾਰ ਵੱਲੋਂ ਸ. ਰਮੇਸ਼ ਸਿੰਘ ਅਰੋੜਾ ਪੰਜਾਬ ਮਨੁੱਖੀ ਅਧਿਕਾਰ ਅਤੇ ਘੱਟ ਗਿਣਤੀ ਮੰਤਰੀ ਪੰਜਾਬ ਵੀ ਹਾਜ਼ਰ ਸਨ। ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਸ. ਜਸਦੀਪ ਸਿੰਘ ਜੱਸੀ ਦੀ ਅਗਵਾਈ ਵਾਲੇ ਇਸ ਵਫਦ 'ਚ ਵਾਈਸ ਪ੍ਰੈਜੀਡੈਂਟ ਸ. ਬਲਜਿੰਦਰ ਸਿੰਘ ਸ਼ੰਮੀ, ਸ. ਇੰਦਰਜੀਤ ਸਿੰਘ ਗੁਜਰਾਲ ਜਨਰਲ ਸਕੱਤਰ, ਸ. ਗੁਰਵਿੰਦਰ ਸਿੰਘ ਸੇਠੀ, ਸ. ਦਵਿੰਦਰ ਸਿੰਘ ਛਿੱਬ ਅਤੇ ਸ. ਸੰਨੀ ਮੱਲੀ ਡਾਇਰੈਕਟਰ ਵੀ ਸ਼ਾਮਿਲ ਸਨ। ਇਸ ਮੌਕੇ ਸ. ਜਸਦੀਪ ਸਿੰਘ ਜੱਸੀ ਨੇ ਗੁਰਦੁਆਰਾ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਵਿੱਚ ਹੜ੍ਹ ਦੇ ਪਾਣੀ ਨੂੰ ਤੇਜ਼ੀ ਨਾਲ ਬਾਹਰ ਕੱਢ ਕੇ ਦੁਬਾਰਾ ਸਫਾਈ ਕਰਾਉਣ ਸਿੱਖ ਮੈਰਿਜ ਐਕਟ ਨੂੰ ਲਾਗੂ ਕਰਨ ਅਤੇ ਪੰਜਾਬੀ 'ਚ ਸਾਈਨ ਬੋਰਡ ਲਗਵਾਉਣ ਲਈ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ ਦਾ ਧੰਨਵਾਦ ਕੀਤਾ। ਇਸ ਦੇ ਨਾਲ ਹੀ ਸ. ਜੱਸੀ ਨੇ ਕਿਹਾ ਕਿ ਉਹ ਆਸ ਕਰਦੇ ਹਨ ਕਿ ਕਰਤਾਰਪੁਰ ਸਾਹਿਬ ਲਾਂਘਾ ਦੁਬਾਰਾ ਖੁੱਲੇ ਅਤੇ ਵਾਹਗਾ ਬਾਰਡਰ ਰਾਹੀਂ ਦੋਵਾਂ ਦੇਸ਼ਾਂ 'ਚ ਵਪਾਰ ਵੀ ਸ਼ੁਰੂ ਹੋਵੇ ਤੇ ਦੋਵਾਂ ਦੇਸ਼ਾਂ ਦੇ ਲੋਕਾਂ ਵਿੱਚ ਆਪਸੀ ਭਾਈਚਾਰਕ ਸਾਂਝ ਵਧੇ। ਇਸ ਮੌਕੇ ਮੁੱਖ ਮੰਤਰੀ ਮਰੀਅਰ ਨਵਾਜ ਸ਼ਰੀਫ ਵੱਲੋਂ ਵੀ ਸਿੱਖ ਆਫ ਅਮੈਰੀਕਾ ਵੱਲੋਂ ਵਿਸ਼ਵ ਪੱਧਰ ਤੇ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਨੂੰ ਸਰਾਹਿਆ ਵੀ ਗਿਆ ਅਤੇ ਕਿਹਾ ਕਿ ਉਹਨਾਂ ਨੂੰ ਆਸ ਹੈ ਕਿ ਇਹ ਜਥੇਬੰਦੀ ਹਮੇਸ਼ਾ ਹੀ ਮਨੁੱਖਤਾ ਦੀ ਭਲਾਈ ਦਾ ਹੋਕਾ ਦਿੰਦੀ ਰਹੇਗੀ ਤੇ ਜਿਹੜੀ ਆਸ ਜੱਸੀ ਨੇ ਕੀਤੀ ਹੈ ਉਹ ਜਰੂਰ ਪੂਰੀ ਹੋਵੇ।

# ਚੀਨ ਨੇ ਖਿੱਚੀ ਜੰਗ ਦੀ ਤਿਆਰੀ..! ਅਮਰੀਕੀ ਸੈਨੇਟਰ ਨੇ ਦਿੱਤੀ ਚਿਤਾਵਨੀ

ਚੀਨ ਅਤੇ ਤਾਈਵਾਨ ਵਿਚਾਲੇ ਵਧਦੇ ਤਣਾਅ ਦਰਮਿਆਨ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਸੈਨੇਟਰ ਰੋਜਰ ਵਿਕਰ ਨੇ ਚਿਤਾਵਨੀ ਭਰੇ ਲਹਿਜੇ 'ਚ ਕਿਹਾ ਹੈ ਕਿ ਚੀਨ ਨੇ ਤਾਈਵਾਨ 'ਤੇ ਹਮਲਾ ਕਰਨ ਦੀਆਂ ਆਪਣੀਆਂ ਤਿਆਰੀਆਂ ਨੂੰ ਕਾਫ਼ੀ ਤੇਜ਼ ਕਰ ਦਿੱਤਾ ਹੈ। ਉਨ੍ਹਾਂ ਅਨੁਸਾਰ, ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ (PLA) ਵੱਲੋਂ ਕੀਤੇ ਜਾ ਰਹੇ ਅਭਿਆਸ ਅਸਲ 'ਚ ਤਾਈਵਾਨ ਦੀ ਨਾਕੇਬੰਦੀ (Blockade) ਕਰਨ ਦੀ ਸਮਰੱਥਾ ਦਿਖਾਉਣ ਅਤੇ ਤਾਈਪੇ 'ਤੇ ਦਬਾਅ ਬਣਾਉਣ ਲਈ ਤਿਆਰ ਕੀਤੇ ਗਏ ਹਨ।

**ਜੰਗੀ ਅਭਿਆਸਾਂ ਰਾਹੀਂ ਦਬਾਅ ਬਣਾਉਣ ਦੀ ਕੋਸ਼ਿਸ਼ :** ਸੈਨੇਟਰ ਵਿਕਰ ਨੇ ਦੱਸਿਆ ਕਿ ਚੀਨ ਵੱਲੋਂ ਬਹੁਤ ਹੀ ਘੱਟ ਸਮੇਂ ਦੇ ਨੋਟਿਸ 'ਤੇ ਕੀਤੇ ਜਾ ਰਹੇ ਇਹ ਅਭਿਆਸ ਚੀਨੀ ਕਮਿਊਨਿਸਟ ਪਾਰਟੀ ਦੀ ਹਮਲਾਵਰ ਨੀਤੀ ਦਾ ਹਿੱਸਾ ਹਨ। ਹਾਲ ਹੀ 'ਚ ਚੀਨ ਨੇ ਤਾਈਵਾਨ ਵੱਲ ਰਾਕੇਟ ਦਾਗਣ, ਬੰਬਾਰ ਜਹਾਜ਼ਾਂ, ਯੁੱਧ ਬੇੜਿਆਂ ਅਤੇ ਨਵੇਂ ਹਮਲਾਵਰ ਜਹਾਜ਼ਾਂ ਦੀ ਤਾਇਨਾਤੀ ਕਰਕੇ ਹੁਣ ਤੱਕ ਦਾ ਸਭ ਤੋਂ ਵੱਡਾ ਜੰਗੀ ਅਭਿਆਸ ਕੀਤਾ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਬਰਬਾਦ ਕਰਨ ਲਈ ਬਿਲਕੁਲ ਨਹੀਂ ਹੈ ਅਤੇ ਅਮਰੀਕਾ ਨੂੰ ਤਾਈਵਾਨ ਦੀ ਸੁਰੱਖਿਆ ਲਈ ਫੌਜੀ ਸਾਜ਼ੋ-ਸਾਮਾਨ ਦੀ ਵਿਕਰੀ ਅਤੇ ਫੰਡਿੰਗ 'ਚ ਤੇਜ਼ੀ ਲਿਆਉਣੀ ਚਾਹੀਦੀ ਹੈ।




**ਤਾਈਵਾਨੀ ਸਿਆਸਤਦਾਨਾਂ ਨੂੰ ਇਕਜੁਟ ਹੋਣ ਦੀ ਅਪੀਲ :** ਅਮਰੀਕੀ ਸੈਨੇਟਰ ਨੇ ਤਾਈਵਾਨ ਦੇ ਸਹਿਯੋਗੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ ਪਾਰਟੀਬਾਜ਼ੀ ਵਾਲੇ ਮਤਭੇਦਾਂ ਨੂੰ ਪਾਸੇ ਰੱਖ ਕੇ ਰਾਸ਼ਟਰਪਤੀ ਲਾਈ ਦੇ ਪ੍ਰਸਤਾਵਿਤ ਵਿਸ਼ੇਸ਼ ਰੱਖਿਆ ਬਜਟ ਨੂੰ ਪੂਰੀ ਤਰ੍ਹਾਂ ਮਨਜ਼ੂਰੀ ਦੇਣ। ਉਨ੍ਹਾਂ ਮੁਤਾਬਕ, ਇਹ ਕਦਮ ਤਾਈਵਾਨ ਦੀ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਬਹੁਤ ਜ਼ਰੂਰੀ ਹੈ।

**ਤਾਈਵਾਨ ਦਾ ਸਖ਼ਤ ਜਵਾਬ :** ਦੂਜੇ ਪਾਸੇ, ਤਾਈਵਾਨ ਦੇ ਵਿਦੇਸ਼ ਮੰਤਰਾਲੇ ਨੇ ਸੈਨੇਟਰ ਵਿਕਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਖੇਤਰੀ ਅਤੇ ਵਿਸ਼ਵ ਸ਼ਾਂਤੀ ਦੀ ਰੱਖਿਆ ਲਈ ਅਮਰੀਕਾ ਵਰਗੇ ਸਮਾਨ ਸੋਚ ਵਾਲੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹਨ। ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਉਹ ਆਪਣੀ ਫੌਜ ਦੇ ਉਨ੍ਹਾਂ ਜਵਾਨਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਹਨ ਜੋ ਚੀਨੀ ਫੌਜ ਦੀਆਂ ਉਕਸਾਵੇ ਵਾਲੀਆਂ ਕਾਰਵਾਈਆਂ ਦਾ ਮੂੰਹਤੋੜ ਜਵਾਬ ਦੇ ਰਹੇ ਹਨ। ਤਾਈਵਾਨ ਨੇ ਚੀਨੀ ਕਮਿਊਨਿਸਟ ਪਾਰਟੀ (CCP) ਦੇ ਇਸ ਖਤਰੇ ਦੀ ਨਿੰਦਾ ਕੀਤੀ ਹੈ ਅਤੇ ਕਿਹਾ ਹੈ ਕਿ ਉਹ ਆਪਣੇ ਲੋਕਤੰਤਰੀ ਭਾਈਵਾਲਾਂ ਨਾਲ ਮਿਲ ਕੇ ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਉਹ ਇਸ ਬਾਰੇ ਆਪਣੀਆਂ ਹੀ ਢੁੱਚਰਾਂ ਡਾਹ ਲੈਂਦੇ ਹਨ। ਇਸ ਤਰ੍ਹਾਂ ਜਾਣੇ ਅਣਜਾਣੇ ਵਿਚ ਹੀ ਅਭਾਖਿਆ ਕਾ ਕੁੱਠਾ ਬਕਰਾ ਖਾਣਾ ਮੁਤਾਬਕ ਕੌਮ ਦਾ ਇਕ ਹਿੱਸਾ ਇਸ ਬੱਜਰ ਕੁਰਹਿਤ ਦਾ ਭਾਗੀ ਬਣਦਾ ਜਾ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ ਜਿਥੇ ਬਾਕੀ ਤਿੰਨ ਕੁਰਹਿਤਾਂ ਬਾਰੇ ਪ੍ਰਚਾਰ ਕੀਤਾ ਜਾਂਦਾ ਹੈ, ਇਸ ਬਾਰੇ ਵੀ ਸੰਗਤ ਨੂੰ ਸੁਚੇਤ ਕੀਤਾ ਜਾਵੇ।

3) ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦੋਂ 'ਸੀਲ ਜਤ ਕੀ ਕਛ ਪਹਰਿ ਪਕੜਿਓ ਹਥਿਆਰਾ' ਵਾਲਾ ਖ਼ਾਲਸਾ ਪ੍ਰਗਟ ਕੀਤਾ ਤਾਂ ਉਸ ਨੂੰ ਤੀਸਰੀ ਬੱਜਰ ਕੁਰਹਿਤ ਪਰ-ਤਨ ਗਾਮੀ ਹੋਣਾ, ਤੋਂ ਵੀ ਮੁਕਤੀ ਪ੍ਰਦਾਨ ਕੀਤੀ। ਪੰਜਾਂ ਵਿਕਾਰਾਂ ਵਿਚ ਇਹ ਸਭ ਵਿਕਾਰਾਂ ਦਾ ਸਿਰਮੌਰ ਅਤੇ ਸਭ ਤੋਂ ਵੱਧ ਬਲੀ ਅਤੇ ਖ਼ਤਰਨਾਕ ਹੈ। ਗੁਰਬਾਣੀ ਵਿਚ ਇਸ ਤੋਂ ਬਚਣ ਲਈ ਬਾਰ ਬਾਰ ਵਾਹਿਗੁਰੂ ਦੀ ਪਨਾਹ ਮੰਗੀ ਗਈ ਹੈ।

ਗੁਰਬਾਣੀਅਤੇ ਰਹਿਤਨਾਮਿਆਂ ਵਿਚ ਵਿਸਥਾਰ ਸਹਿਤ ਇਸ ਦਾ ਜ਼ਿਕਰ ਕੀਤਾ ਗਿਆ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਹੁਕਮ ਕਰਦੇ ਹਨ ਕਿ ਛਿਨ ਮਾਤਰ ਦੇ ਇਸ ਕਾਮ ਦੇ ਸੁਆਦ ਵਿਚ ਖਚਤ ਹੋਣ ਨਾਲ ਸਾਰਾ ਜੀਵਨ ਪਛਤਾਵਾ ਕਰਦਾ ਹੈ :

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥੧॥ (ਆਸਾ ਮ: ੫, ਅੰਗ ੪੦੩)

ਇਸ ਦੇ ਬਾਅਦ ਸੱਚੇ ਪਾਤਸ਼ਾਹ ਚੇਤਾਵਨੀ ਦਿੰਦੇ ਹਨ ਕਿ ਪਰ-ਤਨ ਗਾਮੀ ਹੋਣਾ ਜ਼ਹਿਰੀਲੇ ਸੱਪਾਂ ਦਾ ਸੰਗ ਕਰਨ ਤੁਲ ਹੈ। ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥੨॥ (ਆਸਾ ਮ. ੫, ਅੰਗ 403)

ਭਾਈ ਗੁਰਦਾਸ ਜੀ ਆਪਣੇ ਕਬਿੱਤ ਵਿਚ ਇਸ ਦੀ ਵਿਆਖਿਆ ਕਰਦੇ ਹਨ :

ਜੈਸੇ ਬਿਖ ਤਨਕ ਹੀ ਖਾਤ ਮਰਿ ਜਾਤਿ ਤਾਤ
ਗਾਤਿ ਮੁਰਝਾਤ ਪ੍ਰਤਿਪਾਲੀ ਬਰਖਨ ਕੀ।

ਜਿਵੇਂ ਰੰਚਕ ਮਾਤਰ ਜ਼ਹਿਰ ਹੀ ਵਰ੍ਹਿਆਂ ਬੱਧੀ ਪਾਲੀ ਹੋਈ ਦੇਹ ਨੂੰ ਮਾਰ ਦਿੰਦਾ ਹੈ।

ਜੈਸੇ ਕੋਟਿ ਭਾਰਿ ਤੂਲਿ ਰੰਚਕ ਚਿਨਗ ਪਰੇ
ਹੋਤ ਭਸਮਾਤ ਛਿਨ ਮੈ ਅਕਰਖਨ ਕੀ।

ਜਿਵੇਂ ਰੂੰ ਦੀਆਂ ਕ੍ਰੋੜਾਂ ਪੰਡਾਂ ਹਿਕ ਚਿੰਗਾਰੀ ਨਾਲ ਭਸਮ ਹੋ ਜਾਂਦੀਆਂ ਹਨ :

ਮਹਿਖੀ ਦੁਹਾਇ ਦੂਧ ਰਾਖੀਐ ਭਾਂਜਨ ਭਰਿ
ਪਰਤਿ ਕਾਂਜੀ ਕੀ ਬੂੰਦ ਬਾਦਿ ਨ ਰਖਨ ਕੀ।

ਜਿਵੇਂ ਦੁੱਧ ਦਾ ਭਰਿਆ ਬਾਟਾ ਇਸ ਵਿਚ ਪਈ ਕਾਂਜੀ ਦੀ ਇਕ ਬੂੰਦ ਨਾਲ ਹੀ ਕਿਸੇ ਕੰਮ ਜੋਗਾ ਨਹੀਂ ਰਹਿੰਦਾ :

ਤੈਸੇ ਪਰ ਤਨ ਧਨ ਦੂਖਨਾ ਬਿਕਾਰ ਕੀਏ
ਹਰੈ ਨਿਧਿ ਸੁਕ੍ਰਤ ਸਹਜ ਹਰਖਨ ਕੀ ॥੫੦੬॥

ਅਤੇ ਨਾਲ ਹੀ ਸਪਸ਼ਟ ਤੌਰ 'ਤੇ ਨਸੀਹਤ ਵੀ ਫ਼ਰਮਾਂਦੇ ਹਨ :

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ। (ਵਾਰ ੨੯, ਪਉੜੀ ੧੧)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹੁਕਮ ਕਰਦੇ ਹਨ,

ਰੀਤਿ ਨ ਜਾਨਤ ਪ੍ਰੀਤ ਕੀ ਪੈਸਨ ਕੀ ਪਰਤੀਤ ॥
ਬਿਛੂ ਬਿਸੀਅਰੁ ਬੇਸਯਾ ਕਹੋ ਕਵਨ ਕੇ ਮੀਤ ॥੪੩॥ (ਚਰਿੱਤ੍ਰ ੧੬, ਦ. ਗ੍ਰੰ.)

ਕਲਗੀਧਰ ਪਾਤਸ਼ਾਹ ਤਾਂ ਇਕ ਸਿੱਖ ਭਾਈ ਜੋਗਾ ਸਿੰਘ ਦੇ ਬਿਰਦ ਬਾਣੇ ਦੀ ਲਾਜ ਰੱਖਣ ਲਈ ਖੁਦ ਵੇਸਵਾ ਦੇ ਦਰਵਾਜ਼ੇ 'ਤੇ ਸਾਰੀ ਰਾਤ ਪਹਿਰਾ ਦਿੰਦੇ ਹਨ ਅਤੇ ਸਪਸ਼ਟ ਤਾੜਨਾ ਕਰਦੇ ਹਨ :




ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥
ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿੱਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂ ਨ ਜੈਯਹੁ ॥੫੧॥ (ਚਰਿਤ੍ਰ ੨੧, ਦ. ਗ੍ਰੰ.)

ਭਾਈ ਨੰਦ ਲਾਲ ਜੀ ਦੇ ਬਚਨ ਹਨ,

ਅਨੰਦ ਬਿਨਾ ਜੋ ਭੋਗੇ ਨਾਰ।
ਜਮ ਪਰ ਬਧੇ ਹੋਇ ਖੁਆਰ।
ਬਿਨਾ ਅਨੰਦ ਬਿਭਚਾਰ ਸਮਾਨੇ।
ਕਰ ਅਨੰਦ ਨਿਜ ਨਾਰ ਪਛਾਨੇ।
(ਰਹਿਤਨਾਮਾ ਭਾਈ ਨੰਦ ਲਾਲ ਜੀ)

ਇਸੇ ਤਰ੍ਹਾਂ ਮੁਕਤਨਾਮਾ ਵਿਚ ਵੀ ਅੰਕਤ ਹੈ:

ਬਿਨਾ ਬਯਾਹ ਬਿਨ ਪਠੇ ਅਨੰਦ।
ਪਰ ਤ੍ਰਿਯ ਰਮਹਿ ਨ ਹੇਤੁ ਅਨੰਦ।
(ਮੁਕਤਨਾਮਾ)

ਪਰ ਜੇ ਗੁਰੂ ਦੀ ਕਿਰਪਾ ਦ੍ਰਿਸ਼ਟੀ ਹੋ ਜਾਏ ਤਾਂ ਹੀ ਇਨ੍ਹਾਂ ਵਿਚਾਰਾਂ ਤੋਂ ਛੁਟਕਾਰਾ ਸੰਭਵ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਹੁਕਮ ਹੈ :

ਹਉ ਗੋਸਾਈ ਦਾ ਪਹਿਲਵਾਨੜਾ ॥
ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ਦਯੁ
ਬੈਠਾ ਵੇਖੈ ਆਪਿ ਜੀਉ ॥੧੭॥
ਵਾਤ ਵਜਨਿ ਟੰਮਕ ਭੇਰੀਆ ॥
ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ
ਦਿਤੀ ਕੰਡਿ ਜੀਉ ॥੧੮॥ (ਮ. ੫, ੭੪)

4) ਤਮਾਕੂ ਦਾ ਵਰਤਣਾ

ਸਿੱਖ ਰਹਿਤ ਮਰਯਾਦਾ ਮੁਤਾਬਕ ਚੌਥੀ ਅਤੇ ਅੰਤਮ ਬੱਜਰ ਕੁਰਹਿਤ ਹੈ ਤਮਾਕੂ ਦਾ ਵਰਤਣਾ। ਤਮਾਕੂ ਇਕੱਲਾ ਹੀ ਰੋਗ ਦਾ ਕਾਰਨ ਨਹੀਂ ਹੈ ਬਲਕਿ ਇਹ ਕਈ ਭਿਆਨਕ ਬਿਮਾਰੀਆਂ ਦਾ ਜਨਮਦਾਤਾ ਵੀ ਹੈ। ਇਹ ਸਤਿਗੁਰੂ ਜੀ ਦੀ ਅਪਾਰ ਰਹਿਮਤ ਸੀ ਕਿ ਇਸ ਨੂੰ ਜਗਤ ਜੂਠ ਕਰਾਰ ਦੇ ਕੇ ਸਿੱਖਾਂ ਨੂੰ ਇਸ ਤੋਂ ਪੂਰੀ ਤਰ੍ਹਾਂ ਬਚਾ ਲਿਆ। ਕਲਗੀਧਰ ਪਿਤਾ ਨੇ ਹੁਕਮ ਕੀਤਾ :

(ਚਲਦਾ)

### ਅਮਰੀਕਾ 'ਚ ਵਾਪਰਿਆ ਭਿਆਨਕ ਸੜਕ ਹਾਦਸਾ

# ਤੇਲੰਗਾਨਾ ਦੀਆਂ 2 ਵਿਦਿਆਰਥਣਾਂ ਦੀ ਦਰਦਨਾਕ ਮੌਤ

ਕੈਲੀਫੋਰਨੀਆ : ਅਮਰੀਕਾ ਦੇ ਕੈਲੀਫੋਰਨੀਆ ਤੋਂ ਇਕ ਬੇਹੱਦ ਦੁਖਦ ਖ਼ਬਰ ਸਾਹਮਣੇ ਆਈ ਹੈ, ਜਿੱਥੇ ਇਕ ਭਿਆਨਕ ਸੜਕ ਹਾਦਸੇ ਦੌਰਾਨ ਭਾਰਤ ਦੇ ਤੇਲੰਗਾਨਾ ਦੀਆਂ 2 ਵਿਦਿਆਰਥਣਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ 25 ਸਾਲਾ ਪੁਲਾਖੰਡਮ ਮੇਘਨਾ ਰਾਣੀ ਅਤੇ 24 ਸਾਲਾ ਕਾਡਿਆਲਾ ਭਾਵਨਾ ਵਜੋਂ ਹੋਈ ਹੈ, ਜੋ ਤੇਲੰਗਾਨਾ ਦੇ ਮਹਿਬੂਬਾਬਾਦ ਜ਼ਿਲ੍ਹੇ ਦੀਆਂ ਰਹਿਣ ਵਾਲੀਆਂ ਸਨ। ਪਰਿਵਾਰਕ ਮੈਂਬਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਇਹ ਹਾਦਸਾ ਐਤਵਾਰ ਨੂੰ ਸਥਾਨਕ ਸਮੇਂ ਅਨੁਸਾਰ ਸ਼ਾਮ ਕਰੀਬ 4 ਵਜੇ ਅਲਾਬਾਮਾ ਹਿਲਜ਼ ਰੋਡ 'ਤੇ ਵਾਪਰਿਆ। ਅੱਠ ਦੋਸਤਾਂ ਦਾ ਇਕ ਸਮੂਹ 2 ਕਾਰਾਂ 'ਚ ਸੈਰ-ਸਪਾਟੇ ਲਈ ਨਿਕਲਿਆ ਸੀ। ਜਿਸ ਕਾਰ 'ਚ ਮੇਘਨਾ ਅਤੇ ਭਾਵਨਾ ਸਵਾਰ ਸਨ, ਉਹ ਇਕ ਮੋੜ 'ਤੇ ਕਾਬੂ ਤੋਂ ਬਾਹਰ ਹੋ ਕੇ ਡੂੰਘੀ ਖੱਡ 'ਚ ਜਾ ਡਿੱਗੀ। ਇਸ ਹਾਦਸੇ 'ਚ ਦੋਵੇਂ ਵਿਦਿਆਰਥਣਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਕਾਰ 'ਚ ਸਵਾਰ 2 ਹੋਰ ਵਿਅਕਤੀ ਜ਼ਖਮੀ ਹੋ ਗਏ।

ਇਹ ਦੋਵੇਂ ਵਿਦਿਆਰਥਣਾਂ ਸਾਲ 2023 'ਚ ਮਾਸਟਰਜ਼ ਦੀ ਪੜ੍ਹਾਈ ਕਰਨ ਲਈ ਅਮਰੀਕਾ ਗਈਆਂ ਸਨ। ਉਨ੍ਹਾਂ ਨੇ ਯੂਨੀਵਰਸਿਟੀ ਆਫ ਡੇਟਨ, ਓਹੀਓ ਤੋਂ ਆਪਣੀ ਐਮ.ਐਸ. (MS) ਦੀ



ਪੜ੍ਹਾਈ ਪੂਰੀ ਕੀਤੀ ਸੀ ਅਤੇ ਅੱਜਕੱਲ੍ਹ ਨੌਕਰੀ ਦੀ ਭਾਲ 'ਚ ਸਨ। ਮੇਘਨਾ ਗਰਲਾ ਪਿੰਡ ਦੀ ਰਹਿਣ ਵਾਲੀ ਸੀ, ਜਿਸ ਦੇ ਪਿਤਾ ਇੱਕ ਸੇਵਾ ਕੇਂਦਰ ਚਲਾਉਂਦੇ ਹਨ, ਜਦੋਂ ਕਿ ਭਾਵਨਾ ਦੇ ਪਿਤਾ ਮੁਲਕਾਨੂਰ ਪਿੰਡ ਦੇ ਡਿਪਟੀ ਸਰਪੰਚ ਹਨ।

ਧੀਆਂ ਦੀ ਮੌਤ ਦੀ ਖ਼ਬਰ ਮਿਲਦਿਆਂ ਹੀ ਪਰਿਵਾਰਾਂ ਵਿੱਚ ਮਾਤਮ ਛਾ ਗਿਆ ਹੈ। ਪੀੜਤ ਪਰਿਵਾਰਾਂ ਨੇ ਕੇਂਦਰ ਅਤੇ ਰਾਜ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਮ੍ਰਿਤਕ ਦੇਹਾਂ ਨੂੰ ਭਾਰਤ ਲਿਆਉਣ ਵਿੱਚ ਮਦਦ ਕੀਤੀ ਜਾਵੇ। ਮੇਘਨਾ ਦੇ ਪਰਿਵਾਰ ਦੀ ਮਦਦ ਲਈ ਇੱਕ GoFundMe ਪੇਜ ਵੀ ਬਣਾਇਆ ਗਿਆ ਹੈ ਤਾਂ ਜੋ ਉਸਦੀ ਦੇਹ ਨੂੰ ਵਾਪਸ ਲਿਆਉਣ ਦੇ ਖਰਚੇ ਪੂਰੇ ਕੀਤੇ ਜਾ ਸਕਣ, ਕਿਉਂਕਿ ਉਸਦਾ ਪਰਿਵਾਰ ਇੱਕ ਹੇਠਲੇ ਮੱਧ ਵਰਗ ਨਾਲ ਸਬੰਧ ਰੱਖਦਾ ਹੈ। ਮੇਘਨਾ ਨੂੰ ਉਸਦੇ ਦੋਸਤਾਂ ਵਿੱਚ 'ਚਿੱਕੀ' ਦੇ ਨਾਮ ਨਾਲ ਜਾਣਿਆ ਜਾਂਦਾ ਸੀ ਅਤੇ ਉਹ ਇੱਕ ਮਿਲਣਸਾਰ ਸੁਭਾਅ ਵਾਲੀ ਕੁੜੀ ਸੀ।

### ਹੋਰ ਸਖ਼ਤ ਹੋਏ ਅਮਰੀਕਾ ਦੇ ਇਮੀਗ੍ਰੇਸ਼ਨ ਨਿਯਮ !

# ਸਿਰਫ਼ ਪ੍ਰਵਾਸੀ ਹੀ ਨਹੀਂ, ਗ੍ਰੀਨ ਕਾਰਡ ਹੋਲਡਰਾਂ ਨੂੰ ਵੀ...

ਪ੍ਰਵਾਸੀਆਂ ਖ਼ਿਲਾਫ਼ ਟਰੰਪ ਪ੍ਰਸ਼ਾਸਨ ਨੇ ਪਹਿਲਾਂ ਹੀ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੋਇਆ ਹੈ, ਉੱਥੇ ਹੀ ਸਰਕਾਰ ਨੇ ਅਮਰੀਕਾ ਵਿੱਚ ਆਉਣ ਅਤੇ ਜਾਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਨਿਯਮਾਂ ਨੂੰ ਹੋਰ ਸਖ਼ਤ ਕਰ ਦਿੱਤਾ ਹੈ। 26 ਦਸੰਬਰ ਤੋਂ ਲਾਗੂ ਹੋਏ ਇਨ੍ਹਾਂ ਨਵੇਂ ਨਿਯਮਾਂ ਤਹਿਤ ਹੁਣ ਗ੍ਰੀਨ ਕਾਰਡ ਧਾਰਕਾਂ ਸਮੇਤ ਸਾਰੇ ਗੈਰ-ਨਾਗਰਿਕਾਂ ਲਈ ਬਾਇਓਮੈਟ੍ਰਿਕ ਜਾਂਚ ਕਰਵਾਉਣਾ ਲਾਜ਼ਮੀ ਹੋਵੇਗਾ।

ਇਹ ਨਿਯਮ ਅਮਰੀਕਾ ਵਿੱਚ ਪੜ੍ਹਨ ਵਾਲੇ ਵਿਦੇਸ਼ੀ ਵਿਦਿਆਰਥੀਆਂ, ਵਰਕਰਾਂ ਅਤੇ ਗ੍ਰੀਨ ਕਾਰਡ ਧਾਰਕਾਂ 'ਤੇ ਲਾਗੂ ਹੋਣਗੇ। ਖਾਸ ਗੱਲ ਇਹ ਹੈ ਕਿ ਹੁਣ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ 79 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਵੀ ਆਪਣਾ ਬਾਇਓਮੈਟ੍ਰਿਕ ਵੇਰਵਾ ਦੇਣਾ ਪਵੇਗਾ। ਇਸ ਤੋਂ ਇਲਾਵਾ ਡਿਪਲੋਮੈਟਿਕ ਪਾਸਪੋਰਟ 'ਤੇ ਆਉਣ ਵਾਲੇ ਰਾਜਨਾਇਕਾਂ ਨੂੰ ਮਿਲਣ ਵਾਲੀ ਛੋਟ ਵੀ ਖਤਮ ਕਰ ਦਿੱਤੀ ਗਈ ਹੈ। ਉਨ੍ਹਾਂ ਨੂੰ ਵੀ ਫੇਸ਼ੀਅਲ ਰਿਕੋਗਨੀਸ਼ਨ (ਚਿਹਰੇ ਦੀ ਪਛਾਣ) ਤਕਨੀਕ ਰਾਹੀਂ ਫੋਟੋ ਅਤੇ ਕੁਝ ਮਾਮਲਿਆਂ ਵਿੱਚ ਫਿੰਗਰਪ੍ਰਿੰਟ ਦੇਣੇ ਪੈਣਗੇ।

ਇਹ ਜਾਂਚ ਅਮਰੀਕਾ ਦੇ ਸਾਰੇ ਏਅਰਪੋਰਟਾਂ, ਬੰਦਰਗਾਹਾਂ ਅਤੇ ਜ਼ਮੀਨੀ ਸਰਹੱਦਾਂ 'ਤੇ ਹੋਵੇਗੀ। ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (CBP) ਦੇ ਅਧਿਕਾਰੀ ਯਾਤਰੀਆਂ ਦੀ ਫੋਟੋ, ਫਿੰਗਰਪ੍ਰਿੰਟ ਅਤੇ ਆਇਰਿਸ (ਅੱਖਾਂ ਦੀ ਪੁਤਲੀ) ਸਕੈਨ ਲੈ ਸਕਦੇ ਹਨ ਤਾਂ ਜੋ ਉਨ੍ਹਾਂ ਦੀ ਪਛਾਣ ਯਾਤਰਾ ਦਸਤਾਵੇਜ਼ਾਂ ਨਾਲ ਮਿਲਾਈ ਜਾ ਸਕੇ। ਸਰਕਾਰ ਅਨੁਸਾਰ, ਇਹ ਕਦਮ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ, ਵੀਜ਼ਾ ਧੋਖਾਧੜੀ ਨੂੰ ਰੋਕਣ ਅਤੇ ਅਪਰਾਧੀਆਂ ਜਾਂ ਸ਼ੱਕੀ ਅੱਤਵਾਦੀਆਂ ਦੀ ਪਛਾਣ ਨੂੰ ਆਸਾਨ ਬਣਾਉਣ ਲਈ ਚੁੱਕਿਆ ਗਿਆ ਹੈ। ਇਸ ਦੇ ਲਈ 'ਟਰੈਵਲਰ ਵੈਰੀਫਿਕੇਸ਼ਨ ਸਰਵਿਸ' ਨਾਮਕ ਕਲਾਊਡ-ਅਧਾਰਿਤ ਸਿਸਟਮ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਨਵਾਂ ਨਿਯਮ ਵਿਦੇਸ਼ੀ ਯਾਤਰੀਆਂ ਲਈ ਯਾਤਰਾ ਪ੍ਰਕਿਰਿਆ ਨੂੰ ਵਧੇਰੇ ਨਿਯੰਤਰਿਤ ਬਣਾਉਣ ਦਾ ਹਿੱਸਾ ਹੈ, ਜਿਸ ਨਾਲ ਅਧਿਕਾਰੀਆਂ ਲਈ ਵਿਅਕਤੀ ਦੀ ਪਛਾਣ ਕਰਨਾ ਆਸਾਨ ਹੋ ਜਾਵੇਗਾ।



# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਮਨਾ ਤਕੜਾ ਹੋ, ਐਵੇਂ ਛੋਟੇ ਛੋਟੇ ਰਸਾਂ ਕਸਾਂ ਮਗਰ ਲੱਗ ਕੇ ਅਸੂਲਾਂ ਦਾ ਤਿਆਗੀ ਨਾ ਬਣ। ਮਨ ਦਾ ਮਨ ਨਾਲ ਝਗੜਾ ਹੁੰਦੇ ਕਮਾਦ ਦਾ ਖੇਤ ਆ ਗਿਆ। ਬਾਬਾ ਜੀ ਦੱਸਦੇ ਸਨ ਕਿ ਮੈਂ ਅਜੇ ਖੇਤ ਦੇ ਅੱਧ ਤੱਕ ਹੀ ਰਸਤਾ ਤੈਅ ਕੀਤਾ ਹੋਣਾ ਹੈ ਕਿ ਕਮਾਦ ਦੇ ਖੇਤ ਵਿੱਚੋਂ ਭਾਈਆ ਉੱਤਮ ਸਿੰਘ ਹੁਰੀਂ ਕਾਫ਼ੀ ਸਾਰੇ ਗੰਨਿਆਂ ਦੇ ਟੁੱਟੇ ਹੋਏ ਆਗ੧ ਲੈ ਕੇ ਬਾਹਰ ਆ ਗਏ ਅਤੇ ਮੇਰੇ ਤੋਂ ਤਿੰਨ-ਚਾਰ ਕਰਮਾਂ ਦੀ ਵਿੱਥ ਤੇ ਖਲੋ ਕੇ ਉਨ੍ਹਾਂ ਨੇ ਬੜੇ ਪ੍ਰੇਮ ਨਾਲ ਮੈਨੂੰ ਫ਼ਤਹਿ ਬੁਲਾਈ। ਭਾਈਆ ਉੱਤਮ ਸਿੰਘ ਨੂੰ ਵੇਖ ਕੇ ਮੈਂ ਮਨ ਹੀ ਮਨ ਵਿੱਚ ਬੜਾ ਹੈਰਾਨ ਤੇ ਸ਼ਰਮਸਾਰ ਹੋਇਆ। ਸ. ਉੱਤਮ ਸਿੰਘ ਜੀ ਨੇ ਫ਼ਤਹਿ ਉਪ੍ਰੰਤ ਆਪ ਹੀ ਗੱਲ ਅਰੰਭ ਕਰ ਦਿੱਤੀ ਕਿ ਸਾਡੇ ਇਸ ਕਮਾਦ ਦੇ ਖੇਤ ਵਿੱਚੋਂ ਹਰ ਰੋਜ਼ ਕੋਈ ਆਉਂਦਾ ਜਾਂਦਾ ਗੰਨੇ ਭੰਨਦਾ ਹੈ ਤੇ ਉਹ ਭੱਦਰਪੁਰਸ਼ ਉਹਨਾਂ ਗੰਨਿਆਂ ਦੇ ਆਗ ਤੋੜ ਕੇ ਕਮਾਦ ਵਿੱਚ ਹੀ ਵਗਾਹ ਸੁੱਟਦਾ ਹੈ। ਭਾਈਆ ਉੱਤਮ ਸਿੰਘ ਨੇ ਹੱਥ ਵਿੱਚ ਫੜੇ ਆਗ ਮੈਨੂੰ ਵਿਖਾਂਦਿਆਂ ਆਖਿਆ ਕਿ ਇਹ ਆਗ ਕੇਵਲ ਕੱਲ੍ਹ ਦੇ ਹੀ ਹਨ। ਮੈਂ ਕਈ ਦਿਨਾਂ ਤੋਂ ਉਸ ਗੰਨੇ ਭੰਨਣ ਵਾਲੇ ਚੋਰ ਦੀ ਤਲਾਸ਼ ਵਿੱਚ ਹਰ ਰੋਜ਼ ਖੇਤ ਵਿੱਚ ਆ ਕੇ ਬੈਠ ਜਾਂਦਾ ਹਾਂ ਕਿ ਕਿਤੇ ਉਹ ਭਲਾਮਾਣਸ ਮੇਰੇ ਹੱਥ ਆਵੇ ਤਾਂ ਉਸ ਨੂੰ ਇਸ ਕੀਤੇ ਨੁਕਸਾਨ ਦਾ ਸਵਾਦ ਚਖਾਵਾਂ ਤੇ ਪਰ੍ਿਆਰ ਵਿੱਚ ਨਸ਼ਰ ਕਰਾਂ ਪਰ ਅੱਜ ਤੱਕ ਉਹ ਮੇਰੇ ਹੱਥ ਨਹੀਂ ਆਇਆ। ਮੈਂ ਹੁਣ ਵੀ ਉਸ ਦੀ ਤਾਕ ਵਿੱਚ ਕਮਾਦ ਅੰਦਰ ਰਸਤੇ ਤੋਂ ਪੰਜ-ਛੇ ਕਰਮਾਂ ਦੂਰ ਬੈਠਾ ਸਾਂ ਜਿਥੋਂ ਮੈਨੂੰ ਦੂਰ-ਦੂਰ ਤੱਕ ਦਿਸਦਾ ਸੀ। ਮੈਂ ਤੁਹਾਨੂੰ ਦੂਰੋਂ ਹੀ ਆਉਂਦੇ ਵੇਖਿਆ ਤੇ ਮਨ ਵਿੱਚ ਵੀਚਾਰ ਆਈ ਕਿ ਚਲੋ ਚੋਰ ਦੇ ਫੜਨ ਦੇ ਬਹਾਨੇ ਹੀ ਅੱਜ ਭਾਈ ਹਰਨਾਮ ਸਿੰਘ ਹੁਰਾਂ ਦੇ ਦਰਸ਼ਨ ਹੋ ਗਏ ਹਨ। ਮੈਂ ਤਾਂ ਸਵੇਰ ਦਾ ਕਮਾਦ ਦੇ ਹੁੰਮੜ ਵਿੱਚ ਬੈਠਾ ਥੱਕ ਗਿਆ ਹਾਂ। ਸੋ ਜਿੱਥੇ ਤੁਸੀਂ ਚੱਲੇ ਹੋ, ਜ਼ਰਾ ਠਹਿਰ ਕੇ ਚਲੇ ਜਾਣਾ, ਥੋੜ੍ਹਾ ਚਿਰ ਮੈਨੂੰ ਵੀ ਦਰਸ਼ਨ ਦਿਉ ਤੇ ਮਨ ਵਿੱਚ ਗੁਰਮਤਿ ਪ੍ਰਤੀ ਕੁਝ ਸ਼ੰਕੇ ਹਨ, ਨਾਲੇ ਉਹਨਾਂ ਨੂੰ ਦੂਰ ਕਰੋ। ਉੱਤਮ ਸਿੰਘ ਨੇ ਇੱਕ ਸੰਘਣੀ ਟਾਹਲੀ ਜੋ ਕਮਾਦ ਦੇ ਸਾਹਮਣੇ ਸੀ, ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਆਪ ਜੀ ਉਸ ਟਾਹਲੀ ਦੀ ਛਾਵੇਂ ਹਵਾ-ਹਾਰੇ ਬੈਠੋ, ਮੈਂ ਸੋਹਣੇ-ਸੋਹਣੇ ਪੰਜ-ਚਾਰ ਗੰਨੇ ਲਿਆਉਂਦਾ ਹਾਂ, ਨਾਲੇ ਆਪ ਜੀ ਕ੍ਰਿਪਾ ਕਰਕੇ ਗੰਨੇ ਚੂਪੋ, ਨਾਲੇ ਗੁਰਮਤਿ ਵੀਚਾਰਾਂ ਸੁਣਾਉਣ ਦੀ ਖੇਚਲ ਕਰੋ। ਬਾਬਾ ਜੀ ਦੱਸਦੇ ਸਨ ਕਿ ਮੈਂ ਬਥੇਰਾ ਭਾਈਏ ਉੱਤਮ ਸਿੰਘ ਨੂੰ ਕਿਹਾ ਕਿ ਮੈਂ ਅੱਗੇ ਛੇਤੀ ਜਾਣਾ ਹੈ ਪਰ ਉਸ ਦੇ ਪ੍ਰੇਮ ਦੇ ਜ਼ੋਰ ਅੱਗੇ ਮੇਰੀ ਕੋਈ ਪੇਸ਼ ਨਾ ਗਈ। ਭਾਈਆ ਜੀ ਤਾਂ ਖੇਤ ਵਿੱਚ ਗੰਨੇ ਭੰਨਣ ਚਲੇ ਗਏ ਤੇ ਮੈਂ ਇੱਕ ਪਾਸੇ ਮਨ ਵਿੱਚ ਸ਼ਰਮਿੰਦਗੀ ਤੇ ਦੂਜੇ ਪਾਸੇ ਗੁਰੂ ਮਹਾਰਾਜ ਜੀ ਦਾ ਧੰਨਵਾਦ ਕਰਦਾ ਹੋਇਆ ਟਾਹਲੀ ਦੀ ਛਾਵੇਂ ਜਾ ਬੈਠਾ ਅਤੇ ਸ੍ਰੇਸ਼ਟ ਮਨ ਸ਼ਰਾਰਤੀ ਮਨ ਨੂੰ ਲਾਹਨਤਾਂ ਪਾਉਣ ਲੱਗਾ ਕਿ ਭਲਿਆ ਲੋਕਾ ਦੱਸ! ਜੇ ਮੈਂ ਤੇਰੀ ਪ੍ਰੇਰਨਾ ਅਧੀਨ ਗੰਨੇ ਭੰਨ ਲੈਂਦਾ ਤਾਂ ਅੱਜ ਤੱਕ ਦੇ ਉੱਤਮ ਸਿੰਘ ਦੇ ਸਾਰੇ ਨੁਕਸਾਨ ਦੀ ਜ਼ਿੰਮੇਵਾਰੀ ਤੂੰ ਮੇਰੇ ਸਿਰ ਤੇ ਚੁਕਾ ਦੇਣੀ ਸੀ ਅਤੇ ਸਦਾ ਲਈ ਚੋਰੀ ਦਾ ਠੱਪਾ ਮੇਰੇ ਤੇ ਲੱਗ ਜਾਣਾ ਸੀ। ਉੱਤਮ ਸਿੰਘ ਨੇ ਪਤਾ ਨਹੀਂ ਹੋਰ ਕਿੰਨਿਆਂ ਪਾਸ ਗੱਲ ਕਰਨੀ ਸੀ ਕਿ ਹਰਨਾਮ ਸਿੰਘ ਨੂੰ ਮੈਂ ਅੱਜ ਗੰਨੇ ਭੰਨਦਿਆਂ ਫੜਿਆ ਹੈ, ਵੇਖਣ ਨੂੰ ਤਾਂ ਬੜਾ ਗੁਰਮੁਖ ਲੱਗਦਾ ਹੈ ਪਰ ਚੋਰੀ ਕਰਨ ਦਾ ਵੀ ਬੜਾ ਮਾਹਿਰ ਹੈ ਤੇ ਚੋਰੀ ਵੀ ਅਵਾਜ਼ ਮਾਰ ਕੇ ਕਰਦਾ ਹੈ।




ਸ਼ਰਾਰਤੀ ਮਨ ਪਾਣੀਉਂ ਪਤਲਾ ਹੋ ਸ੍ਰੇਸ਼ਟ ਮਨ ਦੀਆਂ ਝਿੜਕਾਂ ਸੁਣ ਰਿਹਾ ਸੀ। ਦੂਸਰੇ ਪਾਸੇ ਪ੍ਰਾਲਬਧ ਤੇ ਹੋਰ ਯਕੀਨ ਵਧਿਆ ਕਿ ਵੇਖੋ ਜੇ ਮੈਂ ਇਸ ਖੇਤ ਵਿੱਚੋਂ ਮਨ ਦੀ ਪ੍ਰੇਰਨਾ ਅਧੀਨ ਗੰਨੇ ਭੰਨ ਲੈਂਦਾ, ਮਿਲਣੇ ਤਾਂ ਮੇਰੇ ਭਾਗਾਂ ਦੇ ਹੀ ਸਨ ਪਰ ਚੋਰੀ ਦਾ ਭਾਰ ਅਤੇ ਨਿਸ਼ਾਨ ਸਦਾ ਲਈ ਬਣਿਆ ਰਹਿ ਜਾਣਾ ਸੀ। ਗੁਰੂ ਪਾਤਸ਼ਾਹ ਜੀ ਨੇ ਮੇਹਰ ਕੀਤੀ ਹੈ, ਇਸ ਭੈੜੇ ਮਨ ਦੀ ਪ੍ਰੇਰਨਾ ਤੋਂ ਬਚਾ ਲਿਆ ਹੈ। ਗੰਨੇ ਵੀ ਜੋ ਮੇਰੇ ਭਾਗਾਂ ਦੇ ਰਲੇ ਹੋਏ ਸਨ, ਉੱਤਮ ਸਿੰਘ ਨੇ ਆਪ ਭੰਨ ਕੇ ਬੜੇ ਆਦਰ ਸਤਿਕਾਰ ਨਾਲ ਮੈਨੂੰ ਦਿੱਤੇ ਹਨ। ਬਾਬਾ ਜੀ ਕਹਿੰਦੇ ਸਨ, ਉਸ ਦਿਨ ਤੋਂ ਮਨ ਵਿੱਚ ਪੱਕੀ ਕਰ ਲਈ ਕਿ ਮਨ ਦਾ ਵਿਸਾਹ ਨਹੀਂ ਕਰਨਾ, ਇਹ ਹਮੇਸ਼ਾ ਮਾੜੇ ਪਾਸੇ ਦੀ ਹੀ ਪ੍ਰੇਰਨਾ ਦਿੰਦਾ ਹੈ। ਅੰਦਰੋਂ ਜੋ ਧੀਮੀ ਜਿਹੀ ਸ੍ਰੇਸ਼ਟ ਅਵਾਜ਼ ਜੋ ਮਾੜੇ ਕਰਮਾਂ ਤੋਂ ਰੋਕਦੀ ਹੈ, ਉਸ ਅਵਾਜ਼ ਨੂੰ ਧਿਆਨ ਨਾਲ ਸੁਣਕੇ, ਉਸ ਅਨੁਸਾਰੀ ਚਲਣਾ ਹੈ। ਇਸੇ ਲਈ ਤਾਂ ਬਾਬਾ ਕਬੀਰ ਜੀ ਮਨ ਤੋਂ ਸਾਵਧਾਨ ਹੋਣ ਲਈ ਗੁਰਬਾਣੀ ਵਿੱਚ ਕਥਨ ਕਰਦੇ ਹਨ ਕਿ :

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗੁਨੁ ਕਰੈ ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥ (ਅੰਗ ੧੩੭੬)

ਮਨ ਸਭ ਕੁੱਝ ਜਾਣਦਾ ਹੋਇਆ ਵੀ ਭੈੜੇ ਪਾਸੇ ਨੂੰ ਪ੍ਰੇਰਨਾ ਦਿੰਦਾ ਹੈ। ਕਿਸ ਦੇ ਮਨ ਨੂੰ ਨਹੀਂ ਪਤਾ ਕਿ ਚੋਰੀ, ਯਾਰੀ, ਠੱਗੀ ਕਰਨੀ, ਪ੍ਰਾਇਆ ਹੱਕ ਖਾਣਾ, ਝੂਠ ਬੋਲਣਾ ਜਾਂ ਹੋਰ ਮਾੜੇ ਕਰਮ ਕਰਨੇ ਚੰਗੇ ਨਹੀਂ ਪਰ ਮਨ ਸਭ ਕੁਝ ਜਾਣਦਾ ਬੁਝਦਾ ਫਿਰ ਭੈੜੀ ਪ੍ਰੇਰਨਾ ਅਧੀਨ ਮਾੜੇ ਕਰਮ ਸਰੀਰ ਪਾਸੋਂ ਕਰਵਾ ਦਿੰਦਾ ਹੈ। ਜਿਸ ਦੀ ਸਜ਼ਾ ਇੱਥੇ ਸਰੀਰ ਨੂੰ ਤੇ ਪ੍ਰਲੋਕ ਵਿੱਚ ਆਤਮਾ ਨੂੰ ਭੁਗਤਣੀ ਪੈਂਦੀ ਹੈ। ਮਨ ਦੀ ਪ੍ਰੇਰਨਾ ਅਧੀਨ ਹੋਣ ਵਾਲੇ ਮਾੜੇ ਕਰਮਾਂ ਤੋਂ ਬਚਣ ਲਈ ਗੁਰਬਾਣੀ ਦੀ ਕਸਵੱਟੀ 'ਤੇ ਮਨ ਦੀ ਪ੍ਰੇਰਨਾ ਨੂੰ ਪਰਖ ਕੇ ਫਿਰ ਉਸ ਕਰਮ ਨੂੰ ਕਰਨਾ ਚਾਹੀਦਾ ਹੈ। ਜੇ ਮਨ ਫਿਰ ਵੀ ਅੜੀ ਕਰੇ ਤਾਂ ਬਾਬਾ ਕਬੀਰ ਜੀ ਦੇ ਗੋਂਡ ਰਾਗ ਵਿੱਚ ਕਥਨ ਅਨੁਸਾਰ :

ਕੁਟਿ ਕੁਟਿ ਮਨੁ ਕਸਵਟੀ ਲਾਵੈ ॥
ਸੋ ਕੂਟਨੁ ਮੁਕਤਿ ਬਹੁ ਪਾਵੈ ॥੧॥
(ਅੰਗ ੮੭੨)

ਮਨ ਦੀ ਪ੍ਰੇਰਨਾ ਨੂੰ ਹਮੇਸ਼ਾ ਗੁਰੂ ਹੁਕਮਾਂ ਦੀ ਤਾਬੇ ਰੱਖਣਾ ਚਾਹੀਦਾ ਹੈ ਤਦ ਹੀ ਮਾੜੇ ਪਾਸੇ ਤੋਂ ਬਚਾ ਹੋ ਸਕਦਾ ਹੈ। ਜਦੋਂ ਮਨ ਨੂੰ ਆਗੂ ਮੰਨ ਕੇ ਇਸ ਦੀ ਪ੍ਰੇਰਨਾ ਅਧੀਨ ਚਲ ਪਏ ਫਿਰ ਤਾਂ ਇਸ ਨੇ ਸਰੀਰ ਪਾਸੋਂ ਮਨਮੁਖਤਾਈ ਦੇ ਕਰਮ ਕਰਵਾ ਹੀ ਦੇਣੇ ਹਨ। ਗੁਰਦੇਵ ਜੀ ਕਥਨ ਕਰਦੇ ਹਨ ਕਿ ਮਨਮੁਖ ਨੂੰ ਨਿੱਤ ਘਾਟਾ ਹੀ ਘਾਟਾ ਹੈ।

ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ ॥
ਮਨਮੁਖੁ ਅੰਧੁ ਨ ਚੇਤਈ ਕਿਉ ਦਰਸਨੁ ਪਾਏ ॥੬॥ (ਆਸਾ ਮ: ੧, ਅੰਗ ੪੨੧)

ਮਨ ਪਿੱਛੇ ਲੱਗਣ ਵਾਲਾ ਪੁਰਖ ਬੋਲ ਕੁਬੋਲ ਵੀ ਨਹੀਂ ਜਾਣਦਾ ਕਿਉਂਕਿ ਉਸ ਦੇ ਅੰਦਰ ਕਾਮ ਕ੍ਰੋਧ ਦਾ ਜ਼ੋਰ ਹੁੰਦਾ ਹੈ। ਉਹ ਥਾਂ-ਕੁਥਾਂ ਵੀ ਨਹੀਂ ਵੇਖਦਾ ਤੇ ਵਿਕਾਰਾਂ ਦੇ ਵਹਿਣ ਵਿੱਚ ਵਹਿ ਜਾਂਦਾ ਹੈ। ਆਖ਼ਿਰ ਦਰਗਾਹ ਵਿੱਚ ਝੂਠਾ ਸਾਬਤ ਹੁੰਦਾ ਹੈ ਅਤੇ ਮਾਰ ਸਹਾਰਦਾ ਹੈ।

ਮਨਮੁਖ ਬੋਲਿ ਨ ਜਾਣਨ੍ਹੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥
ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ ॥
(ਸਲੋਕ ਮ: ੩, ਅੰਗ ੧੨੪੮)

ਆਪਾਂ ਨੂੰ ਸਦਾ ਹੀ 'ਗੁਰਿ ਕਹਿਆ ਸਾ ਕਾਰ ਕਮਾਵਹੁ' ਦੇ ਧਾਰਨੀ ਬਣ ਕੇ ਗੁਰੂ ਖ਼ੁਸ਼ੀ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ। ਮਨ ਦੀ ਮੱਤ ਨੂੰ ਸਦਾ ਤਿਆਗਣਾ ਚਾਹੀਦਾ ਹੈ। ਭਾਵੇਂ ਇਸ ਨੂੰ ਤਿਆਗਣਾ ਬਹੁਤ ਕਠਿਨ ਹੈ ਪਰ ਸਤਿਗੁਰੂ ਜੀ ਦਾ ਹੁਕਮ ਹੈ :

ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ
ਗੁਰ ਸਤਿਗੁਰ ਕੀ ਮਤਿ ਲੈਨੀ ॥੩॥
(ਬਿਲਾਵਲੁ ਮ: ੪, ਅੰਗ ੮੦੦)

ਮਨ ਦੀ ਖੋਟੀ ਪ੍ਰੇਰਨਾ ਸੁਣਨ ਦੀ ਥਾਂ ਗੁਰੂ ਦੇ ਉਪਦੇਸ਼ ਨੂੰ ਸਦਾ ਸ੍ਰਵਣ ਕਰਨਾ ਚਾਹੀਦਾ ਹੈ :

ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ ॥
(ਬਿਲਾਵਲੁ ਮ: ੫, ਅੰਗ ੮੧੪)

(ਚਲਦਾ)

# ਚੀਨ ਦਾ ਅਮਰੀਕੀ ਕੰਪਨੀਆਂ ਨੂੰ ਵੱਡਾ ਝਟਕਾ, 20 ਕੰਪਨੀਆਂ 'ਤੇ ਲਗਾ ਦਿੱਤੀ ਸਖ਼ਤ ਪਾਬੰਦੀ

ਦੁਨੀਆ ਦੀਆਂ ਦੋ ਮਹਾਂਸ਼ਕਤੀਆਂ ਵਿਚਕਾਰ ਤਣਾਅ ਇੱਕ ਵਾਰ ਫਿਰ ਸਿਖਰ 'ਤੇ ਪਹੁੰਚ ਗਿਆ ਹੈ। ਇਹ ਮੁੱਦਾ ਤਾਈਵਾਨ ਨਾਲ ਸਬੰਧਤ ਹੈ, ਪਰ ਇਸਦਾ ਸੇਕ ਵਾਸ਼ਿੰਗਟਨ ਤੋਂ ਬੀਜਿੰਗ ਤੱਕ ਮਹਿਸੂਸ ਕੀਤਾ ਜਾ ਰਿਹਾ ਹੈ। ਚੀਨ ਦਾ ਗੁੱਸਾ ਉਦੋਂ ਸਿਖਰ 'ਤੇ ਪਹੁੰਚ ਗਿਆ ਜਦੋਂ ਅਮਰੀਕਾ ਨੇ ਤਾਈਵਾਨ ਨੂੰ ਹਥਿਆਰਾਂ ਦੀ ਇੱਕ ਵੱਡੀ ਖੇਪ ਪ੍ਰਦਾਨ ਕਰਨ ਦਾ ਫੈਸਲਾ ਕੀਤਾ। ਚੀਨ ਨੇ ਬਦਲਾ ਲੈਣ ਲਈ ਵੱਡੀਆਂ ਅਮਰੀਕੀ ਰੱਖਿਆ ਕੰਪਨੀਆਂ ਦੇ ਦਰਵਾਜ਼ੇ ਆਪਣੇ ਖੇਤਰ ਵਿੱਚ ਸਥਾਈ ਤੌਰ 'ਤੇ ਬੰਦ ਕਰ ਦਿੱਤੇ। ਚੀਨ ਦੀ ਇਹ ਕਾਰਵਾਈ ਸਖ਼ਤ ਅਤੇ ਵਿਆਪਕ ਦੋਵੇਂ ਹੈ। ਵੀਹ ਅਮਰੀਕੀ ਰੱਖਿਆ ਕੰਪਨੀਆਂ ਅਤੇ 10 ਸੀਨੀਅਰ ਅਧਿਕਾਰੀਆਂ ਨੂੰ ਹੁਣ ਚੀਨ ਦੀ 'ਬਲੈਕ ਲਿਸਟ' ਵਿੱਚ ਰੱਖਿਆ ਗਿਆ ਹੈ।

ਮਸ਼ਹੂਰ ਜਹਾਜ਼ ਨਿਰਮਾਤਾ ਬੋਇੰਗ ਦੀ ਸੇਂਟ ਲੁਈਸ ਸ਼ਾਖਾ ਇਨ੍ਹਾਂ ਪਾਬੰਦੀਸ਼ੁਦਾ ਕੰਪਨੀਆਂ ਦੀ ਸੂਚੀ ਵਿੱਚ ਸਿਖਰ 'ਤੇ ਹੈ। ਨੌਰਥਰੋਪ ਗ੍ਰੂਮੈਨ ਸਿਸਟਮ ਕਾਰਪੋਰੇਸ਼ਨ ਅਤੇ LC ਹੈਰਿਸ ਮੈਰੀਟਾਈਮ ਸਰਵਿਸਿਜ਼ ਵਰਗੀਆਂ ਵੱਡੀਆਂ ਕੰਪਨੀਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਇੱਕ ਮੀਡੀਆ ਰਿਪੋਰਟ ਅਨੁਸਾਰ, ਚੀਨੀ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਇਹ ਸਿਰਫ਼ ਇੱਕ ਰਸਮੀ ਕਾਰਵਾਈ ਨਹੀਂ ਹੈ। ਇਨ੍ਹਾਂ ਕੰਪਨੀਆਂ ਅਤੇ ਵਿਅਕਤੀਆਂ ਦੁਆਰਾ ਚੀਨ ਵਿੱਚ ਰੱਖੀਆਂ ਗਈਆਂ ਸਾਰੀਆਂ ਜਾਇਦਾਦਾਂ ਨੂੰ ਫਰੀਜ਼ ਕਰ ਦਿੱਤਾ ਜਾਵੇਗਾ। ਇਸਦਾ ਮੂਲ ਅਰਥ ਹੈ ਕਿ ਉਨ੍ਹਾਂ ਦੇ ਪੈਸੇ ਅਤੇ ਜਾਇਦਾਦ ਨੂੰ ਬਲੌਕ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ, ਕੋਈ ਵੀ ਘਰੇਲੂ ਚੀਨੀ ਸੰਗਠਨ ਜਾਂ ਵਿਅਕਤੀ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਕਾਰੋਬਾਰ ਨਹੀਂ ਕਰ ਸਕੇਗਾ। ਇਹ ਸਖ਼ਤੀਆਂ ਇੰਨੀਆਂ ਸਖ਼ਤ ਹਨ ਕਿ ਰੱਖਿਆ ਫਰਮ ਐਂਡੁਰਿਲ ਇੰਡਸਟਰੀਜ਼ ਦੇ ਸੰਸਥਾਪਕ ਅਤੇ ਪਾਬੰਦੀਸ਼ੁਦਾ ਫਰਮਾਂ ਦੇ ਨੌਂ ਸੀਨੀਅਰ ਕਾਰਜਕਾਰੀਆਂ ਨੂੰ ਹੁਣ ਚੀਨ ਵਿੱਚ ਦਾਖਲ ਹੋਣ ਤੋਂ ਰੋਕਿਆ ਜਾਵੇਗਾ।

**ਜੇਕਰ 'ਲਾਲ ਲਕੀਰ' ਪਾਰ ਕੀਤੀ ਜਾਂਦੀ ਹੈ ਤਾਂ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ:** ਇਸ ਪੂਰੀ ਕਾਰਵਾਈ ਪਿੱਛੇ ਬੀਜਿੰਗ ਦਾ ਤਰਕ ਸਪੱਸ਼ਟ ਹੈ। ਚੀਨ ਤਾਈਵਾਨ ਨੂੰ ਆਪਣੇ ਖੇਤਰ ਦਾ ਇੱਕ ਅਨਿੱਖੜਵਾਂ ਅੰਗ ਮੰਨਦਾ ਹੈ ਅਤੇ ਇਹ ਮੁੱਦਾ ਇਸਦੀ ਪ੍ਰਭੂਸੱਤਾ ਦੇ ਕੇਂਦਰ ਵਿੱਚ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਤਾਈਵਾਨ ਮੁੱਦਾ ਚੀਨ-ਅਮਰੀਕਾ ਸਬੰਧਾਂ ਵਿੱਚ ਇੱਕ 'ਲਾਲ ਲਕੀਰ' ਹੈ ਜਿਸਨੂੰ ਕਿਸੇ ਵੀ ਹਾਲਤ ਵਿੱਚ ਪਾਰ ਨਹੀਂ ਕੀਤਾ ਜਾਣਾ ਚਾਹੀਦਾ। ਚੀਨ ਨੇ ਅਮਰੀਕਾ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਤਾਈਵਾਨ ਦੀ ਆਜ਼ਾਦੀ ਦੀ ਮੰਗ ਕਰਨ ਵਾਲੀਆਂ 'ਵੱਖਵਾਦੀ ਤਾਕਤਾਂ' ਨੂੰ ਗਲਤ ਸੰਕੇਤ ਭੇਜਣਾ ਬੰਦ ਕਰੇ। ਬੀਜਿੰਗ ਨੇ ਸਪੱਸ਼ਟ ਕੀਤਾ ਹੈ ਕਿ ਉਹ ਆਪਣੀ ਰਾਸ਼ਟਰੀ ਸੁਰੱਖਿਆ ਅਤੇ ਖੇਤਰੀ ਅਖੰਡਤਾ ਦੀ ਰੱਖਿਆ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ। ਇਹ ਕਹਿੰਦਾ ਹੈ ਕਿ ਜੇਕਰ ਅਮਰੀਕਾ ਤਾਈਵਾਨ ਬਾਰੇ ਭੜਕਾਹਟਾਂ ਵਿੱਚ ਸ਼ਾਮਲ ਹੁੰਦਾ ਰਹਿੰਦਾ ਹੈ, ਤਾਂ ਚੀਨ ਹੋਰ ਵੀ ਮਜ਼ਬੂਤ ਅਤੇ ਫੈਸਲਾਕੁੰਨ ਜਵਾਬ ਦੇਵੇਗਾ।

**ਹੁਣ ਸਵਾਲ ਇਹ ਉੱਠਦਾ ਹੈ:** ਅਮਰੀਕਾ ਨੇ ਡਰੈਗਨ ਨੂੰ ਗੁੱਸੇ ਕਰਨ ਲਈ ਕੀ ਕੀਤਾ? ਦਰਅਸਲ, ਡੋਨਾਲਡ ਟਰੰਪ ਪ੍ਰਸ਼ਾਸਨ ਨੇ ਤਾਈਵਾਨ ਲਈ ਹੁਣ ਤੱਕ ਦੇ ਸਭ ਤੋਂ ਵੱਡੇ ਹਥਿਆਰ ਪੈਕੇਜਾਂ ਵਿੱਚੋਂ ਇੱਕ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਸੌਦਾ ਲਗਭਗ $11.1



ਬਿਲੀਅਨ ਦਾ ਹੈ, ਜੋ ਕਿ ਇੱਕ ਰਿਕਾਰਡ ਰਕਮ ਹੈ। ਇਸ ਪੈਕੇਜ ਵਿੱਚ ਸਿਰਫ਼ ਛੋਟੀਆਂ ਤੋਪਾਂ ਹੀ ਨਹੀਂ, ਸਗੋਂ ਯੁੱਧ ਦੀ ਲਹਿਰ ਨੂੰ ਮੋੜਨ ਦੇ ਸਮਰੱਥ ਹਥਿਆਰ ਸ਼ਾਮਲ ਹਨ। ਇਸ ਵਿੱਚ ਅਤਿ-ਆਧੁਨਿਕ ਮਿਜ਼ਾਈਲਾਂ, ਭਾਰੀ ਤੋਪਖਾਨਾ, HIMARS ਰਾਕੇਟ ਲਾਂਚਰ ਅਤੇ ਖਤਰਨਾਕ ਡਰੋਨ ਸ਼ਾਮਲ ਹਨ। ਚੀਨ ਨੂੰ ਡਰ ਹੈ ਕਿ ਇਹ ਹਥਿਆਰ ਤਾਈਵਾਨ ਦੀ ਫੌਜੀ ਤਾਕਤ ਨੂੰ ਵਧਾਉਣਗੇ, ਜਿਸ ਨਾਲ ਚੀਨ ਦੀ ਸੁਰੱਖਿਆ ਲਈ ਸਿੱਧਾ ਖ਼ਤਰਾ ਪੈਦਾ ਹੋਵੇਗਾ। ਹਾਲਾਂਕਿ ਤਾਈਵਾਨ ਨੂੰ ਹਥਿਆਰਾਂ ਦੀ ਇਹ ਪ੍ਰਸਤਾਵਿਤ ਵਿਕਰੀ ਅਜੇ ਵੀ ਅਮਰੀਕੀ ਕਾਂਗਰਸ ਦੀ ਪ੍ਰਵਾਨਗੀ ਦੇ ਅਧੀਨ ਹੈ, ਪਰ ਇਸ ਪ੍ਰਸਤਾਵ ਨੇ ਖੁਦ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਖਰਾਬ ਕਰ ਦਿੱਤਾ ਹੈ।

### ਮਾਮਲਾ ਲਾਪਤਾ 328 ਪਾਵਨ ਸਰੂਪਾਂ ਦਾ

# ਸ਼੍ਰੋਮਣੀ ਕਮੇਟੀ ਨੇ ਖ਼ੁਦ ਕੀਤੀ ਸੀ ਕਾਨੂੰਨੀ ਕਾਰਵਾਈ ਦੀ ਸਿਫਾਰਸ਼ : ਭਗਵੰਤ ਮਾਨ

- ਅੰਤ੍ਰਿੰਗ ਕਮੇਟੀ ਦੇ ਪੁਰਾਣੇ ਪਾਸ ਮਤੇ ਕੱਢ ਕੇ ਸ਼੍ਰੋਮਣੀ ਕਮੇਟੀ ਨੂੰ ਘੇਰਿਆ
- ਕਿਹਾ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਆਪਣੇ ਗਲਤ ਕੰਮ ਛੁਪਾਉਣ ਲਈ ਅਕਾਲ ਤਖਤ ਨੂੰ ਢਾਲ ਬਣਾ ਕੇ ਵਰਤਦੇ ਹਨ
- ਲਾਪਤਾ ਸਰੂਪਾਂ ਦੀ ਸਚਾਈ ਸਾਹਮਣੇ ਲਿਆਉਣ ਲਈ ਜਾਂਚ ਅੱਗੇ ਵਧਾਉਣ ਦਾ ਕੀਤਾ ਐਲਾਨ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਉਸ ਦੇ ਅਕਾਲੀ ਦਲ ਵਿਚਲੇ ਆਕਾਵਾਂ ਦੀ ਨਿੰਦਾ ਕਰਦਿਆਂ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਥ ਨੂੰ ਆਪਣੇ ਕੁਕਰਮਾਂ ਵਿਰੁੱਧ ਕਾਰਵਾਈ ਤੋਂ ਬਚਣ ਲਈ ਢਾਲ ਵਜੋਂ ਵਰਤ ਰਹੇ ਹਨ। ਇਥੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਅਤੇ ਸਿੱਖ ਭਾਈਚਾਰਾ ਡੂੰਘੇ ਸਦਮੇ 'ਚ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪ ਲਾਪਤਾ ਹੋਣ ਦੇ ਮਾਮਲੇ 'ਚ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਥਕ ਸੰਗਠਨਾਂ ਅਤੇ ਸੰਤ ਸਮਾਜ ਨੇ ਲੰਬੇ ਸਮੇਂ ਤੋਂ ਇਸ ਸੰਬੰਧੀ ਕਾਰਵਾਈ ਦੀ ਮੰਗ ਕੀਤੀ ਹੈ ਅਤੇ ਇਸ ਮਕਸਦ ਲਈ ਸੂਬਾ ਸਰਕਾਰ ਤੱਕ ਵੀ ਪਹੁੰਚ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਆਪਣੀ ਨੈਤਿਕ ਜ਼ਿੰਮੇਵਾਰੀ ਤਹਿਤ ਸੂਬਾ ਸਰਕਾਰ ਨੇ ਇਸ ਸੰਬੰਧੀ ਐਫ. ਆਈ. ਆਰ. ਦਰਜ ਕੀਤੀ ਹੈ ਤੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਈ ਹੈ। ਉਨ੍ਹਾਂ ਕਿਹਾ ਕਿ ਐਫ.ਆਈ.ਆਰ. ਤੋਂ ਤੁਰੰਤ ਬਾਅਦ ਆਪਣੇ ਆਕਾਵਾਂ ਦੇ ਨਿਰਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਨੇ ਪ੍ਰੈਸ ਨੂੰ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ ਹੈ ਅਤੇ ਧਾਰਮਿਕ ਮਾਮਲਿਆਂ 'ਚ ਦਖ਼ਲਅੰਦਾਜ਼ੀ ਲਈ ਸੂਬਾ ਸਰਕਾਰ ਵਿਰੁੱਧ ਜ਼ਹਿਰ ਉਗਲਦੇ ਹੋਏ ਦੋਸ਼ਾਂ ਦਾ ਖੰਡਨ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੁਖੀ ਨੇ ਮੰਨਿਆ ਹੈ ਕਿ ਸ਼੍ਰੋਮਣੀ ਕਮੇਟੀ 'ਚ ਰੋਜ਼ਾਨਾ 10-12 ਘੁਟਾਲੇ ਹੁੰਦੇ ਹਨ, ਜੋ ਦਰਸਾਉਂਦੇ ਹਨ ਕਿ ਸ਼ਰਧਾਲੂਆਂ ਦੁਆਰਾ ਚੜ੍ਹਾਏ ਗਏ ਗੋਲਕ ਦੇ ਪੈਸੇ ਦੀ ਦੁਰਵਰਤੋਂ ਹੁੰਦੀ ਹੈ। ਭਗਵੰਤ ਮਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅੰਤਰਿਮ ਕਮੇਟੀ ਨੇ 2020 ਦੌਰਾਨ ਆਪਣੀ ਮੀਟਿੰਗ 'ਚ ਕਮੇਟੀ ਦੇ ਦੋਸ਼ੀ ਕਰਮਚਾਰੀਆਂ ਅਤੇ ਪ੍ਰਕਾਸ਼ਕਾਂ ਵਿਰੁੱਧ ਇਸੇ ਮਾਮਲੇ 'ਚ ਸਖ਼ਤ ਕਾਰਵਾਈ ਕਰਨ ਦਾ ਮਤਾ ਪਾਸ ਕੀਤਾ ਸੀ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਕਈ ਬੇਨਿਯਮੀਆਂ ਦੇ ਬਾਵਜੂਦ ਇਸ ਸੰਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ, ਹਾਲਾਂਕਿ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਖੁਦ ਸਾਬਕਾ ਮੁੱਖ ਸਕੱਤਰ ਡਾ. ਰੂਪ ਸਿੰਘ ਵਰਗੇ ਧਨਾਢਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਕਰਨ ਲਈ ਮਤਾ ਪਾਸ ਕੀਤਾ ਸੀ। ਉਨ੍ਹਾਂ ਕਿਹਾ ਕਿ ਐਸ.ਐਸ. ਕੋਹਲੀ ਐਂਡ ਐਸੋਸੀਏਟਸ (ਚਾਰਟਰਡ ਅਕਾਊਂਟੈਂਟ ਫਰਮ) ਨਾਲ ਸਾਰੀਆਂ ਸੇਵਾਵਾਂ ਖਤਮ ਕਰਨ ਦਾ ਫ਼ੈਸਲਾ ਵੀ ਕੀਤਾ ਗਿਆ ਸੀ ਅਤੇ ਜ਼ਿੰਮੇਵਾਰੀ 'ਚ ਅਸਫਲ ਰਹਿਣ ਕਾਰਨ ਕੀਤੇ ਗਏ 75 ਫ਼ੀਸਦੀ ਭੁਗਤਾਨ ਦੀ ਵਸੂਲੀ ਨੂੰ ਪ੍ਰਵਾਨਗੀ ਵੀ ਦਿੱਤੀ ਗਈ ਸੀ। ਮੁੱਖ ਮੰਤਰੀ ਨੇ ਕਿਹਾ ਕਿ ਕਿਉਂਕਿ ਕੋਹਲੀ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਦੇ ਸੀ.ਏ. ਵਜੋਂ ਵੀ ਸੇਵਾਵਾਂ ਨਿਭਾਅ ਰਿਹਾ ਸੀ, ਇਸ ਲਈ ਕਾਰਵਾਈ ਅਜੇ ਵੀ ਲਟਕ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਆਕਾਵਾਂ ਦੇ ਇਸ਼ਾਰੇ 'ਤੇ ਦਾਅਵਾ ਕਰਦੀ ਹੈ ਕਿ ਸੂਬਾ ਸਰਕਾਰ ਪੰਥ ਦੇ ਮਾਮਲਿਆਂ 'ਚ ਦਖ਼ਲ ਦੇ ਰਹੀ ਹੈ, ਜੋ ਕਿ ਸੱਚ ਨਹੀਂ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਨੇ ਦੋਸ਼ੀਆਂ ਵਿਰੁੱਧ ਅਪਰਾਧਿਕ ਕਾਰਵਾਈ ਲਈ ਮਤਾ ਪਾਸ ਕੀਤਾ ਹੈ, ਜਿਸ ਲਈ ਸੂਬਾ ਸਰਕਾਰ ਹੀ ਕਾਰਵਾਈ ਕਰ ਸਕਦੀ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ 'ਤੇ ਆਪਣਾ ਏਕਾਧਿਕਾਰ ਸਥਾਪਿਤ ਕਰਨ ਮੌਕੇ ਤਾਂ ਸ਼੍ਰੋਮਣੀ ਕਮੇਟੀ ਨੇ ਸਰਕਾਰ ਤੋਂ ਕਾਨੂੰਨ ਪਾਸ ਕਰਵਾਇਆ, ਉਸ ਮੌਕੇ ਕੋਈ ਸਰਕਾਰੀ ਦਖ਼ਲ ਨਹੀਂ ਸੀ, ਪਰ ਹੁਣ ਸਰਕਾਰ ਦੀ ਜਾਂਚ ਦਾ ਵੀ ਵਿਰੋਧ ਹੋ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ 1920 'ਚ ਜੋ ਸ਼ੇਰਾਂ ਦੀ ਜਮਾਤ ਸੀ ਉਸ ਦੇ ਆਗੂ ਸੰਸਦ ਦੇ ਗੇਟ 'ਤੇ ਕਿਸਾਨੀ ਕਾਨੂੰਨ ਵਾਪਸ ਲੈਣ ਦੀਆਂ ਤਖ਼ਤੀਆਂ ਨੂੰ ਵੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੇਖ ਕੇ ਲੁਕਾ ਲੈਂਦੇ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੇ ਮਤੇ ਪੜ੍ਹ ਕੇ ਵੀ ਸੁਣਾਏ, ਜਿਨ੍ਹਾਂ 'ਤੇ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਜਾਂਚ ਦੇ ਕੰਮ ਲਈ ਮਿਲਵਰਤਨ ਦੇਵੇ ਤਾਂ ਜੋ ਸੱਚ ਸਾਹਮਣੇ ਆ ਸਕੇ। ਮੁੱਖ ਮੰਤਰੀ ਨੇ ਦੋਸ਼ ਲਗਾਇਆ ਕਿ ਗੁਰੂ ਰਾਮਦਾਸ ਮੈਡੀਕਲ ਕਾਲਜ ਗਰੀਬ ਸਿੱਖਾਂ ਨੂੰ ਮੈਡੀਕਲ ਦੀ ਸਿੱਖਿਆ ਦੇਣ ਲਈ ਬਣਾਇਆ ਗਿਆ ਸੀ, ਪਰ ਅੱਜ ਉਹ ਸਭ ਤੋਂ ਮਹਿੰਗਾ



ਕਾਲਜ ਹੈ ਤੇ ਉਸ 'ਚ ਦਾਖ਼ਲਾ ਵੀ ਦਲ ਦੇ ਪ੍ਰਧਾਨ ਦੀ ਸਿਫ਼ਾਰਸ਼ ਨਾਲ ਮਿਲਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੀਆਂ ਸਰਾਂਵਾਂ ਵੀ ਕੁਝ ਲੋਕਾਂ ਦੀਆਂ ਨਿੱਜੀ ਜਾਇਦਾਦ ਬਣ ਗਈਆਂ ਹਨ, ਜਿਥੇ ਕਿਸੇ ਆਮ ਆਦਮੀ ਨੂੰ ਕਮਰਾ ਨਹੀਂ ਮਿਲਦਾ। ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਜਿਨ੍ਹਾਂ ਦੋ ਮੰਤਰੀਆਂ ਨੂੰ ਸੱਦਿਆ ਗਿਆ ਹੈ, ਉਹ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣਗੇ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲਾਂ 'ਤੇ ਮਹਾਨ ਸਿੱਖ ਗੁਰੂਆਂ ਦਾ ਕਾਰਟੂਨ ਪੋਸਟ ਕੀਤਾ ਸੀ ਪਰ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ, ਕਿਉਂਕਿ ਸੂਬੇ ਦੀਆਂ ਚੋਣਾਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ਸਿਰਫ ਕੁਰਸੀ ਹਥਿਆਉਣਾ ਚਾਹੁੰਦੇ ਹਨ ਅਤੇ ਸੂਬੇ ਤੇ ਲੋਕਾਂ ਦੇ ਹਿਤਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ। ਮਿਸਾਲ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀਆਂ ਨੇ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਦਾ ਦਰਜਾ ਦੇਣ, ਐਸ.ਵਾਈ.ਐਲ., ਕਾਲੇ ਕਾਨੂੰਨਾਂ ਤੇ ਹੋਰ ਰਾਜ ਵਿਰੋਧੀ ਫ਼ੈਸਲਿਆਂ ਨੂੰ ਸਿਰਫ ਆਪਣੇ ਪਰਿਵਾਰ ਨੂੰ ਲਾਭ ਪਹੁੰਚਾਉਣ ਲਈ ਸਹਿਮਤੀ ਦਿੱਤੀ।

## ਸੌਂਦ, ਦਿੱਲੀ ਕਮੇਟੀ ਦੇ ਅਹੁਦੇਦਾਰ ਤੇ ਚੀਫ ਖ਼ਾਲਸਾ ਦੀਵਾਨ ਦਾ ਪ੍ਰਧਾਨ ਤਲਬ

### ਕੈਬਨਿਟ ਮੰਤਰੀ ਤੋਂ ਭਾਈ ਜੀਵਨ ਸਿੰਘ ਦੀ ਯਾਦਗਾਰ 'ਚ ਸਿੱਖ ਮਰਿਆਦਾ ਦੀ ਉਲੰਘਣਾ ਬਾਰੇ ਸਪੱਸ਼ਟੀਕਰਨ ਮੰਗਿਆ

ਅੰਮ੍ਰਿਤਸਰ : ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵੱਖ ਵੱਖ ਮਾਮਲਿਆਂ ਉੱਤੇ ਵਿਚਾਰ ਕਰਦਿਆਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ,




ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸਮੇਤ ਅਹੁਦੇਦਾਰਾਂ ਅਤੇ ਚੀਫ ਖ਼ਾਲਸਾ ਦੀਵਾਨ ਦੇ ਪ੍ਰਧਾਨ ਨੂੰ 5 ਜਨਵਰੀ ਨੂੰ ਅਕਾਲ ਤਖ਼ਤ ਵਿਖੇ ਤਲਬ ਕੀਤਾ ਹੈ। ਸਕੱਤਰੇਤ ਨੇ ਸਬੰਧਤ ਵਿਅਕਤੀਆਂ ਨੂੰ ਪੱਤਰ ਭੇਜ ਦਿੱਤੇ ਹਨ।

ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਨੇ ਦੱਸਿਆ ਕਿ ਤਰੁਣਪ੍ਰੀਤ ਸਿੰਘ ਸੌਂਦ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਦੀ ਯਾਦਗਾਰ ਵਿੱਚ ਤਿਆਰ ਕੀਤੀਆਂ ਤਸਵੀਰਾਂ ਵਿੱਚ ਸਿੱਖ ਸਿਧਾਂਤਾਂ, ਮਰਿਆਦਾ ਤੇ ਭਾਵਨਾਵਾਂ ਦੇ ਵਿਰੁੱਧ ਪੇਸ਼ਕਾਰੀ ਸਬੰਧੀ ਲਿਖਤੀ ਸਪੱਸ਼ਟੀਕਰਨ ਮੰਗਿਆ ਗਿਆ ਸੀ। ਉਨ੍ਹਾਂ ਵੱਲੋਂ ਹੋਰ ਸਮੇਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਜਥੇਦਾਰ ਨੇ ਸ੍ਰੀ ਸੌਂਦ ਨੂੰ ਹੁਣ 5 ਜਨਵਰੀ ਨੂੰ ਪੇਸ਼ ਹੋਣ ਦਾ ਹੁਕਮ ਦਿੱਤਾ ਹੈ। ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ 25 ਅਕਤੂਬਰ ਨੂੰ ਵਿਸ਼ੇਸ਼ ਇਜਲਾਸ ਸੱਦਿਆ ਸੀ, ਜਿਸ ਉੱਤੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਰੋਕ ਲਗਾਈ ਗਈ ਸੀ ਪਰ ਦਿੱਲੀ ਕਮੇਟੀ ਦੇ ਅਹੁਦੇਦਾਰਾਂ ਨੇ ਹੁਕਮ ਦੀ ਉਲੰਘਣਾ ਕਰਦਿਆਂ ਇਜਲਾਸ ਕੀਤਾ ਸੀ। ਇਸ ਲਈ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ, ਜਨਰਲ ਸਕੱਤਰ, ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ ਅਤੇ ਸਕੱਤਰ ਨੂੰ ਪੱਖ ਰੱਖਣ ਲਈ ਸੱਦਿਆ ਗਿਆ ਹੈ।

ਇਸੇ ਤਰ੍ਹਾਂ ਚੀਫ ਖ਼ਾਲਸਾ ਦੀਵਾਨ ਤੋਂ ਜਾਣਕਾਰੀ ਮੰਗੀ ਗਈ ਸੀ ਕਿ ਉਨ੍ਹਾਂ ਦੇ ਕਿਹੜੇ ਮੈਂਬਰ ਅੰਮ੍ਰਿਤਧਾਰੀ ਹਨ ਅਤੇ ਕਿਹੜੇ ਨਹੀਂ ਹਨ ਪਰ ਉਨ੍ਹਾਂ ਵੱਲੋਂ ਭੇਜੀ ਜਾਣਕਾਰੀ ਅਸਪੱਸ਼ਟ ਹੈ। ਚੀਫ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਨੂੰ ਯੋਗ ਸਮਾਂ ਦੇਣ ਦੇ ਬਾਵਜੂਦ ਕੋਈ ਤਸੱਲੀਬਖਸ਼ ਜਵਾਬ ਨਹੀਂ ਦਿੱਤਾ ਗਿਆ ਜਿਸ ਕਾਰਨ ਜਥੇਦਾਰ ਨੇ ਚੀਫ ਖ਼ਾਲਸਾ ਦੀਵਾਨ ਦੇ ਪ੍ਰਧਾਨ ਨੂੰ ਨਿੱਜੀ ਤੌਰ 'ਤੇ ਅੰਮ੍ਰਿਤਧਾਰੀ ਤੇ ਗ਼ੈਰ ਅੰਮ੍ਰਿਤਧਾਰੀ ਮੈਂਬਰਾਂ ਦੀ ਸੂਚੀ ਲੈ ਕੇ ਪਹੁੰਚਣ ਦਾ ਹੁਕਮ ਦਿੱਤਾ ਹੈ।

## ਸਰਕਾਰ ਨੇ ਸਿਆਸੀ ਮਨਸ਼ਾ ਤਹਿਤ ਕੇਸ ਦਰਜ ਕਰਾਇਆ: ਧਾਮੀ

### ਲਾਪਤਾ ਸਰੂਪ ਮਾਮਲੇ 'ਚ ਅਕਾਲ ਤਖ਼ਤ ਦੇ ਹੁਕਮਾਂ ਅਨੁਸਾਰ ਕਾਰਵਾਈ ਕਰਨ ਦਾ ਦਾਅਵਾ

ਅੰਮ੍ਰਿਤਸਰ : ਲਾਪਤਾ ਪਾਵਨ ਸਰੂਪ ਮਾਮਲੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਾਏ ਦੋਸ਼ਾਂ ਤੋਂ ਬਾਅਦ ਅੱਜ ਇੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸਰਕਾਰ ਅਦਾਲਤ 'ਚ ਮੰਨ ਚੁੱਕੀ ਹੈ ਕਿ ਸਿੱਖ ਸੰਸਥਾ ਅਜਿਹੇ ਮਾਮਲਿਆਂ ਬਾਰੇ ਫ਼ੈਸਲੇ ਲੈਣ ਦੇ ਸਮਰੱਥ ਅਤੇ ਅਧਿਕਾਰਤ ਹੈ ਪਰ ਇਸ ਦੇ ਬਾਵਜੂਦ ਇਸ ਮਾਮਲੇ 'ਚ ਪੁਲੀਸ ਕੇਸ ਦਰਜ ਕਰ ਕੇ ਸਰਕਾਰ ਨੇ ਆਪਣੀ ਸਿਆਸੀ ਮਨਸ਼ਾ ਸਾਬਤ ਕੀਤੀ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਅਕਾਲ ਤਖ਼ਤ ਦੇ ਆਦੇਸ਼ ਮੁਤਾਬਕ ਸ਼੍ਰੋਮਣੀ ਕਮੇਟੀ ਇਸ ਮਾਮਲੇ 'ਚ ਜ਼ਿੰਮੇਵਾਰ ਠਹਿਰਾਏ 16 ਜਣਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰ ਚੁੱਕੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਇਸ ਮਾਮਲੇ 'ਚ ਅੱਧੇ-ਅਧੂਰੇ ਫ਼ੈਸਲੇ ਬਾਰੇ ਦੱਸ ਕੇ ਲੋਕਾਂ ਨੂੰ ਗੁਮਰਾਹ ਕਰਨ ਦਾ ਯਤਨ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਸਰਕਾਰ ਅਜਿਹਾ ਕਰ ਕੇ ਅਕਾਲ ਤਖ਼ਤ ਦੀ ਸਰਵਉੱਚਤਾ ਨੂੰ ਵੀ ਚੁਣੌਤੀ ਦੇ ਰਹੀ ਹੈ ਕਿਉਂਕਿ ਡਾ. ਈਸ਼ਰ ਸਿੰਘ ਦੀ ਜਾਂਚ ਅਕਾਲ ਤਖ਼ਤ ਵੱਲੋਂ ਕਰਵਾਈ ਗਈ ਸੀ ਤੇ ਜਾਂਚ ਰਿਪੋਰਟ ਅਨੁਸਾਰ ਸ਼੍ਰੋਮਣੀ ਕਮੇਟੀ ਨੂੰ ਕਾਰਵਾਈ ਦਾ ਆਦੇਸ਼ ਵੀ ਅਕਾਲ ਤਖ਼ਤ ਨੇ ਹੀ ਕੀਤਾ ਸੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਾਈ ਕੋਰਟ ਦੇ ਜਿਸ ਹੁਕਮ ਦਾ ਜ਼ਿਕਰ ਕਰ ਕੇ ਐੱਫ ਆਈ ਆਰ ਦਰਜ ਕਰਨ ਬਾਰੇ ਦੱਸ ਰਹੀ ਹੈ, ਉਸ ਵਿੱਚ ਖ਼ੁਦ ਸਰਕਾਰ ਵੱਲੋਂ ਇਹ ਅਧਿਕਾਰ ਖੇਤਰ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦਾ ਹੋਣ ਬਾਰੇ ਹਲਫ਼ਨਾਮਾ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੀ ਏ ਸਤਿੰਦਰ ਸਿੰਘ ਕੋਹਲੀ ਬਾਰੇ ਗੱਲ ਕਰਦਿਆਂ ਆਖਿਆ ਕਿ ਇਸ ਮਾਮਲੇ ਵਿਚ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ 'ਚ ਪੈਸੇ ਰਿਕਵਰ



### 'ਵੱਡੇ ਪ੍ਰਬੰਧਾਂ 'ਚ ਖ਼ਾਮੀਆਂ ਰਹਿ ਸਕਦੀਆਂ ਨੇ'

ਪ੍ਰਧਾਨ ਧਾਮੀ ਨੇ ਕਿਹਾ ਕਿ ਅਕਾਲ ਤਖ਼ਤ ਵੱਲੋਂ ਕਰਵਾਈ ਜਾਂਚ ਅਨੁਸਾਰ ਰਿਪੋਰਟ ਵਿੱਚ ਸਪਸ਼ਟ ਹੈ ਕਿ ਸਰੂਪ ਲਾਪਤਾ ਨਹੀਂ ਹੋਏ, ਸਗੋਂ ਇਹ ਹੇਰਾ-ਫੇਰੀ ਦਾ ਮਾਮਲਾ ਹੈ। ਸ਼੍ਰੋਮਣੀ ਕਮੇਟੀ 'ਚ ਲਗਪਗ 22 ਹਜ਼ਾਰ ਮੁਲਾਜ਼ਮ ਹਨ ਤੇ ਵੱਡੇ ਪ੍ਰਬੰਧ ਵਿੱਚ ਖ਼ਾਮੀਆਂ ਰਹਿ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਕਿਸੇ ਵੀ ਦੋਸ਼ੀ ਦਾ ਸਾਥ ਨਹੀਂ ਦੇ ਰਹੀ, ਇਸ ਸਬੰਧੀ ਝੂਠਾ ਪ੍ਰਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਕਰਨ ਦਾ ਕੇਸ ਚੱਲ ਰਿਹਾ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸਾਬਕਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ, ਅੰਤ੍ਰਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਆਦਿ ਮੌਜੂਦ ਸਨ।

ਜ਼ਿਕਰਯੋਗ ਹੈ ਕਿ ਪਾਵਨ ਸਰੂਪ ਮਾਮਲੇ ਵਿੱਚ ਪੰਜ ਸਿੰਘ ਸਾਹਿਬਾਨ ਵੱਲੋਂ ਮੌਜੂਦਾ ਆਪ ਸਰਕਾਰ ਨੂੰ ਤਾੜਨਾ ਕੀਤੇ ਜਾਣ ਤੋਂ ਬਾਅਦ ਇਹ ਮਾਮਲਾ ਹੋਰ ਭਖਣ ਲੱਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਮਾਮਲੇ ਵਿੱਚ ਲਾਏ ਗਏ ਦੋਸ਼ਾਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਇਸ ਮਾਮਲੇ ਸਬੰਧੀ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਪੰਜ ਸਿੰਘ ਸਾਹਿਬਾਨ ਵੱਲੋਂ ਕੀਤੀ ਗਈ ਇਕੱਤਰਤਾ ਦੌਰਾਨ ਇਹ ਮਾਮਲਾ ਵਿਚਾਰਿਆ ਗਿਆ ਸੀ ਜਿਸ ਵਿੱਚ ਪੰਜ ਸਿੰਘ ਸਾਹਿਬਾਨ ਵੱਲੋਂ ਇੱਕ ਮਤਾ ਪਾਸ ਕਰਕੇ ਆਦੇਸ਼ ਕੀਤਾ ਗਿਆ ਸੀ ਕਿ ਮੌਜੂਦਾ ਸਰਕਾਰ ਅਤੇ ਹਾਕਮ ਧਿਰ ਸਿੱਖਾਂ ਦੇ ਇਸ ਅੰਦਰੂਨੀ ਮਾਮਲੇ ਵਿੱਚ ਦਖਲਅੰਦਾਜ਼ੀ ਨਾ ਕਰੇ। ਦੱਸਣਯੋਗ ਹੈ ਕਿ ਇਸ ਮਾਮਲੇ ਵਿੱਚ ਸਰਕਾਰ ਦੇ ਆਦੇਸ਼ 'ਤੇ ਸਥਾਨਕ ਪੁਲੀਸ ਵੱਲੋਂ ਸੱਤ ਦਸੰਬਰ ਨੂੰ ਪੁਲੀਸ ਕੇਸ ਦਰਜ ਕੀਤਾ ਗਿਆ ਸੀ ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਤੇ ਮੌਜੂਦਾ ਕਰਮਚਾਰੀਆਂ ਸਮੇਤ 16 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ। ਇਸ ਮਗਰੋਂ ਪੁਲੀਸ ਵੱਲੋਂ ਇਸ ਮਾਮਲੇ ਵਿੱਚ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ ਦਾ ਵੀ ਗਠਨ ਕੀਤਾ ਗਿਆ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ – ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ – ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਪ੍ਰਚਾਰਕ ਜੀ ਭੀ ਸਮੇਂ ਸਿਰ ਜਲਸੇ 'ਤੇ ਪੁੱਜ ਗਏ ਸਨ। ਪਹਿਲਾਂ ਤਾਂ ਇਨ੍ਹਾਂ ਨੂੰ ਵਕਤ ਹੀ ਨਾ ਮਿਲੇ ਪਰ ਕੋਸ਼ਿਸ਼ ਕਰਨ 'ਤੇ ਵਕਤ ਮਿਲਿਆ। ਗੁਰਮਤਿ ਪ੍ਰਚਾਰ ਦਾ ਖ਼ੂਬ ਅਸਰ ਹੋਇਆ। ਪਿੰਡ ਰੂੜੀ ਵਾਲੇ ਦੇ ਅਖੌਤੀ ਅਛੂਤ ਅੰਮ੍ਰਿਤ ਛਕਣ ਨੂੰ ਤਿਆਰ ਹੋ ਗਏ ਹਨ। ਪ੍ਰਚਾਰ ਕਰਨ ਤੇ ਹੋਰ ਪਿੰਡਾਂ ਦੇ ਲੋਕ ਵੀ ਅੰਮ੍ਰਿਤ ਛਕਣ ਨੂੰ ਤਿਆਰ ਹੋ ਜਾਣਗੇ। ਗੁਰਦੁਆਰਾ ਗਜ਼ਟ ਅੰਮ੍ਰਿਤਸਰ (28) ਫਰਵਰੀ 1937

12-12-36 ਨੂੰ ਹਾਥਰਸ ਖਿਨੀ ਮਹੱਲੇ ਵਿਚ ਪ੍ਰਚਾਰ ਕੀਤਾ, ਇਥੇ ਅੱਗੇ ਇਕ ਸਿੰਘ ਹੈ, ਇਕ ਹੋਰ ਉਦੇ ਸਿੰਘ ਨੇ ਕੇਸ ਰੱਖਣ ਦਾ ਇਕਰਾਰ ਕੀਤਾ।

ਭਾਈ ਰਘਬੀਰ ਸਿੰਘ ਜੀ ਪ੍ਰਚਾਰਕ ਅਲੀਗੜ੍ਹ ਤੋਂ ਰਿਪੋਰਟ ਦਿੰਦੇ ਹਨ ਕਿ 14-12-36 ਨੂੰ ਅਲੀਗੜ੍ਹ ਰਾਜੌਰੀ ਰਾਤ ਨੂੰ ਦੀਵਾਨ ਸਜਿਆ। ਜਾਟਿਵ ਸਿੱਖਾਂ ਤੋਂ ਇਲਾਵਾ ਜ਼ਿਮੀਂਦਾਰ ਜਾਟ ਵੀ ਕਾਫ਼ੀ ਗਿਣਤੀ ਵਿਚ ਦੀਵਾਨ ਸੁਣਨ ਆਏ। ਬਹੁਤ ਅਛੂਤਾਂ ਤੇ ਅਸਰ ਪਿਆ। 12-12-36 ਨੂੰ ਸਵੇਰੇ ਕੀਰਤਨ ਕਥਾ ਤੋਂ ਬਾਅਦ ਅੰਮ੍ਰਿਤ ਪ੍ਰਚਾਰ ਹੋਇਆ, ਜਿਸ ਵਿਚ 110 ਪ੍ਰਾਣੀਆਂ ਅੰਮ੍ਰਿਤਪਾਨ ਕੀਤਾ।

ਭਾਈ ਗੁਰਪਾਲ ਸਿੰਘ ਜੀ ਮਿਸ਼ਨਰੀ ਕਾਸਗੰਜ ਜ਼ਿਲ੍ਹਾ ਏਟਾ (ਯੂ.ਪੀ.) ਰਿਪੋਰਟ ਦਿੰਦੇ ਹਨ ਕਿ 3-12-36 ਨੂੰ ਤਾਜਪੁਰ ਪ੍ਰਚਾਰ ਕੀਤਾ, ਤਿੰਨ ਨਵੇਂ ਸਿੰਘ ਸਜੇ। ਖਰਗਾਤੀਪੁਰ ਪ੍ਰਚਾਰ ਕਰਨ ਤੇ ਤਿੰਨ ਹੋਰ ਨਵੇਂ ਸਿੰਘ ਸਜੇ। 6-12-36 ਨੂੰ ਭਾਮੋ ਜਾ ਕੇ ਸਿੱਖੀ ਅਸੂਲ ਸਮਝਾਏ, 43 ਨਵੇਂ ਸਿੰਘ ਸਜੇ। ਇਹ ਪਿੰਡ ਮੁਸਲਮਾਨ ਜ਼ਿਮੀਂਦਾਰੇ ਵਿਚ ਹੈ, ਲਾਗੇ ਚਾਗੇ ਸਭ ਮੁਸਲਮਾਨ ਜ਼ਿਮੀਂਦਾਰ ਹਨ। 7-12-36 ਨੂੰ ਖੰਗਾਰ ਕਾ ਨਗਰ ਜਾ ਕੇ ਪ੍ਰਚਾਰ ਕੀਤਾ, 10 ਸਿੰਘ ਸਜੇ। ਇਹ ਪਿੰਡ ਭੀ ਭਾਮੋ ਦੇ ਲਾਗੇ ਹੀ ਹੈ। ਇਨ੍ਹਾਂ ਦੋਹਾਂ ਪਿੰਡਾਂ ਵਿਚ ਦੋ ਸੌ ਆਦਮੀ ਹੈ ਜਿਨ੍ਹਾਂ ਵਿਚੋਂ 150 ਦੇ ਸਿੱਖ ਬਣਨ ਦੀ ਆਸ ਹੈ।

ਅਲੀਗੜ੍ਹ : ਭਾਈ ਗੁਰਬਚਨ ਸਿੰਘ ਜੀ ਪ੍ਰਚਾਰਕ ਅਲੀਗੜ੍ਹ ਇਤਲਾਹ ਦਿੰਦੇ ਹਨ ਕਿ 15-12-46 ਨੂੰ ਸਵੇਰੇ ਪਿੰਡ ਅਲੀਪੁਰ ਖਿਝੌਰੀ ਜ਼ਿਲ੍ਹਾ ਬਲੰਦ ਸ਼ਹਿਰ ਵਿਚ ਦੀਵਾਨ ਸਜਾਇਆ। ਕਿਰਪਾਨਾਂ ਕਛਹਿਰੇ ਵੰਡੇ ਗਏ,




120 ਪ੍ਰਾਣੀ ਅੰਮ੍ਰਿਤਪਾਨ ਕਰਕੇ ਨਵੇਂ ਸਿੰਘ ਸਜੇ।

ਭਾਈ ਹਰਦਿੱਤ ਸਿੰਘ ਜੀ ਤੇ ਭਾਈ ਜੰਗ ਸਿੰਘ ਜੀ ਪ੍ਰਚਾਰਕ ਬਰੇਲੀ ਦਸੰਬਰ ਦੇ ਪਹਿਲੇ ਅੱਧ ਦੀ ਰਿਪੋਰਟ ਘੱਲਦੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਲੋਕਾਂ ਦਾ ਰਜੂਹ ਸਿੱ੍ਹੀ ਵੱਲ ਹੋ ਰਿਹਾ ਹੈ। ਇਕ ਦੌਰੇ ਵਿਚ 20 ਆਦਮੀਆਂ ਕੜੇ ਪਹਿਨੇ (ਕਿਉਂਕਿ ਉਧਰ ਦੇ ਲੋਕ ਕੜੇ ਨੂੰ ਹੀ ਸਿੱਖੀ ਦੀ ਨਿਸ਼ਾਨੀ ਸਮਝਦੇ ਹਨ) ਤੇ ਅੰਮ੍ਰਿਤ ਛਕਣ ਦਾ ਇਕਰਾਰ ਕੀਤਾ। ਹੋਰ ਵੀ ਬਹੁਤ ਲੋਕੀ ਸਿੱਖ ਬਣਨ ਨੂੰ ਤਿਆਰ ਹਨ।

ਭਾਈ ਗੁਰਬਖਸ਼ ਸਿੰਘ ਜੀ ਪ੍ਰਚਾਰਕ ਮਿਸ਼ਨ ਅਲੀਗੜ੍ਹ ਤੋਂ ਰਿਪੋਰਟ ਦਿੰਦੇ ਹਨ ਦਿ 9-12-36 ਨੂੰ ਸੋਖਨਾ ਪਿੰਡ ਵਿਚ ਪ੍ਰਚਾਰ ਕੀਤਾ, 6 ਨਵੇਂ ਸਿੰਘ ਸਜੇ, ਕੜੇ ਕੰਘੇ ਦਿੱਤੇ ਗਏ। 10-12-46 ਨੂੰ ਮੇਡੂੰ ਪਿੰਡ ਵਿਚ ਪ੍ਰਚਾਰ ਕੀਤਾ, ਜਾਟਵਾਂ ਵਿਚੋਂ 8 ਆਦਮੀ ਨਵੇਂ ਸਿੰਘ ਸਜੇ। ਇਹ ਗੱਲ ਦੱਸਣਯੋਗ ਹੈ ਕਿ ਇਥੇ ਦੋ ਪਤਵੰਤੇ ਸੱਜਣ ਰਾਮ ਪ੍ਰਸਾਦ ਤੇ ਕਿਸ਼ਨ ਪ੍ਰਸਾਦ ਪ੍ਰਚਾਰ ਵਿਚ ਬੜੀ ਸਹਾਇਤਾ ਦੇ ਰਹੇ ਹਨ। ਆਸ਼ਾ ਹੈ ਕਿ ਇਨ੍ਹਾਂ ਦੇ ਮਿਲਵਰਤਣ ਨਾਲ ਛੇਤੀ ਹੀ ਜਾਟਵਾਂ ਵਿਚੋਂ ਸੱਠ ਸੱਤਰ ਹਜ਼ਾਰ ਨਵੇਂ ਸਿੰਘ ਸਜ ਜਾਣਗੇ। 11-12-36 ਨੂੰ ਹਾਥਰਸ ਪ੍ਰਚਾਰ ਕਰਨ ਤੇ ਜਾਟਵਾਂ ਵਿਚੋਂ 2 ਹੋਰ ਨਵੇਂ ਸਿੰਘ ਸਜੇ।

ਅਲੀਗੜ੍ਹ : ਭਾਈ ਦਲੀਪ ਸਿੰਘ ਜੀ ਗ੍ਰੰਥੀ ਚਾਂਦਪੁਰ ਸਿੱਖਾਂ, ਜ਼ਿਲ੍ਹਾ ਅਲੀਗੜ੍ਹ

ਗੁਰਦੁਆਰਾ ਗਜ਼ਟ ਅੰਮ੍ਰਿਤਸਰ (46) 1937

ਸਰਬ-ਹਿੰਦ ਮਿਸ਼ਨ ਵਲੋਂ ਪ੍ਰਚਾਰ

ਨਾਗਪੁਰ : ਭਾਈ ਨੌਰੰਗ ਸਿੰਘ ਜੀ ਪ੍ਰਚਾਰਕ ਸਿੱਖ ਮਿਸ਼ਨ ਇਤਲਾਹ ਦਿੰਦੇ ਹਨ ਕਿ 19-1-37 ਨੂੰ ਪੋਹ ਸੁਦੀ ਸਪਤਮੀ ਦਾ ਗੁਰਪੁਰਬ ਮਨਾਉਣ ਲਈ 'ਮਹੂ' ਪਹੁੰਚੇ। ਸਰਦਾਰ ਬੇਲਾ ਸਿੰਘ ਜੀ ਦੇ ਬੰਗਲੇ ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ। ਸਵੇਰੇ ਆਸਾ ਦੀ ਵਾਰ ਤੋਂ ਬਾਅਦ ਇਕ ਅਖੌਤੀ ਅਛੂਤ ਲੜਕੇ ਨੇ ਬਾਬਾ ਦੀਪ ਸਿੰਘ ਜੀ ਦੀ ਤਸਵੀਰ ਤਿਆਰ ਕਰਕੇ ਲਿਆਂਦੀ, ਜੋ ਬਹੁਤ ਸਲਾਹੀ ਗਈ। ਸੰਗਤ ਵਿਚ ਅਖੌਤੀ ਅਛੂਤ ਮੁੰਡੇ ਬਹੁਤ ਆਏ ਸਨ। ਲੜਕਿਆਂ ਦੀ ਦੌੜ ਵਿਚੋਂ ਵੀ ਇਕ ਅਖੌਤੀ ਅਛੂਤ ਨੇ ਹੀ ਪਹਿਲਾ ਇਨਾਮ ਲਿਆ।

(ਚਲਦਾ)

# ਰੰਗੂ ਪਾਪੀ ਬਨਾਮ ਗੁਰੂ-ਪਿਆਰੇ ਰੰਗੂ !


ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
001-408-905-5517




ਛੋਟੇ ਸਾਹਿਬਜ਼ਾਦਿਆਂ ਅਤੇ ਮਾਂ ਗੁਜਰੀ ਨੂੰ ਮੁਗਲ ਸਰਕਾਰ ਕੋਲ ਗ੍ਰਿਫਤਾਰ ਕਰਾਉਣ ਵਾਲਾ ਗੰਗੂ ਪਾਪੀ ਜ਼ਿਆਦਾ ਮਸ਼ਹੂਰ ਹੋ ਗਿਆ ਪਰ ਸਿੱਖ ਇਤਹਾਸ ਵਿਚ ਇਸ ਤੋਂ ਇਲਾਵਾ ਛੇ ਗੰਗੂ ਜਾਂ ਗੰਗਾ ਰਾਮ ਹੋਰ ਵੀ ਹੋਏ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

ਪਹਿਲਾ-

ਪਹਿਲਾ ਗੰਗੂ ਹੋਇਆ ਹੈ ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਕ ਆਤਮਗਿਆਨੀ ਸਿੱਖ।

ਦੂਜਾ-

ਦੂਸਰਾ ਗੰਗੂ ਸ਼ਾਹ ਹੋਇਆ ਅਜੋਕੇ ਹੁਸ਼ਿਆਰਪੁਰ ਜਿਲ੍ਹੇ ਦੇ ਕਸਬੇ ਗੜ੍ਹਸ਼ੰਕਰ ਦਾ ਵਸਨੀਕ, ਜਿਸਨੂੰ ਤੀਸਰੇ ਗੁਰੂ ਅਮਰਦਾਸ ਜੀ ਨੇ ਪ੍ਰਚਾਰ ਹਿਤ ਮੰਜੀ ਬਖਸ਼ੀ ਸੀ।

ਤੀਜਾ-

ਤੀਸਰਾ ਗੰਗੂ ਨਾਈ ਹੋਇਆ ਜਿਸਨੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦਿਨ ਰਾਤ ਸੇਵਾ ਕਰਕੇ ਵੱਡਾ ਮਾਣ ਪਾਇਆ।

ਚੌਥਾ-

ਇਹ ਗੰਗਾ ਰਾਮ ਵੀ ਪੰਜਵੇਂ ਸਤਿਗੁਰੂ ਜੀ ਦਾ ਹੀ ਸੇਵਕ ਸੀ, ਜਿਸਦੇ ਬਾਰੇ ਗਿਆਨੀ ਗਿਆਨ ਸਿੰਘ ਜੀ 'ਤਵਾਰੀਖ ਗੁਰੂ ਖਾਲਸਾ' ਵਿੱਚ ਲਿਖਦੇ ਹਨ-'ਸੰਮਤ 1645 ਬਿਕ੍ਰਮੀਂ ਨੂੰ ਗੰਗਾ ਰਾਮ ਬ੍ਰਾਹਮਣ ਵਪਾਰੀ ਬਠਿੰਡੇ ਦਾ ਰਹਿਣ ਵਾਲਾ ਬਾਜਰੇ ਦੇ ਊਠ ਲੱਦ ਕੇ ਮਾਝੇ ਦੇਸ ਗੁਰੂ ਦੇ ਚੱਕ ਜਾ ਉਤਰਿਆ। ਅੱਗੇ ਗੁਰੂ ਸਾਹਿਬ ਸੰਤੋਖ ਸਰ ਤੇ ਅੰਮ੍ਰਿਤਸਰ ਤਲਾਉ ਬਨਵਾ ਰਹੇ ਸੇ।

ਅਨੇਕ ਸਿੱਖ ਜੋ ਸਾਹੂਕਾਰਾਂ ਦੇ ਪੁਤਰ ਮਾਲੂਮ ਹੁੰਦੇ ਸੇ, ਰਾਜਾਂ ਮਜੂਰਾਂ ਦਾ ਕੰਮ ਕਰਦੇ ਦੇਖ ਕੇ ਗੰਗਾ ਰਾਮ ਅਚਰਜ ਹੋ ਰਿਹਾ ਸੀ। ਦੂਜੇ ਦਿਨ ਉੱਥੇ ਅੰਨ ਮੁਕ ਗਿਆਤਾਂ ਗੰਗਾ ਰਾਮ ਨੇ ਸੌ ਮਣ ਬਾਜਰੀ ਗੁਰੂ ਅਰਪਣ ਕੀਤੀ! ਮੋਹਰੇ ਆਏ ਵਿਸਾਖੀ ਦੇ ਮੇਲੇ 'ਤੇ ਗੁਰੂ ਜੀ ਨੇ ਉਹਦੇ ਅੱਗੇ ਮਾਇਆ ਦਾ ਢੇਰ ਲਾ ਕੇ ਆਖਿਆ ਕਿ ਭਾਈ ਮਿਸਰਾ! ਤੂੰ ਆਪਣੀ ਬਾਜਰੀ ਦੀ ਕੀਮਤ ਲੈ ਲੈ! ਪਰ ਉਸਨੇ ਮਾਇਆ ਲੈਣ ਦੀ ਬਜਾਏ ਪੰਜ ਸੌ ਮਣ ਬਾਜਰੀ ਹੋਰ ਲੰਗਰ ਵਿੱਚ ਪਾ ਦਿੱਤੀ..!'

ਪੰਜਵਾਂ-

ਪੰਜਵਾਂ ਗੰਗਾ ਰਾਮ ਦਸਵੇਂ ਗੁਰੂ ਜੀ ਦੀ ਭੂਆ ਬੀਬੀ ਵੀਰੋ ਦਾ ਪੁੱਤਰ ਸੀ ਜੋ ਭੰਗਾਣੀ ਦੀ ਲੜਾਈ ਵਿੱਚ ਵੱਡੀ ਬੀਰਤਾ ਨਾਲ ਲੜਿਆ!

ਛੇਵਾਂ-

ਇਹ ਛੇਵਾਂ ਗੰਗਾ ਰਾਮ ਅੰਗਰੇਜ਼ੀ ਰਾਜ ਸਮੇਂ ਲਾਹੌਰ ਨਿਵਾਸੀ ਇੱਕ ਅਮੀਰ ਹਿੰਦੂ ਸੱਜਣ ਸੀ, ਜਿਸਨੇ 16 ਨਵੰਬਰ ਸੰਨ 1922 ਨੂੰ ਗੁਰੂ ਕੇ ਬਾਗ ਵਿਖੇ ਸਿੰਘਾਂ ਉੱਤੇ ਅੰਗਰੇਜ਼ ਪੁਲਿਸ ਦਾ ਹੋ ਰਿਹਾ ਜ਼ੁਲਮੋਂ ਤਸ਼ੱਦਦ ਦੇਖ ਕੇ ਗੁਰਦੁਆਰੇ ਦੇ ਮਹੰਤ ਕੋਲੋਂ ਬਾਗ ਲੀਜ਼ 'ਤੇ ਲੈ ਲਿਆ! ਫਿਰ ਬਾਗ, ਸਿੰਘਾਂ ਨੂੰ ਅਰਪਣ ਕਰ ਦਿੱਤਾ ਕਿ ਖਾਲਸਾ ਜੀ ਬਾਗ ਵਿੱਚੋਂ ਜਿੱਥੋਂ ਮਰਜ਼ੀ, ਜਿੰਨਾਂ ਮਰਜ਼ੀ ਬਾਲਣ ਵੱਢੋ! ਇੰਜ ਗੁਰੂ ਕੇ ਬਾਗ ਵਾਲੇ ਮੋਰਚੇ ਦਾ ਅੰਤ ਹੋ ਗਿਆ ਸੀ!

(ਸ੍ਰੋਤ-ਮਹਾਨ ਕੋਸ਼)

ਸੱਤਵੇਂ ਗੰਗੂ ਪਾਪੀ ਬਾਰੇ ਤਾਂ ਜ਼ਿਕਰ ਨਾ ਹੀ ਕਰੀਏ, ਜਿਸ ਦੀ ਕਾਲੀ ਕਰਤੂਤ ਨੇ ਸਿੱਖ ਇਤਹਾਸ ਵਿਚਲੇ ਹੋਰ ਗੁਰੂ-ਪਿਆਰ ਵਾਲੇ ਪਹਿਲੇ ਗੰਗੂ ਜਾਂ ਗੰਗਾ ਰਾਮ ਅਣਗੌਲੇ ਹੀ ਕਰ ਦਿੱਤੇ ਹਨ! ਮੈਂ ਕੋਈ ਇਤਹਾਸਕਾਰ ਜਾਂ ਵਿਦਵਾਨ ਨਹੀਂ ਹਾਂ! ਜੇ ਕੋਈ ਸੱਜਣ ਉਤਲੇ ਵੇਰਵੇ ਵਿੱਚ ਕਿਸੇ ਤਰਾਂ ਦੀ ਕੋਈ ਵਾਧ-ਘਾਟ ਕਰ ਸਕਦਾ ਹੋਵੇ ਤਾਂ ਉਸਦਾ ਸਵਾਗਤ ਹੋਵੇਗਾ ਜੀ!!

# ਗਾਇਕਾ ਸੁੱਖੀ ਬਰਾੜ ਸੰਗੀਤ ਨਾਟਕ ਅਕੈਡਮੀ ਚੰਡੀਗੜ੍ਹ ਦੀ ਚੇਅਰਮੈਨ ਨਿਯੁਕਤ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ) : ਪੰਜਾਬੀ ਸੰਗੀਤ ਜਗਤ ਦੀ ਪ੍ਰਮੁੱਖ ਸ਼ਖ਼ਸੀਅਤ ਸੁਖਮਿੰਦਰ ਕੌਰ ਕੌਰ ਬਰਾੜ, ਜਿਸ ਨੂੰ ਪੰਜਾਬੀ ਸੰਗੀਤ ਅਤੇ ਸੱਭਿਆਚਾਰਕ ਖੇਤਰ ਵਿੱਚ ਸੁੱਖੀ ਬਰਾੜ (ਪੰਜਾਬ ਕੌਰ) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜੋ ਪੰਜਾਬੀ ਸੰਗੀਤ ਅਤੇ ਸੱਭਿਆਚਾਰਕ ਖੇਤਰ ਵਿੱਚ ਨਿਰੰਤਰ ਚਾਰ ਦਹਾਕਿਆਂ ਤੋਂ ਸੇਵਾਵਾਂ ਨਿਭਾਉਦੀ ਆ ਰਹੀ ਹੈ। ਜਿਸ ਨੇ ਆਪਣੇ ਗੀਤਾਂ ਵਿੱਚ ਪੰਜਾਬੀ ਮਾਂ ਬੋਲੀ ਨੂੰ ਸਨਮਾਨ ਦਿੰਦੇ ਹੋਏ ਪੰਜਾਬੀ ਪਹਿਰਾਵੇ ਨੂੰ ਪਹਿਲ ਦੇ ਅਧਾਰ 'ਤੇ ਦਰਸਾਇਆ ਹੈ। ਬੇਸ਼ੱਕ ਪੰਜਾਬੀ ਗਾਇਕੀ ਕਮਰਸੀਅਲ ਹੋਣ ਦੇ ਨਾਲ-ਨਾਲ ਪੱਛਮੀ ਸੱਭਿਆਚਾਰ ਦੇ ਹੇਠ ਦੱਬਦੀ ਜਾ ਰਹੀ ਹੈ। ਪਰ ਸੁੱਖੀ ਬਰਾੜ ਦੀ ਗਾਇਕੀ ਅਤੇ ਪਹਿਰਾਵਾ ਹਮੇਸ਼ਾ ਪੰਜਾਬੀ ਸੱਭਿਆਚਾਰ ਨੂੰ ਉਤਸਾਹਿਤ ਕਰਦੇ ਰਹੇ ਹਨ। ਸੁੱਖੀ ਬਰਾੜ ਅਜਿਹੀ ਗਾਇਕਾ ਹੈ ਜੋ ਹਮੇਸ਼ਾ ਅਸਲ ਪੰਜਾਬੀ ਪਰਿਵਾਰਿਕ ਅਤੇ ਸੱਭਿਆਚਾਰਕ ਗਾਇਕੀ ਦੀ ਗੱਲ ਹੀ ਨਹੀਂ ਕਰਦੀ, ਬਲਕਿ ਲੰਮੇ ਸਮੇਂ ਤੋਂ ਨਵੀਂ ਪੀੜ੍ਹੀ ਨੂੰ ਇਸ ਨਾਲ ਜੋੜਨ ਲਈ



ਵੀ ਉਪਰਾਲੇ ਕਰ ਰਹੀ ਹੈ। ਸੋ ਅਜਿਹੀ ਸਖਸੀਅਤ ਨੂੰ ਸੰਗੀਤ ਨਾਟਕ ਅਕੈਡਮੀ ਦੀ ਚੇਅਰਮੈਨ ਲਾਉਣਾ ਸਮੁੱਚੇ ਪੰਜਾਬੀ ਭਾਈਚਾਰੇ ਲਈ ਬਹੁਤ ਮਾਣ ਵਾਲੀ ਗੱਲ ਹੈ। ਜਿਸ ਸੰਬੰਧੀ ਵਿਚਾਰ ਸਾਂਝੇ ਕਰਦੇ ਹੋਏ ਸੁੱਖੀ ਬਰਾੜ ਨੇ ਦੱਸਿਆ ਕਿ ਉਹ ਹਮੇਸ਼ਾ ਵਾਂਗ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰਕ ਵਿਰਸੇ ਲਈ ਡਟੀ ਰਹੇਗੀ। ਪੰਜਾਬੀ ਸਾਹਿੱਤ ਜਗਤ, ਸੰਗੀਤ ਅਤੇ ਸੱਭਿਆਚਾਰ ਨਾਲ ਜੁੜੀਆਂ ਦੇਸ਼-ਵਿਦੇਸ਼ ਦੀਆਂ ਸੰਸਥਾਵਾਂ ਅਤੇ ਸਖਸੀਅਤਾਂ ਵੱਲੋਂ ਸੁੱਖੀ ਬਰਾੜ ਨੂੰ ਵਧਾਈਆਂ ਮਿਲ ਰਹੀਆਂ ਹਨ। ਅਸੀਂ ਵੀ "ਧਾਲੀਆਂ ਅਤੇ ਮਾਛੀਕੇ ਮੀਡੀਆਂ ਅਮਰੀਕਾ" ਵੱਲੋਂ ਵਧਾਈ ਭੇਜਦੇ ਹੋਏ ਮਾਣ ਮਹਿਸੂਸ ਕਰਦੇ ਹਾਂ।

# ਫ਼ਾਜ਼ਿਲਕਾ ਵਾਸੀ ਬੀ.ਐਸ.ਐਫ. ਜਵਾਨ ਦੀ ਆਸਾਮ 'ਚ ਗੋਲੀ ਲੱਗਣ ਨਾਲ ਮੌਤ



ਫ਼ਾਜ਼ਿਲਕਾ : ਫ਼ਾਜ਼ਿਲਕਾ ਦੇ ਪਿੰਡ ਝੁੱਗੇ ਗੁਲਾਬ ਸਿੰਘ ਦਾ ਵਸਨੀਕ ਰਾਜਿੰਦਰ ਸਿੰਘ ਜੋ ਕਿ ਆਸਾਮ ਵਿਖੇ ਬੀ.ਐਸ.ਐਫ. ਦਾ ਜਵਾਨ ਸੀ, ਦੀ ਇਕ ਹਾਦਸੇ ਦੌਰਾਨ ਗੋਲੀ ਲੱਗਣ ਕਾਰਨ ਮੌਤ ਹੋ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਝੁੱਗੇ ਗੁਲਾਬ ਸਿੰਘ ਦਾ ਵਾਸੀ ਜੋ ਕਿ 2 ਸਾਲ ਪਹਿਲਾਂ ਬੀ.ਐਸ.ਐਫ.ਦੀ 193 ਬਟਾਲੀਅਨ ਅੰਦਰ ਭਰਤੀ ਹੋਇਆ ਸੀ ਅਤੇ ਹੁਣ ਮੌਜੂਦਾ ਸਮੇਂ ਵਿਚ ਆਸਾਮ ਦੇ ਗੁਹਾਟੀ ਵਿਚ ਆਪਣੀ ਡਿਊਟੀ ਕਰ ਰਿਹਾ ਸੀ। 4 ਫਰਵਰੀ 2026 ਨੂੰ ਰਾਜਿੰਦਰ ਸਿੰਘ ਦਾ ਵਿਆਹ ਸੀ ਅਤੇ ਪਰਿਵਾਰਕ ਮੈਂਬਰ ਉਸ ਦੇ ਵਿਆਹ ਦੀਆਂ ਤਿਆਰੀਆਂ ਵਿਚ ਜੁਟੇ ਹੋਏ ਸਨ। ਪਰਿਵਾਰਕ ਮੈਂਬਰਾਂ ਅਨੁਸਾਰ ਸਵੇਰੇ ਬੀ.ਐਸ.ਐਫ.ਦੇ ਅਧਿਕਾਰੀਆਂ ਵਲੋਂ ਫ਼ੋਨ ਰਾਹੀਂ ਗੋਲੀ ਲੱਗਣ ਨਾਲ ਉਸ ਦੀ ਮੌਤ ਹੋਣ ਦੀ ਖ਼ਬਰ ਦਿੱਤੀ ਗਈ ਤਾਂ ਪਰਿਵਾਰ ਅੰਦਰ ਖ਼ੁਸ਼ੀਆਂ ਦਾ ਮਾਹੌਲ ਗਮੀ ਵਿਚ ਬਦਲ ਗਿਆ। ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਹੀ ਰਾਜਿੰਦਰ ਸਿੰਘ ਨੇ ਸਾਰੇ ਜੀਆਂ ਨਾਲ ਫ਼ੋਨ 'ਤੇ ਗੱਲਬਾਤ ਕੀਤੀ ਸੀ ਅਤੇ ਵਿਆਹ ਦੀਆਂ ਤਿਆਰੀਆਂ ਸੰਬੰਧੀ ਵੀ ਗੱਲਬਾਤ ਹੋਈ ਸੀ। ਮ੍ਰਿਤਕ ਦੇ ਪਿਤਾ ਹਰਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸਿਰਫ਼ ਮੌਤ ਦੀ ਖ਼ਬਰ ਦਿੱਤੀ ਗਈ ਹੈ ਅਤੇ ਹੋਰ ਕੋਈ ਸੂਚਨਾ ਨਹੀਂ ਮਿਲੀ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਰੋਕਥਾਮ/ਬਚਾਅ :**

1. ਰੋਜ਼ਾਨਾ ਕਸਰਤ ਜੋੜਾਂ ਦੇ ਆਲੇ-ਦੁਆਲੇ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਂਦੀ ਹੈ ਅਤੇ ਜੋੜਾਂ ਦੀ ਟੁੱਟ ਭੱਜ ਨੂੰ ਘੱਟ ਕਰਦੀ ਹੈ।
2. ਆਪਣੇ ਭਾਰ ਨੂੰ ਘਟਾਓ। ਮੋਟਾਪਾ, ਜੋੜਾਂ ਦੀ ਟੁੱਟ ਭੱਜ ਦਾ ਕਾਰਨ ਹੈ।
3. ਸ਼ਰਾਬ ਨਾ ਪੀਓ, ਸ਼ਰਾਬ ਨਾਲ ਗਾਊਟ ਹੋਣ ਦਾ ਖ਼ਦਸ਼ਾ ਹੋ ਸਕਦਾ ਹੈ।

**ਘਰੇਲੂ ਇਲਾਜ :**

1. ਆਪਣੇ ਕੰਮ ਦੌਰਾਨ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਆਰਾਮ ਜ਼ਰੂਰ ਕਰੋ।
2. ਜੇਕਰ ਜੋੜਾਂ ਵਿੱਚ ਦਰਦ ਹੈ, ਪਰ ਸੋਜ਼ਿਸ਼ ਨਹਲ ਹੈ, 15-20 ਮਿੰਟਾਂ ਲਈ ਗਰਮ ਸੇਕ ਦਿਓ।
3. ਜੇਕਰ ਜੋੜ ਸੁੱਜੇ ਹੋਏ ਅਤੇ ਦਰਦ ਹੁੰਦਾ ਹੈ, ਤਾਂ 10-15 ਮਿੰਟਾਂ ਲਈ ਠੰਡਾ ਪਾਣੀ (ਬਰਫ਼) ਲਗਾਓ।
4. ਰੋਜ਼ਾਨਾ ਕਸਰਤ ਕਰਨਾ ਜੋੜਾਂ ਦੀ ਤਾਕਤ ਅਤੇ ਲਚਕੀਲੇਪਣ ਲਈ ਬਹੁਤ ਫ਼ਾਇਦੇਮੰਦ ਹੈ।
5. ਐਸਪੀਰਿਨ, ਆਈਬੂਪ੍ਰੋਫ਼ਿਨ ਅਤੇ ਐਸੀਟਾਮਿਨੋਫ਼ਿਨ ਦਰਦ, ਸੋਜ਼ਿਸ਼ ਘਟਾਉਣ ਲਈ ਵਰਤ ਸਕਦੇ ਹਾਂ, ਪਰ ਇਨ੍ਹਾਂ ਦਵਾਈਆਂ ਦੀ ਬਹੁਤ ਜ਼ਿਆਦਾ ਵਰਤੋਂ ਨਾ ਕਰੋ, ਕਿਉਂਕਿ ਇਹ ਪੇਟ ਅਤੇ ਗੁਰਦਿਆਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਤੁਹਾਨੂੰ ਜੋੜਾਂ ਦੇ ਦਰਦ ਦੇ ਨਾਲ ਨਾਲ ਬੁਖ਼ਾਰ ਜਾਂ ਚਮੜੀ 'ਤੇ ਝਰੀਟਾਂ (ਰੈਸ਼) ਹਨ।
2. ਜੇਕਰ ਤੁਸਲ ਜ਼ਿਆਦਾ ਦਰਦ ਦੇ ਕਾਰਨ ਜੋੜਾਂ ਦਾ ਇਸਤੇਮਾਲ ਨਹੀਂ ਕਰ ਸਕਦੇ।
3. ਜੇਕਰ ਤੁਹਾਡੀਆਂ ਲੱਤਾਂ ਵਿੱਚ ਸੁੰਨਾਪਣ ਹੈ ਅਤੇ ਇਸਦੇ ਨਾਲ ਪਿੱਠ ਵਿੱਚ ਵੀ ਦਰਦ ਹੈ।




4. ਜੇ ਜੋੜਾਂ ਵਿੱਚ ਅਚਾਨਕ ਅਤੇ ਬਿਨਾਂ ਕਿਸੇ ਕਾਰਨ ਦੇ ਦਰਦ ਹੋਵੇ।

**ਰੀਉਮੇਟੌਇਡ ਆਰਥਰਾਈਟਿਸ**

ਗਠੀਆ ਇੱਕ ਜੋੜਾਂ ਦੀ ਬਿਮਾਰੀ ਹੈ, ਜਿਸ ਨਾਲ ਜੋੜਾਂ ਵਿੱਚ ਦਰਦ ਅਤੇ ਸੋਜ਼ਿਸ਼ ਹੁੰਦੀ ਹੈ। ਗਠੀਏ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਕਿਸਮਾਂ ਹੁੰਦੀਆਂ ਹਨ। ਉਮਰ ਦੇ ਵਧਣ ਕਾਰਨ ਹੋਣ ਵਾਲਾ ਗਠੀਆ ਜੋੜਾਂ ਦੀ ਟੁੱਟ ਭੱਜ ਕਾਰਨ ਹੁੰਦਾ ਹੈ। ਰੀਉਮੇਟੌਇਡ ਆਰਥਰਾਈਟਿਸ ਇੱਕ ਹੋਰ ਕਿਸਮ ਦਾ ਗਠੀਆ ਹੈ, ਜੋ ਕਿ ਆਮ ਤੌਰ 'ਤੇ ਜਵਾਨ ਉਮਰ ਵਿੱਚ ਹੁੰਦਾ ਹੈ, ਪਰ ਬੱਚਿਆਂ ਅਤੇ ਬਜ਼ੁਰਗਾਂ ਨੂੰ ਵੀ ਹੋ ਸਕਦਾ ਹੈ।

**ਲੱਛਣ :**

1. ਜੋੜਾਂ ਦੀ ਸੋਜ਼ਿਸ਼ ਅਤੇ ਦਰਦ।
2. ਇਸ ਗਠੀਏ ਵਿੱਚ ਸ਼ਰੀਰ ਦੇ ਦੋਵੇਂ ਪਾਸਿਆਂ ਦੇ ਜੋੜ ਸ਼ਾਮਲ ਹੁੰਦੇ ਹਨ।
3. ਸਵੇਰ ਸਮੇਂ ਜੋੜਾਂ ਦੀ ਜ਼ਿਆਦਾ ਜਕੜਨ ਅਤੇ ਦਰਦ ਹੋਣਾ।
4. ਥਕਾਵਟ।

**ਕਾਰਨ :**

ਵਿਗਿਆਨਕਾਂ ਨੂੰ ਰੀਉਮੇਟੌਇਡ ਆਰਥਰਾਈਟਿਸ ਦਾ ਅਸਲ ਕਾਰਨ ਪਤਾ ਨਹੀਂ ਲੱਗਾ। ਇਹ ਮੰਨਿਆ ਗਿਆ ਹੈ ਕਿ ਇਸਦਾ ਹੋਣਾ ਪਰਿਵਾਰਿਕ ਪਿਛੋਕੜ, ਵਾਤਾਵਰਣ ਅਤੇ ਹਾਰਮੋਨਲ ਕਾਰਨਾਂ ਦਾ ਮਿਸ਼ਰਣ ਹੈ।

**ਜਾਂਚ :**

ਰੀਉਮੇਟੌਇਡ ਆਰਥਰਾਈਟਿਸ ਦਾ ਪਤਾ ਇਸਦੇ ਲੱਛਣ, ਐਕਸ-ਰੇ ਅਤੇ ਖ਼ੂਨ ਦੇ ਟੈਸਟ ਨਾਲ ਲਗਾਇਆ ਜਾਂਦਾ ਹੈ।

**ਘਰੇਲੂ ਇਲਾਜ :**

1. ਆਪਣੇ ਕੰਮ ਦੌਰਾਨ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਆਰਾਮ ਜ਼ਰੂਰ ਕਰੋ।
2. ਜੇਕਰ ਜੋੜਾਂ ਵਿੱਚ ਦਰਦ ਹੈ, ਪਰ ਸੋਜ਼ਿਸ਼ ਨਹਲ ਹੈ, 15-20 ਮਿੰਟਾਂ ਲਈ ਗਰਮ ਸੇਕ ਦਿਓ।
3. ਜੇਕਰ ਜੋੜ ਸੁੱਜੇ ਹੋਏ ਅਤੇ ਦਰਦ ਹੁੰਦਾ ਹੈ, ਤਾਂ 10-15 ਮਿੰਟਾਂ ਲਈ ਠੰਡਾ ਪਾਣੀ (ਬਰਫ਼) ਲਗਾਓ।
4. ਰੋਜ਼ਾਨਾ ਕਸਰਤ ਕਰਨਾ ਜੋੜਾਂ ਦੀ ਤਾਕਤ ਅਤੇ ਲਚਕੀਲੇਪਣ ਲਈ ਬਹੁਤ ਫ਼ਾਇਦੇਮੰਦ ਹੈ।
5. ਐਸਪੀਰਿਨ, ਆਈਬੂਪ੍ਰੋਫ਼ਿਨ ਅਤੇ ਐਸੀਟਾਮਿਨੋਫ਼ਿਨ ਦਰਦ, ਸੋਜ਼ਿਸ਼ ਜ਼ਿਆਦਾ ਵਰਤੋਂ ਨਾ ਕਰੋ, ਕਿਉਂਕਿ ਇਹ ਪੇਟ ਅਤੇ ਗੁਰਦਿਆਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਤੁਹਾਨੂੰ ਜੋੜਾਂ ਦੇ ਦਰਦ ਦੇ ਨਾਲ ਨਾਲ ਬੁਖ਼ਾਰ ਜਾਂ ਚਮੜੀ 'ਤੇ ਝਰੀਟਾਂ (ਰੈਸ਼) ਹਨ।
2. ਜੇਕਰ ਤੁਸੀਂ ਜ਼ਿਆਦਾ ਦਰਦ ਦੇ ਕਾਰਨ ਜੋੜਾਂ ਦਾ ਇਸਤੇਮਾਲ ਨਹੀਂ ਕਰ ਸਕਦੇ।
3. ਜੇਕਰ ਤੁਹਾਡੀਆਂ ਲੱਤਾਂ ਵਿੱਚ ਸੁੰਨਾਪਣ ਹੈ ਅਤੇ ਇਸਦੇ ਨਾਲ ਪਿੱਠ ਵਿੱਚ ਵੀ ਦਰਦ ਹੈ।
4. ਜੇ ਜੋੜਾਂ ਵਿੱਚ ਅਚਾਨਕ ਅਤੇ ਬਿਨਾਂ ਕਿਸੇ ਕਾਰਨ ਦੇ ਦਰਦ ਹੋਵੇ।

**ਮੈਡੀਕਲ ਇਲਾਜ :**

ਇਸ ਬਿਮਾਰੀ ਨੂੰ ਪੂਰਾ ਠੀਕ ਕਰਨ ਦਾ ਕੋਈ ਇਲਾਜ ਨਹਲ ਹੈ, ਪਰ ਇਸਦੇ ਲੱਛਣਾਂ ਨੂੰ ਲੰਬੇ ਸਮੇਂ ਲਈ ਘਰੇਲੂ ਇਲਾਜ ਤੋਂ ਇਲਾਵਾ ਹੇਠ ਲਿਖੇ ਤਰੀਕਿਆਂ ਨਾਲ ਕਾਬੂ ਵਿੱਚ ਰੱਖਿਆ ਜਾ ਸਕਦਾ ਹੈ :

1. ਦਰਦ ਵਾਲੀਆਂ ਦਵਾਈਆਂ।
2. ਸਟਿਰੌਇਡ ਦਵਾਈਆਂ।
3. ਬਿਮਾਰੀ ਨੂੰ ਵਧਣ ਤੋਂ ਰੋਕਣ ਵਾਲੀਆਂ ਦਵਾਈਆਂ।
4. ਜਦੋਂ ਗਠੀਆ ਬਹੁਤ ਜ਼ਿਆਦਾ ਵੱਧ ਜਾਵੇ ਅਤੇ ਦਰਦ ਕਾਬੂ ਵਿੱਚ ਨਾ ਰਹੇ ਤਾਂ ਜੋੜ ਦਾ ਅਪ੍ਰੇਸ਼ਨ ਕਰਵਾਉਣ ਬਾਰੇ ਆਪਣੇ ਡਾਕਟਰ ਦੀ ਸਲਾਹ ਲਵੋ।
5. ਕੈਲਸ਼ੀਅਮ, ਵਿਟਾਮਿਨ-ਡੀ ਅਤੇ ਵਿਟਾਮਿਨ-ਬੀ (ਫ਼ੋਲਿਕ ਐਸਿਡ)।
6. ਚੁੰਬਕੀ ਇਲਾਜ ਵਿਗਿਆਨਕ ਤੌਰ 'ਤੇ ਸਿੱਧ ਨਹੀਂ ਹੋਇਆ।

(ਚਲਦਾ)

**ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।**

## ਰੱਖਿਆ ਮੰਤਰਾਲੇ ਵਲੋਂ 79000 ਕਰੋੜ ਦੇ ਰੱਖਿਆ ਖ਼ਰੀਦ ਪ੍ਰਸਤਾਵਾਂ ਨੂੰ ਮਨਜ਼ੂਰੀ

ਨਵੀਂ ਦਿੱਲੀ : ਰੱਖਿਆ ਮੰਤਰਾਲੇ ਨੇ ਸੋਮਵਾਰ ਨੂੰ ਸੈਨਾ ਦੀ ਯੁੱਧ ਸਮਰੱਥਾ ਨੂੰ ਵਧਾਉਣ ਲਈ 79000 ਕਰੋੜ ਰੁਪਏ ਦੇ ਲਾਂਗ ਰੇਂਜ ਰਾਕਟ, ਮਿਜ਼ਾਈਲ, ਰਡਾਰ ਸਿਸਟਮ ਅਤੇ ਮਿਲਟਰੀ ਪਲੇਟਫਾਰਮ ਦੀ



ਖਰੀਦ ਨੂੰ ਮਨਜ਼ੂਰੀ ਦੇ ਦਿੱਤੀ। ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਪ੍ਰਧਾਨਗੀ ਵਾਲੀ ਰੱਖਿਆ ਖਰੀਦ ਪ੍ਰੀਸ਼ਦ ਨੇ ਇਨ੍ਹਾਂ ਪ੍ਰਸਤਾਵਾਂ ਨੂੰ ਹਰੀ ਝੰਡੀ ਦਿੱਤੀ। ਡੀ. ਏ. ਸੀ. ਨੇ ਸੈਨਾ ਦੀ ਆਰਟਿਲਰੀ ਰੈਜੀਮੈਂਟ ਲਈ ਲਾਈਟਰ ਯੁੱਧ ਸਮੱਗਰੀ ਪ੍ਰਣਾਲੀਆਂ ਦੀ ਖ਼ਰੀਦ ਨੂੰ ਮਨਜ਼ੂਰੀ ਦਿੱਤੀ। ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸ ਨੇ ਭਾਰਤੀ ਫ਼ੌਜ ਲਈ ਹੇਠਲੇ ਪੱਧਰ ਦੇ ਹਲਕੇ ਰਾਡਾਰਾਂ, ਪਿਨਾਕਾ ਰਾਕਟ ਸਿਸਟਮ ਲਈ ਲੰਬੀ ਦੂਰੀ ਦੇ ਗਾਈਡਡ ਰਾਕਟ ਗੋਲਾ ਬਾਰੂਦ ਅਤੇ ਏਕੀਕ੍ਰਿਤ ਡਰੋਨ ਡਿਟੈਕਸ਼ਨ ਐਂਡ ਇੰਟਰਡਿਕਸ਼ਨ ਸਿਸਟਮ (ਐਮਕੇ-2) ਦੀ ਖ਼ਰੀਦ ਨੂੰ ਵੀ ਪ੍ਰਵਾਨਗੀ ਦਿੱਤੀ। ਇਸ 'ਚ ਕਿਹਾ ਗਿਆ ਹੈ ਕਿ ਲਾਈਟਰ ਹਥਿਆਰਾਂ ਦੀ ਵਰਤੋਂ ਰਣਨੀਤਕ ਟੀਚਿਆਂ ਦੇ ਸਟੀਕ ਹਮਲੇ ਲਈ ਕੀਤੀ ਜਾਵੇਗੀ, ਜਦੋਂ ਕਿ ਹੇਠਲੇ ਪੱਧਰ ਦੇ ਹਲਕੇ ਰਾਡਾਰ ਛੋਟੇ ਆਕਾਰ, ਘੱਟ ਉਡਾਣ ਵਾਲੇ ਮਨੁੱਖ ਰਹਿਤ ਹਵਾਈ ਪ੍ਰਣਾਲੀਆਂ ਦਾ ਪਤਾ ਲਗਾਉਣਗੇ ਤੇ ਉਨ੍ਹਾਂ ਨੂੰ ਟਰੈਕ ਕਰਨਗੇ। ਇਸ ਵਿਚ ਕਿਹਾ ਗਿਆ ਹੈ ਕਿ ਉੱਚ ਮਹੱਤਤਾ ਵਾਲੇ ਟੀਚਿਆਂ ਨੂੰ ਪ੍ਰਭਾਵੀ ਢੰਗ ਨਾਲ ਨਿਸ਼ਾਨਾ ਬਣਾਉਣ ਲਈ ਪਿਨਾਕਾ ਰਾਕਟ ਸਿਸਟਮ ਦੀ ਰੇਂਜ ਅਤੇ ਸਟੀਕਤਾ ਨੂੰ ਵਧਾਉਣ ਲਈ ਲੰਬੀ ਰੇਂਜ ਦੇ ਗਾਈਡਡ ਰਾਕਟ ਖ਼ਰੀਦੇ ਜਾ ਰਹੇ ਹਨ। ਵਧੀ ਹੋਈ ਰੇਂਜ ਵਾਲਾ ਇੰਟੀਗ੍ਰੇਟਡ ਡਰੋਨ ਡਿਟੈਕਸ਼ਨ ਅਤੇ ਇੰਟਰਡਿਕਸ਼ਨ ਸਿਸਟਮ ਰਣਨੀਤਕ ਯੁੱਧ ਖੇਤਰ ਅਤੇ ਅੰਦਰੂਨੀ ਇਲਾਕਿਆਂ 'ਚ ਭਾਰਤੀ ਸੈਨਾ ਦੀਆਂ ਮਹੱਤਵਪੂਰਨ ਸੰਪਤੀਆਂ ਦੀ ਰੱਖਿਆ ਕਰੇਗਾ। ਭਾਰਤੀ ਜਲ ਸੈਨਾ ਲਈ ਹਾਈ ਫਰੀਕਵੈਂਸੀ ਸਾਫਟਵੇਅਰ ਡਿਫਾਈਨਡ ਰੇਡੀਓ (ਐਚ. ਐਫ. ਐਸ. ਡੀ. ਆਰ.) ਮੈਨਪੈਕ ਦੀ ਖਰੀਦ ਅਤੇ ਹਾਈ ਐਲਟੀਟਿਊਡ ਲਾਂਗ ਰੇਂਜ ਰਿਮੋਟਲੀ ਪਾਇਲਟੇਡ ਏਅਰਕ੍ਰਾਫਟ ਸਿਸਟਮ ਨੂੰ ਲੀਜ਼ 'ਤੇ ਲੈਣ ਦੀ ਮਨਜ਼ੂਰੀ ਦਿੱਤੀ ਗਈ। ਇਸ ਵਿਚ ਕਿਹਾ ਗਿਆ ਹੈ ਕਿ ਭਾਰਤੀ ਹਵਾਈ ਸੈਨਾ ਲਈ 'ਆਟੋਮੈਟਿਕ ਟੇਕ ਆਫ ਲੈਂਡਿੰਗ ਰਿਕਾਰਡਿੰਗ ਸਿਸਟਮ', ਐਸਟ ?ਰਾ ਐਮਕੇ-2 ਮਿਜ਼ਾਈਲ, ਫੁੱਲ ਮਿਸ਼ਨ ਸਿਮੂਲੇਟਰ ਅਤੇ ਸਪਾਈਸ-1000 ਲੰਬੀ ਦੂਰੀ ਦੀ ਗਾਈਡਡ ਕਿੱਟ ਆਦਿ ਦੀ ਖ਼ਰੀਦ ਨੂੰ ਮਨਜ਼ੂਰੀ ਦਿੱਤੀ ਗਈ।

## ਬੀ ਐੱਸ ਐੱਫ ਵੱਲੋਂ ਬੰਗਲਾਦੇਸ਼ ਦਾ ਦਾਅਵਾ ਖਾਰਜ

### ਬੰਗਲਾਦੇਸ਼ ਪੁਲਿਸ ਨੇ ਹਾਦੀ ਕਤਲ ਮਾਮਲੇ ਦੇ ਦੋ ਸ਼ੱਕੀਆਂ ਦੇ ਭਾਰਤ ਪੁੱਜਣ ਦਾ ਕੀਤਾ ਸੀ ਦਾਅਵਾ

ਢਾਕਾ : ਮੇਘਾਲਿਆ ਦੀਆਂ ਸੁਰੱਖਿਆ ਏਜੰਸੀਆਂ ਨੇ ਬੰਗਲਾਦੇਸ਼ ਪੁਲੀਸ ਦੇ ਉਹ ਦਾਅਵੇ ਅੱਜ ਖਾਰਜ ਕਰ ਦਿੱਤੇ ਜਿਸ ਵਿਚ ਕਿਹਾ ਗਿਆ ਸੀ ਸ਼ਰੀਫ਼ ਉਸਮਾਨ ਹਾਦੀ ਦੇ ਕਾਤਲ ਭਾਰਤ ਅੰਦਰ ਦਾਖਲ ਹੋਏ ਹਨ। ਮੇਘਾਲਿਆ 'ਚ ਬੀ ਐੱਸ ਐੱਫ ਦੇ ਮੁਖੀ ਆਈ ਜੀ ਓ ਪੀ ਉਪਾਧਿਆਏ ਨੇ ਕਿਹਾ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਕਿਸੇ ਵਿਅਕਤੀ ਨੇ ਹਲੂਆਘਾਟ ਸੈਕਟਰ ਰਾਹੀਂ ਕੌਮਾਂਤਰੀ ਸਰਹੱਦ ਪਾਰ ਕੀਤੀ ਹੋਵੇ। ਬੀ ਐੱਸ ਐੱਫ ਨੂੰ ਅਜਿਹੀ ਕਿਸੇ ਘਟਨਾ ਦੀ ਸੂਚਨਾ ਨਹੀਂ ਮਿਲੀ।



32 ਸਾਲਾ ਹਾਦੀ ਨੂੰ 12 ਦਸੰਬਰ ਨੂੰ ਢਾਕਾ ਵਿੱਚ ਇੱਕ ਚੋਣ ਮੁਹਿੰਮ ਦੌਰਾਨ ਸਿਰ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਉਸ ਨੂੰ ਇਲਾਜ ਲਈ ਸਿੰਗਾਪੁਰ ਲਿਜਾਇਆ ਗਿਆ ਸੀ ਪਰ 18 ਦਸੰਬਰ ਨੂੰ ਉਸ ਦੀ ਮੌਤ ਹੋ ਗਈ ਸੀ। ਢਾਕਾ ਮੈਟਰੋਪੋਲੀਟਨ ਪੁਲੀਸ (ਡੀ.ਐਮ.ਪੀ.) ਦੇ ਵਧੀਕ ਪੁਲੀਸ ਕਮਿਸ਼ਨਰ (ਅਪਰਾਧ ਅਤੇ ਸੰਚਾਲਨ) ਐਸ.ਐਨ. ਮੁਹੰਮਦ ਨਜ਼ਰੁਲ ਇਸਲਾਮ ਨੇ ਡੀ.ਐਮ.ਪੀ. ਮੀਡੀਆ ਸੈਂਟਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਇਸ ਮਾਮਲੇ ਦੇ ਸ਼ੱਕੀ ਫੈਸਲ ਕਰੀਮ ਮਸੂਦ ਅਤੇ ਆਲਮਗੀਰ ਸ਼ੇਖ ਸਥਾਨਕ ਸਾਥੀਆਂ ਦੀ ਮਦਦ ਨਾਲ ਭਾਰਤੀ ਸੂਬੇ ਮੇਘਾਲਿਆ ਵਿੱਚ ਦਾਖਲ ਹੋਏ। ਸਾਡੀ ਜਾਣਕਾਰੀ ਅਨੁਸਾਰ ਸ਼ੱਕੀ ਹਲਵਾਘਾਟ ਸਰਹੱਦ ਰਾਹੀਂ ਭਾਰਤ ਵਿੱਚ ਦਾਖਲ ਹੋਏ ਸਨ। ਇਸ ਤੋਂ ਬਾਅਦ ਸਾਮੀ ਨਾਮਕ ਇੱਕ ਟੈਕਸੀ ਡਰਾਈਵਰ ਨੇ ਉਨ੍ਹਾਂ ਨੂੰ ਮੇਘਾਲਿਆ ਦੇ ਤੁਰਾ ਸ਼ਹਿਰ ਪਹੁੰਚਾਇਆ।'

ਉਨ੍ਹਾਂ ਅੱਗੇ ਕਿਹਾ ਕਿ ਪੁਲੀਸ ਨੂੰ ਗੈਰ-ਰਸਮੀ ਰਿਪੋਰਟਾਂ ਮਿਲੀਆਂ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਭਗੌੜਿਆਂ ਦੀ ਸਹਾਇਤਾ ਕਰਨ ਵਾਲੇ ਦੋ ਵਿਅਕਤੀਆਂ ਪੂਰਤੀ ਅਤੇ ਸਾਮੀ ਨੂੰ ਭਾਰਤ ਦੇ ਅਧਿਕਾਰੀਆਂ ਨੇ ਹਿਰਾਸਤ ਵਿੱਚ ਲੈ ਲਿਆ ਹੈ।

## ਫਰਾਂਸੀਸੀ ਸਿਨੇਮਾ ਦੀ ਮਸ਼ਹੂਰ ਅਦਾਕਾਰਾ ਬ੍ਰਿਜਿਟ ਦਾ ਦੇਹਾਂਤ

ਪੈਰਿਸ : ਆਪਣੀ ਅਦਾਕਾਰੀ ਦੇ ਜਲਵੇ ਬਿਖੇਰਨ ਵਾਲੀ ਫਰਾਂਸੀਸੀ ਸਿਨੇਮਾ ਦੀ ਮਸ਼ਹੂਰ ਅਦਾਕਾਰਾ ਬ੍ਰਿਜਿਟ ਬਾਰਦੋਂ (91) ਦਾ ਦੇਹਾਂਤ ਹੋ ਗਿਆ ਹੈ। ਪਸ਼ੂਆਂ ਦੀ ਸੁਰੱਖਿਆ ਅਤੇ ਭਲਾਈ ਲਈ ਬਣਾਈ ਗਈ ਬ੍ਰਿਜਟ ਬਾਦੋਂ ਫਾਊਂਡੇਸ਼ਨ ਨੇ ਉਸ ਦੇ ਦੇਹਾਂਤ ਦੀ ਪੁਸ਼ਟੀ ਕੀਤੀ ਹੈ। ਉਹ 15 ਸਾਲ ਦੀ ਉਮਰ 'ਚ ਹੀ ਮਸ਼ਹੂਰ ਰਸਾਲੇ ਦੇ ਕਵਰ 'ਤੇ ਛਾ ਗਈ ਸੀ। ਫਿਲਮ 'ਐਂਡ ਗੌਡ ਕ੍ਰਿਏਟਿਡ ਵੂਮੈਨ' 'ਚ ਨਿਭਾਏ ਕਿਰਦਾਰ ਨਾਲ ਬਾਰਦੋਂ ਫਰਾਂਸ ਦੀ ਮੁੱਖ ਹਸਤੀਆਂ 'ਚ ਸ਼ੁਮਾਰ ਹੋ ਗਈ ਸੀ। ਬੌਬ ਡਿਲਨ ਨੇ 15 ਸਾਲ ਦੀ ਉਮਰ 'ਚ ਉਸ ਬਾਰੇ ਆਪਣਾ ਪਹਿਲਾ ਗੀਤ 'ਸੌਂਗ ਫਾਰ ਬ੍ਰਿਜਿਟ' ਲਿਖਿਆ ਸੀ ਪਰ ਇਹ ਕਦੇ ਵੀ ਰਿਲੀਜ਼ ਨਹੀਂ ਹੋਇਆ। ਐਂਡੀ ਵਾਰਹਲ ਨੇ ਉਸ ਦਾ ਚਿੱਤਰ ਬਣਾਇਆ ਸੀ। ਉਸ ਨਾਲ ਕਈ ਵਿਵਾਦ ਵੀ ਜੁੜੇ ਰਹੇ ਸਨ।



# ਸਰੀ 'ਚ ਸਾਹਿਬਜ਼ਾਦਿਆਂ ਦੀ ਯਾਦ ਵਿਚ ਸਮਾਗਮ




ਸਰੀ : ਸਰੀ ਦੀ 128 ਸਟਰੀਟ 'ਤੇ ਚਾਰ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਸੀ ਫੇਸ ਸੁਸਾਇਟੀ ਵਲੋਂ ਸਰੀ ਯੂਥ ਸੇਵਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਕਰਵਾਏ ਸਮਾਗਮ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਰਸ਼ਪਾਲ ਸਿੰਘ ਪੁਮਾਲ ਦੇ ਉੱਘੇ ਢਾਡੀ ਜਥੇ ਵਲੋਂ ਗੁਰੂ ਇਤਿਹਾਸ ਸੁਣਾਇਆ। ਉਪਰੰਤ ਪ੍ਰਸਿੱਧ ਪੰਜਾਬੀ ਗਾਇਕ ਅਨਮੋਲ, ਕੁਲਵਿੰਦਰ ਧਨੋਆ, ਕੌਰ ਮਨਦੀਪ, ਵਿਜੇ ਯਮਲਾ, ਸਰਦਾਰ ਜੀ ਆਦਿ ਵਲੋਂ ਆਪਣੇ ਚੋਣਵੇਂ ਧਾਰਮਿਕ ਗੀਤਾਂ ਦੀ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਪ੍ਰਜੀਆਂ ਸਿਆਸੀ ਸ਼ਖ਼ਸੀਅਤਾਂ 'ਚ ਐਮ.ਪੀ. ਸੁੱਖ ਧਾਲੀਵਾਲ, ਮੇਅਰ ਬਰਿੰਡਾ ਲੌਕ, ਐਮ. ਐਲ. ਏ. ਸਟੀਵ ਕੂਨਰ, ਸੁਨੀਤਾ ਧੀਰ, ਹਰਮਨ ਭੰਗੂ, ਬਰਾਇਨ ਟੈਪਰ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਤ੍ਰਿਪਤ ਅਟਵਾਲ, ਆਈਕ ਸੇਖੋਂ, ਸੁਨੀਲ ਮੁੰਜਾਲ, ਜਰਨੈਲ ਸਿੰਘ ਖੰਡੋਲੀ, ਸੀ.ਜੇ. ਸਿੱਧੂ, ਮਹੇਸ਼ਇੰਦਰ ਸਿੰਘ ਮਾਂਗਟ, ਨਿਰੰਜਨ ਸਿੰਘ ਲਹਿਲ, ਵਿਕਾਸ ਗੌਤਮ, ਰਮਨ ਸ਼ਰਮਾ ਆਦਿ ਹਾਜ਼ਰ ਸਨ। ਸਮਾਗਮ ਦੌਰਾਨ ਚਾਹ-ਪਕੌੜਿਆਂ ਦਾ ਲੰਗਰ ਨਿਰੰਤਰ ਚੱਲਦਾ ਰਿਹਾ। ਸਮਾਪਤੀ ਵੇਲੇ ਸੀ ਫੇਸ ਦੇ ਮੁੱਖ ਪ੍ਰਬੰਧਕਾਂ ਭੁਪਿੰਦਰ ਸਿੰਘ ਲੱਧੜ, ਅੰਮ੍ਰਿਤਪਾਲ ਸਿੰਘ ਢੋਟ, ਮਨਜੀਤ ਸਿੰਘ ਚੀਮਾ, ਲਖਵੀਰ ਸਿੰਘ ਗਰੇਵਾਲ, ਇੰਦਰਜੀਤ ਸਿੰਘ ਲੱਧੜ ਅਤੇ ਸ੍ਰੀਕਾਂਤ ਵਲੋਂ ਸਾਂਝੇ ਤੌਰ 'ਤੇ ਇਸ ਮੌਕੇ ਪਹੁੰਚੀਆਂ ਸ਼ਖ਼ਸੀਅਤਾਂ ਅਤੇ ਸੰਗਤ ਦਾ ਧੰਨਵਾਦ ਕੀਤਾ।

# ਰੂਸੀ ਫੌਜ 'ਚ ਭਰਤੀ ਹੋਏ ਤਿੰਨ ਪੰਜਾਬੀਆਂ ਸਣੇ 10 ਭਾਰਤੀਆਂ ਦੀ ਮੌਤ; ਚਾਰ ਹਾਲੇ ਵੀ ਲਾਪਤਾ

## ਮਾਸਕੋ ਤੋਂ ਪਰਤੇ ਪਰਿਵਾਰਕ ਮੈਂਬਰਾਂ ਨੇ ਕੀਤਾ ਖੁਲਾਸਾ



ਜਲੰਧਰ : ਰੋਜ਼ੀ ਰੋਟੀ ਕਮਾਉਣ ਲਈ ਵਿਦੇਸ਼ ਗਏ ਤੇ ਰੂਸ ਦੀ ਫੌਜ ਵਿਚ ਭਰਤੀ ਹੋਏ ਭਾਰਤੀ ਨੌਜਵਾਨਾਂ ਵਿੱਚੋਂ 10 ਜਣਿਆਂ ਦੀ ਮੌਤ ਹੋ ਗਈ ਹੈ। ਇਨ੍ਹਾਂ ਵਿੱਚ ਤਿੰਨ ਨੌਜਵਾਨ ਪੰਜਾਬ ਦੇ ਹਨ।

ਰੂਸੀ ਫੌਜ ਵਿੱਚ ਯੂਕਰੇਨ ਨਾਲ ਜੰਗ ਲੜਦਿਆਂ ਆਪਣੀ ਜਾਨ ਗਵਾਉਣ ਵਾਲਿਆਂ ਵਿੱਚ ਤਿੰਨ ਪੰਜਾਬੀ ਵੀ ਹਨ। ਬਾਕੀ 7 ਨੌਜਵਾਨ ਉਤਰ ਪ੍ਰਦੇਸ਼, ਜੰਮੂ ਨਾਲ ਸਬੰਧਤ ਸਨ। ਇਨ੍ਹਾਂ ਨੌਜਵਾਨਾਂ ਨੂੰ ਲੱਭਣ ਵਾਸਤੇ ਪੰਜਾਬ ਤੋਂ ਰੂਸ ਗਏ ਨੌਜਵਾਨ ਜਗਦੀਪ ਸਿੰਘ ਨੇ ਮਾਸਕੋ ਸਮੇਤ ਹੋਰ ਥਾਵਾਂ 'ਤੇ ਭਾਰਤੀ ਨੌਜਵਾਨਾਂ ਦੀ ਭਾਲ ਕੀਤੀ ਜਿਹੜੇ ਰੂਸ ਫੌਜ ਵਿੱਚ ਭਰਤੀ ਹੋਏ ਸਨ ਪਰ ਉਨ੍ਹਾਂ ਦਾ ਕੋਈ ਥੁਹ ਪਤਾ ਨਹੀਂ ਸੀ ਲੱਗਾ ਪਰ ਬਾਅਦ ਵਿਚ ਉਨ੍ਹਾਂ ਵਿਚੋਂ ਦਸ ਦੀ ਮੌਤ ਦੀ ਪੁਸ਼ਟੀ ਹੋਈ ਹੈ। ਬੀਤੇ ਦਿਨੀਂ ਵਾਪਸ ਪਰਤੇ ਜਗਦੀਪ ਕੁਮਾਰ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਦਫਤਰ ਪਹੁੰਚ ਕੇ ਉਹ ਸਾਰੇ ਦਸਤਾਵੇਜ਼ ਦਿਖਾਏ ਜਿਸ ਵਿੱਚ ਰੂਸੀ ਫੌਜ ਨੇ ਇਨ੍ਹਾਂ 10 ਨੌਜਵਾਨਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਸੀ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਮਾਰੇ ਗਏ ਨੌਜਵਾਨਾਂ ਦੇ ਮਾਪੇ ਤਾਂ ਆਪਣੇ ਪੁੱਤਰਾਂ ਦੀ ਸੁੱਖ-ਸਾਂਦ ਉਡੀਕ ਰਹੇ ਸਨ, ਪਰ ਉਨ੍ਹਾਂ ਨੂੰ ਲੰਮੇ ਸਮੇਂ ਬਾਅਦ ਆਪਣਿਆਂ ਦੇ ਯੂਕਰੇਨ-ਰੂਸ ਵਿੱਚਲੇ ਛਿੜੀ ਜੰਗ ਦੀ ਭੇਟ ਚੜ੍ਹ ਜਾਣ ਦੀਆਂ ਦਿਲ ਦਹਿਲਾਉਣ ਵਾਲੀਆਂ ਖ਼ਬਰਾਂ ਮਿਲੀਆ ਹਨ।

ਜਗਦੀਪ ਮੁਤਾਬਿਕ ਜਿਹੜੇ 10 ਭਾਰਤੀ ਜੰਗ ਵਿੱਚ ਮਾਰੇ ਗਏ ਹਨ, ਉਨ੍ਹਾਂ ਵਿਚੋਂ ਅੰਮ੍ਰਿਤਸਰ ਦੇ ਤੇਜਪਾਲ ਸਿੰਘ, ਲਖਨਊ ਦੇ ਅਰਵਿੰਦ ਕੁਮਾਰ, ਯੂ.ਪੀ ਦੇ ਧੀਰੇਂਦਰ ਕੁਮਾਰ, ਵਿਨੋਦ ਯਾਦਵ ਤੇ ਯੋਗੇਂਦਰ ਯਾਦਵ ਸਮੇਤ 5 ਹੋਰ ਭਾਰਤੀ ਹਨ, ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ। ਜਿਹੜੇ ਚਾਰ ਭਾਰਤੀ ਲਾਪਤਾ ਦੱਸੇ ਜਾ ਰਹੇ ਹਨ, ਉਨ੍ਹਾਂ ਵਿੱਚ ਦੀਪਕ, ਯੋਗੇਸ਼ਵਰ ਪ੍ਰਸ਼ਾਦ, ਅਜ਼ਹਰੂਦੀਨ ਖਾਨ ਅਤੇ ਰਾਮ ਚੰਦਰ ਸ਼ਾਮਿਲ ਹਨ।

ਜਗਦੀਪ ਨੇ ਦੱਸਿਆ ਕਿ ਉਸ ਵੱਲੋਂ ਸੰਤ ਸੀਚੇਵਾਲ ਨਾਲ ਪਹਿਲੀ ਮੁਲਾਕਾਤ 29 ਜੂਨ 2024 ਨਾਲ ਕੀਤੀ ਗਈ ਸੀ ਜਿਸ ਦੌਰਾਨ ਉਨ੍ਹਾਂ ਆਪਣੇ ਭਰਾ ਮਨਦੀਪ ਸਮੇਤ ਰਸ਼ੀਅਨ ਆਰਮੀ ਵਿੱਚ ਫਸੇ ਭਾਰਤੀਆਂ ਦੀ ਸੁਰੱਖਿਅਤ ਵਾਪਸੀ ਲਈ ਮੰਗ ਪੱਤਰ ਦਿੱਤਾ ਗਿਆ ਸੀ ਜਿਸ ਤੋਂ ਬਾਅਦ ਸੰਤ ਸੀਚੇਵਾਲ ਨੇ ਵਿਦੇਸ਼ ਮੰਤਰੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਰਸ਼ੀਅਨ ਆਰਮੀ ਵਿੱਚ ਫਸੇ ਨੌਜਵਾਨਾਂ ਦੀ ਸੁਰੱਖਿਅਤ ਵਾਪਸੀ ਲਈ ਪੱਤਰ ਦਿੱਤਾ ਸੀ। ਜਗਦੀਪ ਨੇ ਦੱਸਿਆ ਕਿ ਉਸ ਨੂੰ ਆਪਣੇ ਭਰਾ ਮਨਦੀਪ ਬਾਰੇ ਕੁੱਝ ਵੀ ਨਹੀ ਪਤਾ ਲੱਗਾ ਤਾਂ ਉਸ ਨੇ ਰਸ਼ੀਆ ਜਾਣ ਦਾ ਫੈਸਲਾ ਕੀਤਾ ਤੇ ਭਾਰਤੀਆਂ ਦੀ ਮੌਤ ਬਾਰੇ ਜਾਣਕਾਰੀ ਮਿਲੀ।

# ਕੈਨੇਡਾ: ਪਾਠੀ ਸਿੰਘ ਵੱਲੋਂ ਵਿਤਕਰੇ ਕਾਰਨ ਭਾਰਤ ਵਾਪਸ ਜਾਣ ਦਾ ਫ਼ੈਸਲਾ

## ਪ੍ਰਬੰਧਕਾਂ 'ਤੇ ਅਪਮਾਨਿਤ ਕਰਨ ਦੇ ਦੋਸ਼ ਲਾਏ



ਵਿਨੀਪੈਗ : ਕੈਨੇਡਾ ਦੇ ਇੱਕ ਗੁਰਦੁਆਰੇ ਤੋਂ ਇੱਕ ਪਾਠੀ ਸਿੰਘ ਦੀ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਵਿੱਚ ਉਹ ਕੀਰਤਨ ਦੌਰਾਨ ਸੰਗਤ ਦੇ ਸਨਮੁੱਖ ਆਪਣਾ ਦੁੱਖ ਬਿਆਨ ਕਰਦੇ ਹੋਏ ਪ੍ਰਬੰਧਕਾਂ 'ਤੇ ਗੰਭੀਰ ਦੋਸ਼ ਲਗਾ ਰਹੇ ਹਨ। ਸਿੰਘ ਨੇ ਕਿਹਾ, 'ਸਾਡੇ ਤੋਂ ਬੋਲਣ ਦੀ ਆਜ਼ਾਦੀ ਖੋਹ ਲਈ ਗਈ ਹੈ। ਸਾਨੂੰ ਦੱਸਿਆ ਜਾਂਦਾ ਹੈ ਕਿ ਕੀ ਕਹਿਣਾ ਹੈ, ਕਿਸ ਲਈ ਅਰਦਾਸ ਕਰਨੀ ਹੈ ਅਤੇ ਕਿਸ ਨੂੰ ਸਿਰੋਪਾ ਦੇਣਾ ਹੈ। ਕੀ ਇਹ ਲੋਕ ਹੁਣ ਸਾਨੂੰ ਸਾਡਾ ਕੰਮ ਸਿਖਾਉਣਗੇ?' ਉਨ੍ਹਾਂ ਕਿਹਾ ਕਿ ਉਹ ਹੁਣ ਭਾਰਤ ਵਾਪਸ ਜਾਵੇਗਾ। ਸਿੰਘ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਹ ਕੈਨੇਡਾ ਦੇ ਤਾਅਨੇ ਮਾਰਨ ਵਾਲੇ ਸੱਭਿਆਚਾਰ ਵਿੱਚ ਹੋਰ ਨਹੀਂ ਰਹਿ ਸਕਦਾ।

ਵੀਡੀਓ ਵਿੱਚ ਪਾਠੀ ਸਿੰਘ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੂੰ ਮਹੀਨੇ ਦੇ ਸਿਰਫ਼ 800 ਡਾਲਰ ਦਿੱਤੇ ਜਾਂਦੇ ਹਨ। ਜੇਕਰ ਸੰਗਤ ਵਿੱਚੋਂ ਕੋਈ ਸ਼ਰਧਾ ਨਾਲ ਪੈਸੇ ਭੇਟ ਕਰਦਾ ਹੈ, ਤਾਂ ਪ੍ਰਬੰਧਕ ਇਹ ਕਹਿ ਕੇ ਤਾਅਨੇ ਮਾਰਦੇ ਹਨ ਕਿ ਤੁਸੀਂ ਤਾਂ ਸੌਂਦੇ ਹੋਏ ਵੀ ਬਹੁਤ ਪੈਸੇ ਕਮਾ ਰਹੇ ਹੋ। ਪਾਠੀ ਸਿੰਘ ਅਨੁਸਾਰ, ਗੁਰਦੁਆਰੇ ਵਿੱਚ ਸੇਵਕਾਂ ਨੂੰ ਛੋਟੀਆਂ-ਛੋਟੀਆਂ ਗੱਲਾਂ ਲਈ ਬੱਚਿਆਂ ਵਾਂਗ ਝਿੜਕਿਆ ਜਾਂਦਾ ਹੈ ਅਤੇ ਹਰ ਵਕਤ ਅਪਮਾਨਿਤ ਕੀਤਾ ਜਾਂਦਾ ਹੈ। ਸਿੰਘ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਉਹ ਪਿਛਲੇ ਢਾਈ ਸਾਲਾਂ ਤੋਂ ਸੇਵਾ ਕਰ ਰਹੇ ਹਨ, ਪਰ ਹੁਣ ਇਸ ਐਤਵਾਰ ਤੋਂ ਬਾਅਦ ਉਹ ਹਮੇਸ਼ਾ ਲਈ ਛੁੱਟੀ ਲੈ ਕੇ ਆਪਣੇ ਪਰਿਵਾਰ ਕੋਲ ਭਾਰਤ ਵਾਪਸ ਚਲਾ ਜਾਵੇਗਾ।

ਸਿੰਘ ਨੇ ਅਫ਼ਸੋਸ ਜਤਾਉਂਦਿਆਂ ਕਿਹਾ ਕਿ ਅੱਜ-ਕੱਲ੍ਹ ਕਈ ਗੁਰੂਘਰ ਸਿਰਫ਼ ਦਿਖਾਵਾ ਬਣ ਗਏ ਹਨ ਅਤੇ ਸਿੱਖੀ ਨਾਲ ਪਿਆਰ ਦੀ ਬਜਾਏ ਚੌਧਰ (ਸਰਦਾਰੀ) ਦੀ ਭੁੱਖ ਵਧ ਗਈ ਹੈ। ਇਹ ਮੁੱਦਾ ਸਿਰਫ਼ ਵਿਦੇਸ਼ਾਂ ਤੱਕ ਸੀਮਤ ਨਹੀਂ ਹੈ।

# ਬੰਗਲਾਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਦਾ ਦੇਹਾਂਤ

## ਮੁੱਖ ਸਲਾਹਕਾਰ ਯੂਨੁਸ ਵੱਲੋਂ 3 ਦਿਨਾਂ ਦੇ ਸਰਕਾਰੀ ਸੋਗ ਅਤੇ ਭਲਕੇ ਜਨਤਕ ਛੁੱਟੀ ਦਾ ਐਲਾਨ



ਢਾਕਾ : ਬੰਗਲਾਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਅਤੇ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (BNP) ਦੀ ਚੇਅਰਪਰਸਨ ਖਾਲਿਦਾ ਜ਼ਿਆ ਦਾ ਲੰਬੀ ਬਿਮਾਰੀ ਤੋਂ ਬਾਅਦ ਮੰਗਲਵਾਰ ਸਵੇਰੇ ਦਿਹਾਂਤ ਹੋ ਗਿਆ। ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ 80 ਸਾਲਾ ਜ਼ੀਆ ਨੇ ਢਾਕਾ ਦੇ ਐਵਰਕੇਅਰ ਹਸਪਤਾਲ ਵਿੱਚ ਸਵੇਰੇ ਕਰੀਬ 6 ਵਜੇ ਆਖਰੀ ਸਾਹ ਲਿਆ, ਜਿਸ ਦੀ ਪੁਸ਼ਟੀ ਉਨ੍ਹਾਂ ਦੇ ਨਿੱਜੀ ਡਾਕਟਰ ਪ੍ਰੋਫੈਸਰ ਏਜ਼ੈਡਐਮ ਜ਼ਾਹਿਦ ਹੁਸੈਨ ਨੇ ਕੀਤੀ ਹੈ।

ਉਨ੍ਹਾਂ ਦੇ ਸਨਮਾਨ ਵਿੱਚ ਮੁੱਖ ਸਲਾਹਕਾਰ ਮੁਹੰਮਦ ਯੂਨੁਸ ਨੇ ਦੇਸ਼ ਵਿੱਚ ਤਿੰਨ ਦਿਨਾਂ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਹੈ। ਖਾਲਿਦਾ ਜ਼ਿਆ ਤਿੰਨ ਵਾਰ ਦੇਸ਼ ਦੀ ਪ੍ਰਧਾਨ ਮੰਤਰੀ ਰਹੀ ਸੀ ਅਤੇ ਉਨ੍ਹਾਂ ਨੂੰ ਬੰਗਲਾਦੇਸ਼ ਦੀ ਰਾਜਨੀਤੀ ਵਿੱਚ ਇੱਕ ਸ਼ਕਤੀਸ਼ਾਲੀ ਥੰਮ੍ਹ ਮੰਨਿਆ ਜਾਂਦਾ ਸੀ।

ਖਾਲਿਦਾ ਜ਼ਿਆ ਦੀਆਂ ਅੰਤਿਮ ਰਸਮਾਂ (ਨਮਾਜ਼-ਏ-ਜਨਾਜ਼ਾ) ਬੁੱਧਵਾਰ ਨੂੰ ਅਦਾ ਕੀਤੀਆਂ ਜਾਣਗੀਆਂ, ਜਿਸ ਦੇ ਮੱਦੇਨਜ਼ਰ ਦੇਸ਼ ਵਿੱਚ ਇੱਕ ਦਿਨ ਦੀ ਜਨਤਕ ਛੁੱਟੀ ਵੀ ਐਲਾਨੀ ਗਈ ਹੈ। ਰਾਸ਼ਟਰ ਦੇ ਨਾਂ ਆਪਣੇ ਸੰਬੋਧਨ ਵਿੱਚ ਮੁਹੰਮਦ ਯੂਨੁਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸੋਗ ਦੀ ਇਸ ਘੜੀ ਵਿੱਚ ਸੰਜਮ ਬਣਾਏ ਰੱਖਣ ਅਤੇ ਅੰਤਿਮ ਯਾਤਰਾ ਦੌਰਾਨ ਅਨੁਸ਼ਾਸਨ ਦਾ ਪਾਲਣ ਕਰਨ। ਉਨ੍ਹਾਂ ਕਿਹਾ ਕਿ ਪੂਰਾ ਦੇਸ਼ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਦੇ ਨਾਲ ਖੜ੍ਹਾ ਹੈ।

ਦੱਸ ਦਈਏ ਕਿ ਉਹ ਬੀਤੀ 23 ਨਵੰਬਰ ਤੋਂ ਹਸਪਤਾਲ ਵਿੱਚ ਦਾਖਲ ਸਨ ਅਤੇ ਛਾਤੀ ਵਿੱਚ ਇਨਫੈਕਸ਼ਨ ਕਾਰਨ ਉਨ੍ਹਾਂ ਦੀ ਹਾਲਤ ਲਗਾਤਾਰ ਨਾਜ਼ੁਕ ਬਣੀ ਹੋਈ ਸੀ। 27 ਨਵੰਬਰ ਨੂੰ ਉਨ੍ਹਾਂ ਨੂੰ ਸੀਸੀਯੂ (CCU) ਵਿੱਚ ਤਬਦੀਲ ਕੀਤਾ ਗਿਆ ਸੀ, ਜਿੱਥੇ ਦੇਸੀ ਅਤੇ ਵਿਦੇਸ਼ੀ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਸੀ, ਪਰ ਉਨ੍ਹਾਂ ਦੀ ਸਿਹਤ ਵਿੱਚ ਕੋਈ ਸੁਧਾਰ ਨਹੀਂ ਹੋਇਆ। ਸੋਮਵਾਰ ਰਾਤ ਉਨ੍ਹਾਂ ਦੇ ਪੁੱਤਰ ਤਾਰਿਕ ਰਹਿਮਾਨ ਸਮੇਤ ਪਰਿਵਾਰਕ ਮੈਂਬਰਾਂ ਨੇ ਹਸਪਤਾਲ ਵਿੱਚ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ।

# ਬਰਤਾਨਵੀ ਸਮੁੰਦਰੀ ਸੈਨਾ ਦੇ ਅਧਿਕਾਰੀਆਂ ਨਾਲ ਮਹਾਰਾਜਾ ਚਾਰਲਸ ਨੇ ਜਵਾਨੀ ਦੇ ਦਿਨਾਂ ਨੂੰ ਕੀਤਾ ਯਾਦ



ਲੰਡਨ : ਬਰਤਾਨੀਆ ਦੇ ਮਹਾਰਾਜਾ ਚਾਰਲਸ ਤੀਜੇ ਬੀਤੇ ਦਿਨੀ ਡਾਰਟਮਾਊਥ ਵਿਖੇ ਸਰਕਾਰੀ ਦੌਰੇ 'ਤੇ ਗਏ। ਜਿੱਥੇ ਉਨ੍ਹਾਂ ਰੋਇਲ ਬ੍ਰਿਟਾਨੀਆ ਨੇਵਲ ਕਾਲਜ ਦਾ ਦੌਰਾ ਕੀਤਾ ਉਨ੍ਹਾਂ ਆਪਣੇ ਸਿਖਲਾਈ ਲੈਣ ਵਾਲੇ 50 ਸਾਲਾਂ ਤੋਂ ਵੱਧ ਸਮੇਂ ਬਾਅਦ ਪੁਰਾਣੇ ਦਿਨਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਕਾਲਜ ਵਿਚ ਉਨ੍ਹਾਂ ਦੇ ਸਮੇਂ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਜਲ ਸੈਨਾ ਸੇਵਾਵਾਂ ਲਈ ਤਿਆਰ ਕੀਤਾ, ਜਿਸ ਦੌਰਾਨ ਉਨ੍ਹਾਂ ਨੇ ਸ਼ੀਤ ਯੁੱਧ-ਯੁੱਗ ਦੇ ਮਾਈਨਸਵੀਪਰ ਦੀ ਕਮਾਨ ਸੰਭਾਲੀ। ਉਨ੍ਹਾਂ ਕਿਹਾ ਕਿ ਮੇਰੇ ਕੋਲ ਇੱਥੇ ਆਪਣੇ ਸਮੇਂ ਦੀਆਂ ਬਹੁਤ ਸਾਰੀਆਂ ਯਾਦਾਂ ਹਨ, ਖਾਸ ਕਰਕੇ ਪੁਰਾਣੀਆਂ ਪਿਕੇਟ ਕਿਸ਼ਤੀਆਂ ਵਿਚ ਡਾਰਟ ਨੂੰ ਉੱਪਰ ਅਤੇ ਹੇਠਾਂ ਚਲਾਉਣਾ, ਜੋ ਮੈਂ ਹੁਣ ਦੇਖ ਰਿਹਾ ਹਾਂ, ਸਮੁੰਦਰ ਵਿਚ ਸੜਕ ਦੇ ਨਿਯਮਾਂ ਨੂੰ ਸਿੱਖਣ ਵਿਚ ਇੱਕ ਕਰੈਸ਼ ਕੋਰਸ ਦਾ ਅਨੁਭਵ ਸਾਂਝਾ ਕੀਤਾ। ਰਾਇਲ ਨੇਵੀ ਦੇ ਅਧਿਕਾਰੀਆਂ ਨੂੰ ਮਿਲਣ ਮੌਕੇ ਉਨ੍ਹਾਂ ਨਵੇਂ ਕਮਿਸ਼ਨਡ ਸਿੱਖ ਮੈਡੀਕਲ ਅਫਸਰ ਨਾਲ ਵੀ ਵਿਚਾਰ ਸਾਂਝੇ ਕੀਤੇ।

# ਬਰਤਾਨੀਆ ਦੇ ਸ਼ਾਹੀ ਪਰਿਵਾਰ ਨਾਲ ਸੰਬੰਧਿਤ ਦਸਤਾਵੇਜ਼ ਗਲਤੀ ਨਾਲ ਹੋਏ ਜਨਤਕ



ਲੰਡਨ : ਬਰਤਾਨੀਆ ਦੇ ਸਰਕਾਰੀ ਦਸਤਾਵੇਜ਼ਾਂ ਨੂੰ 20 ਸਾਲ ਬਾਅਦ ਜਨਤਕ ਕਰਨ ਦੇ ਨਿਯਮਾਂ ਤਹਿਤ ਸਾਲ 2004 ਤੇ 2005 ਦੇ ਸ਼ਾਹੀ ਪਰਿਵਾਰ ਨਾਲ ਸਬੰਧਿਤ ਕੁਝ ਦਸਤਾਵੇਜ਼ ਨੈਸ਼ਨਲ ਆਰਕਾਈਵਜ਼ 'ਤੇ ਪ੍ਰਕਾਸ਼ਿਤ ਕਰ ਦਿੱਤੇ ਗਏ ਸਨ। ਜਿਸ ਨੂੰ ਮੰਤਰੀ ਮੰਡਲ ਦਫਤਰ ਨੇ 'ਪ੍ਰਸ਼ਾਸਕੀ ਗਲਤੀ' ਕਰਾਰ ਦਿੱਤਾ ਹੈ। ਇਕ ਬਿਆਨ 'ਚ ਰਾਸ਼ਟਰੀ ਕੈਬਨਿਟ ਦਫ਼ਤਰ ਨੇ ਕਿਹਾ ਕਿ ਐਂਡਰਿਊ ਮਾਊਂਟਬੈਟਨ-ਵਿੰਡਸਰ ਵਾਲ ਸੰਬੰਧਿਤ ਸਰਕਾਰੀ ਦਸਤਾਵੇਜ਼ ਗਲਤੀ ਨਾਲ ਸਾਂਝੇ ਕਰਨਾ 'ਪ੍ਰਸ਼ਾਸਕੀ ਗਲਤੀ' ਹੈ। ਇਹ ਦਸਤਾਵੇਜ਼ ਸ਼ਾਹੀ ਦੌਰਿਆਂ ਨਾਲ ਸੰਬੰਧਿਤ ਪ੍ਰਧਾਨ ਮੰਤਰੀ ਦੇ ਦਫਤਰ ਦੀ ਫਾਈਲ ਸੀ। ਜਿਸ ਨੂੰ ਵਾਪਸ ਲੈਣ ਤੋਂ ਪਹਿਲਾਂ ਪੱਤਰਕਾਰਾਂ ਨੂੰ ਸੰਖੇਪ 'ਚ ਉਪਲਬਧ ਕਰਵਾਇਆ ਗਿਆ ਸੀ। ਇਸ 'ਚ ਵੱਖ-ਵੱਖ ਸ਼ਾਹੀ ਪਰਿਵਾਰਾਂ ਦੀ ਵਿਦੇਸ਼ ਯਾਤਰਾ ਬਾਰੇ ਇਕ ਮੀਟਿੰਗ ਦੇ ਮਿੰਟ ਸ਼ਾਮਲ ਸਨ, ਜਿਸ 'ਚ ਉਸ ਸਮੇਂ ਦੇ ਡਿਊਕ ਆਫ਼ ਯੌਰਕ ਵੀ ਸ਼ਾਮਲ ਸੀ, ਜੋ ਯੂ.ਕੇ. ਦੇ ਵਪਾਰ ਰਾਜਦੂਤ ਵਜੋਂ ਸੇਵਾਵਾਂ ਨਿਭਾ ਰਹੇ ਸਨ। ਉਕਤ ਪੇਪਰਾਂ ਨੂੰ ਬਾਅਦ 'ਚ ਹਟਾ ਦਿੱਤਾ ਗਿਆ। ਰਾਜਸ਼ਾਹੀ ਵਿਰੋਧੀ ਮੁਹਿੰਮਕਾਰਾਂ ਨੇ ਕਿਹਾ ਕਿ ਦਸਤਾਵੇਜ਼ ਰੋਕਣਾ ਜਾਇਜ਼ ਨਹੀਂ ਹੈ, ਕਿਉਂਕਿ ਐਂਡਰਿਊ ਦੇ ਸੰਬੰਧ ਮ੍ਰਿਤਕ ਜਿਣਸੀ ਅਪਰਾਧੀ ਜੈਫਰੀ ਐਪਸਟਾਈਨ ਨਾਲ ਹੋਣ ਕਰਕੇ ਸ਼ਾਹੀ ਖਿਤਾਬਾਂ ਤੋਂ ਵਾਂਝਾ ਕਰ ਦਿੱਤਾ ਗਿਆ ਹੈ। ਭਾਵੇਂ ਐਂਡਰਿਊ ਨੇ ਹਮੇਸ਼ਾ ਕਿਸੇ ਵੀ ਗਲਤ ਕੰਮ ਦੇ ਦਾਅਵਿਆਂ ਤੋਂ ਇਨਕਾਰ ਕੀਤਾ ਹੈ। ਮੁਹਿੰਮ ਦੇ ਮੁੱਖ ਕਾਰਜਕਾਰੀ ਗ੍ਰਾਹਮ ਸਮਿਥ ਨੇ ਕਿਹਾ ਕਿ ਸ਼ਾਹੀ ਪਰਿਵਾਰ ਯੂ.ਕੇ. 'ਚ ਸਭ ਤੋਂ ਵੱਧ ਗੁਪਤ ਸੰਸਥਾ ਹੈ। ਇਹ ਦਸਤਾਵੇਜ਼ ਬਿਨਾਂ ਕਿਸੇ ਡਰ ਜਾਂ ਪੱਖ ਦੇ ਜਾਰੀ ਕੀਤੇ ਜਾਣੇ ਚਾਹੀਦੇ ਹਨ, ਤਾਂ ਜੋ ਲੋਕ ਸ਼ਾਹੀ ਪਰਿਵਾਰ ਦੇ ਹਰ ਪੱਖ ਤੋਂ ਜਾਣੂ ਹੋ ਸਕੇ।

# ਸਾਹਿਬਜ਼ਾਦਿਆਂ ਨੂੰ ਸਮਰਪਿਤ ਨਗਰ ਕੀਰਤਨ ਨਾਲ ਸ਼ਹੀਦੀ ਸਭਾ ਸੰਪੂਰਨ

## ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਸਜਾਏ ਨਗਰ ਕੀਰਤਨ ’ਚ ਲੱਖਾਂ ਸ਼ਰਧਾਲੂ ਸ਼ਾਮਲ ਹੋਏ



ਫ਼ਤਹਿਗੜ੍ਹ ਸਾਹਿਬ : ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਦੀ ਲਾਸਾਨੀ ਸ਼ਹਾਦਤ ਅਤੇ ਮਾਤਾ ਗੁਜਰੀ ਜੀ ਨੂੰ ਸਮਰਪਿਤ 3 ਰੋਜ਼ਾ ਸ਼ਹੀਦੀ ਸਭਾ ਦੇ ਅੱਜ ਅੰਤਿਮ ਦਿਨ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ’ਚ ਲੱਖਾਂ ਸ਼ਰਧਾਲੂਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ’ਤੇ ਫੁੱਲਾਂ ਦੀ ਵਰਖਾ ਕੀਤੀ ਅਤੇ ‘ਸਤਿਨਾਮ ਵਾਹਿਗੁਰੂ’ ਦਾ ਜਾਪ ਕਰਦੇ ਹੋਏ ਸ਼ਹੀਦਾਂ ਨੂੰ ਸਿਜਦਾ ਕੀਤਾ। ਅੱਜ ਦਿਨ ਸਮੇਂ ਭਾਰੀ ਠੰਢ ਤੋਂ ਇਲਾਵਾ ਸੰਘਣੀ ਧੁੰਦ ਵੀ ਛਾਈ ਰਹੀ ਜਿਸ ਦੇ ਬਾਵਜੂਦ ਵੱਡੀ ਗਿਣਤੀ ’ਚ ਸ਼ਰਧਾਲੂਆਂ ਨੇ ਨਗਰ ਕੀਰਤਨ ਵਿੱਚ ਹਾਜ਼ਰੀ ਭਰ ਕੇ ਸ਼ਹੀਦਾਂ ਨੂੰ ਅਕੀਦਤ ਭੇਟ ਕੀਤੀ। ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਜਥੇਬੰਦੀਆਂ, ਧਾਰਮਿਕ ਸਭਾ ਸੁਸਾਇਟੀਆਂ ਅਤੇ ਸੰਗਤ ਦੇ ਸਹਿਯੋਗ ਨਾਲ ਪਰੰਪਰਾ ਅਨੁਸਾਰ ਸ਼ਹੀਦੀ ਨਗਰ ਕੀਰਤਨ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਜਪੁਜੀ ਸਾਹਿਬ ਦੇ ਪਾਠ ਮਗਰੋਂ ਆਰੰਭ ਹੋਇਆ। ਇਹ ਸ਼ਹੀਦੀ ਨਗਰ ਕੀਰਤਨ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਪਹੁੰਚ ਕੇ ਕੀਰਤਨ ਸੋਹਿਲਾ ਦੇ ਪਾਠ ਉਪਰੰਤ ਅਰਦਾਸ ਨਾਲ ਸੰਪੂਰਨ ਹੋਇਆ। ਨਗਰ ਕੀਰਤਨ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ ਅਤੇ ਦਲ ਬਾਬਾ ਬਿਧੀ ਚੰਦ ਸੰਪਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਸਣੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਤੇ ਮੁੱਖ ਗ੍ਰੰਥੀ ਗਿਆਨੀ ਹਰਪਾਲ ਸਿੰਘ ਨੇ ਸਾਹਿਬਜ਼ਾਦਿਆਂ ਦੇ ਜੀਵਨ ਇਤਿਹਾਸ ਸਬੰਧੀ ਵਿਚਾਰ ਕੀਤੀ। ਉਪਰੰਤ ਸੰਗਤੀ ਰੂਪ ’ਚ ਜਪੁਜੀ ਸਾਹਿਬ ਦੇ ਪਾਠ ਮਗਰੋਂ ਗਿਆਨੀ ਹਰਪਾਲ ਸਿੰਘ ਨੇ ਅਰਦਾਸ ਕੀਤੀ ਅਤੇ ਹੁਕਮਨਾਮਾ ਸੱਚਖੰਡ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਸਰਵਣ ਕਰਵਾਇਆ। ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਜ ਪਿਆਰਿਆਂ ਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਭੇਟ ਕੀਤੇ। ਨਗਰ ਕੀਰਤਨ ਵਿਚ ਗੱਤਕਾ ਅਖਾੜਿਆਂ ਨੇ ਸਿੱਖ ਮਾਰਸ਼ਲ ਆਰਟ ਗਤਕੇ ਜੌਹਰ ਦਿਖਾਉਂਦਿਆਂ ਸਾਹਿਬਜ਼ਾਦਿਆਂ ਨੂੰ ਸਤਿਕਾਰ ਭੇਟ ਕੀਤਾ। ਨਗਰ ਕੀਰਤਨ ਸਮਾਪਤੀ ਸਮੇਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਗੁਰਮਤਿ ਸਮਾਗਮ ’ਚ ਪੰਥ ਪ੍ਰਸਿੱਧ ਰਾਗੀ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ।

ਨਗਰ ਕੀਰਤਨ ਵਿੱਚ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਦਲਜੀਤ ਸਿੰਘ ਭਿੰਡਰ, ਬਲਦੇਵ ਸਿੰਘ ਕਾਇਮਪੁਰ, ਮੈਂਬਰ ਅਵਤਾਰ ਸਿੰਘ ਰਿਆ, ਗੁਰਪ੍ਰੀਤ ਸਿੰਘ ਰੰਧਾਵਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਜਥੇਦਾਰ ਕਰਨੈਲ ਸਿੰਘ ਪੰਜੋਲੀ, ਸਤਵਿੰਦਰ ਸਿੰਘ ਟੌਹੜਾ, ਸਾਬਕਾ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ, ਬਾਬਾ ਹਰੀ ਸਿੰਘ ਰੰਧਾਵਾ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਸੰਸਦ ਮੈਂਬਰ ਡਾ. ਅਮਰ ਸਿੰਘ, ਬਾਬਾ ਸੁਖਦੇਵ ਸਿੰਘ ਬੁਲਾਰਾ ਦਮਦਮੀ ਟਕਸਾਲ, ਗਿਆਨੀ ਪ੍ਰਣਾਮ ਸਿੰਘ, ਮੀਤ ਸਕੱਤਰ ਗੁਰਨਾਮ ਸਿੰਘ, ਮੈਨੇਜਰ ਭਗਵੰਤ ਸਿੰਘ ਧੰਗੇੜਾ, ਅਵਤਾਰ ਸਿੰਘ ਸੈਂਪਲਾ, ਇੰਚਾਰਜ ਸਿਮਰਜੀਤ ਸਿੰਘ ਕੰਗ, ਚੀਫ ਜਗਦੀਸ਼ ਸਿੰਘ ਬੁੱਟਰ, ਮੈਨੇਜਰ ਗੁਰਦੀਪ ਸਿੰਘ ਕੰਗ, ਰਾਜਿੰਦਰਪਾਲ ਸਿੰਘ ਟੌਹੜਾ, ਗੁਰਪ੍ਰੀਤ ਸਿੰਘ ਮੱਲੇਵਾਲ ਤੇ ਅਵਤਾਰ ਸਿੰਘ ਹਾਜ਼ਰ ਸਨ।







# ਹਰਿਮੰਦਰ ਸਾਹਿਬ 'ਚ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਮਨਾਇਆ

## ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਦੇ ਮੱਦੇਨਜ਼ਰ ਨਹੀਂ ਕੀਤੀ ਗਈ ਆਤਿਸ਼ਬਾਜ਼ੀ



ਅੰਮ੍ਰਿਤਸਰ : ਹਰਿਮੰਦਰ ਸਾਹਿਬ ਸਮੂਹ ਵਿੱਚ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ ਇਕੱਠੇ ਮਨਾਏ ਗਏ। ਇਸ ਦੌਰਾਨ ਅੱਜ ਆਤਿਸ਼ਬਾਜ਼ੀ ਨਹੀਂ ਚਲਾਈ ਗਈ। ਇੱਥੇ ਅੱਜ ਸੰਘਣੀ ਧੁੰਦ ਦੇ ਬਾਵਜੂਦ ਵੱਡੀ ਗਿਣਤੀ ਸੰਗਤ ਗੁਰੂ ਘਰ ਵਿੱਚ ਨਤਮਸਤਕ ਹੋਈ। ਗੁਰੂ ਘਰ ਵਿੱਚ ਸੰਗਤ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਹਰਿਮੰਦਰ ਸਾਹਿਬ 'ਚ ਸੁੰਦਰ ਜਲੌਅ ਸਜਾਏ ਗਏ ਅਤੇ ਰਾਗੀ ਸਿੰਘਾਂ ਨੇ ਕੀਰਤਨ ਕੀਤਾ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਤੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਦੇ ਸਬੰਧ ਵਿੱਚ ਵੱਖ-ਵੱਖ ਅਖੰਡ ਪਾਠ ਦੇ ਭੋਗ ਪਾਏ। ਇਸ ਸਬੰਧੀ ਹਰਿਮੰਦਰ ਸਾਹਿਬ ਦੇ ਮੈਨੇਜਰ ਨਰਿੰਦਰ ਸਿੰਘ ਮਥਰੇਵਾਲ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਵੱਡੀ ਗਿਣਤੀ ਸੰਗਤ ਗੁਰੂ ਘਰ ਵਿੱਚ ਨਤਮਸਤਕ ਹੋਈ। ਉਨ੍ਹਾਂ ਆਖਿਆ ਕਿ ਭਾਵੇਂ ਸਵੇਰ ਵੇਲੇ ਧੁੰਦ ਸੀ ਪਰ ਸੰਗਤ ਦੀ ਸ਼ਰਧਾ ਅਤੇ ਉਤਸ਼ਾਹ ਬਰਕਰਾਰ ਰਿਹਾ। ਪ੍ਰਕਾਸ਼ ਪੁਰਬ ਅਤੇ ਸ਼ਹੀਦੀ ਦਿਵਸ ਦੋਵੇਂ ਇੱਕੋ ਦਿਨ ਹੋਣ ਕਰ ਕੇ ਅੱਜ ਗੁਰੂ ਰਾਮਦਾਸ ਲੰਗਰ ਘਰ ਵਿੱਚ ਸੰਗਤ ਵਾਸਤੇ ਸਾਦਾ ਲੰਗਰ ਹੀ ਤਿਆਰ ਕੀਤਾ ਗਿਆ ਸੀ ਜਦੋਂ ਕਿ ਪ੍ਰਕਾਸ਼ ਪੁਰਬ ਮੌਕੇ ਲੰਗਰ ਘਰ ਵਿੱਚ ਵਿਸ਼ੇਸ਼ ਪਕਵਾਨ ਵੀ ਤਿਆਰ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਅੱਜ ਸ਼ਹੀਦੀ ਦਿਵਸ ਹੋਣ ਕਾਰਨ ਸ਼ਾਮ ਵੇਲੇ ਆਤਿਸ਼ਬਾਜ਼ੀ ਨਹੀਂ ਹੋਵੇਗੀ ਪਰ ਦੀਪਮਾਲਾ ਕੀਤੀ ਗਈ ਤੇ ਸੰਕੇਤਕ ਰੂਪ ਵਿੱਚ ਘਿਓ ਦੇ ਦੀਵੇ ਜਗਾਏ ਗਏ। ਇਸ ਦੌਰਾਨ ਭਾਈ ਵੀਰ ਸਿੰਘ ਦੀਵਾਨ ਹਾਲ ਤੋਂ ਹਰਿਮੰਦਰ ਸਾਹਿਬ ਤੱਕ ਪ੍ਰਭਾਤ ਫੇਰੀ ਵੀ ਕੱਢੀ ਗਈ। ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਅੱਜ ਸ਼ਹਿਰ ਵਿੱਚ ਵੱਖ-ਵੱਖ ਗੁਰਦੁਆਰਿਆਂ ਵਿੱਚ ਵੀ ਮਨਾਇਆ ਗਿਆ ਹੈ। ਸ਼ਹੀਦੀ ਦਿਵਸ ਅਤੇ ਗੁਰਪੁਰਬ ਇਕੱਠੇ ਹੋਣ ਕਾਰਨ ਸਮਾਗਮ ਸਾਦੇ ਰੂਪ ਵਿੱਚ ਮਨਾਏ ਗਏ। ਸ਼ਹਿਰ ਵਿੱਚ ਅੱਜ ਲੰਗਰ ਵੀ ਘੱਟ ਲੱਗੇ। ਇਨ੍ਹਾਂ ਵਿੱਚੋਂ ਵੀ ਵਧੇਰੇ ਦੁੱਧ ਦੇ ਲੰਗਰ ਸਨ।

# ਸਿੱਖ ਪੰਥ ਨੂੰ ਢਾਹ ਲਾਉਣ ਦੀ ਕੋਸ਼ਿਸ਼: ਕਾਲਕਾ

## ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਮਨਾਇਆ; ਗੁਰੂ-ਘਰਾਂ ਵਿੱਚ ਦੀਵਾਨ ਸਜਾਏ



ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਮੇਟੀ ਅਧੀਨ ਵੱਖ-ਵੱਖ ਗੁਰੂ ਘਰਾਂ ਵਿਚ ਗੁਰਮਤਿ ਦੀਵਾਨ ਸਜਾਏ ਗਏ ਤੇ ਮੁੱਖ ਸਮਾਗਮ ਗੁਰਦੁਆਰਾ ਰਕਾਬਗੰਜ ਸਾਹਿਬ ਵਿਚ ਹੋਇਆ।

ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਤੋਂ ਵੱਡਾ ਦਾਨੀ ਇਸ ਦੁਨੀਆਂ ਵਿਚ ਹੋਰ ਕੋਈ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਸਿੱਖ ਪੰਥ ਨੂੰ ਢਾਹ ਲਾਉਣ ਦੀ ਵਾਰ-ਵਾਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਸ ਦਿਨ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੋਈ, ਉਸੇ ਦਿਨ ਉਨ੍ਹਾਂ ਦਾ ਪ੍ਰਕਾਸ਼ ਦਿਹਾੜਾ ਵੀ ਸੀ। ਉਨ੍ਹਾਂ ਕਿਹਾ ਕਿ ਇਸ ਵਾਰ ਵੀ ਦੋ-ਦੋ ਸੰਗਰਾਂਦਾਂ ਤੇ ਦੋ-ਦੋ ਗੁਰਪੁਰਬ ਮਨਾਉਣ ਵਾਲਿਆਂ ਨੇ ਆਪਣੇ ਵੱਲੋਂ ਸੰਗਤ ਵਿਚ ਦੁਬਿਧਾ ਪੈਦਾ ਕਰਨ ਵਾਸਤੇ ਪੂਰੀ ਵਾਹ ਲਗਾਈ।

ਉਨ੍ਹਾਂ ਕਿਹਾ ਕਿ ਜੇਕਰ ਅਸੀਂ ਦੁਬਿਧਾ ਵਿਚ ਪੈ ਗਏ ਤਾਂ ਸਾਨੂੰ ਆਪਣਾ ਇਤਿਹਾਸ ਬਦਲਣਾ ਪਵੇਗਾ ਤੇ ਬਹੁਤ ਕੁਝ ਤਬਦੀਲ ਹੋ ਜਾਵੇਗਾ ਜਿਸਦਾ ਬਹੁਤ ਵੱਡਾ ਨੁਕਸਾਨ ਸਿੱਖ ਕੌਮ ਨੂੰ ਹੋ ਸਕਦਾ ਹੈ। ਸ੍ਰੀ ਕਾਲਕਾ ਤੇ ਸ੍ਰੀ ਕਾਹਲੋਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸਾਹਿਬਜ਼ਾਦਿਆਂ ਦੇ ਸ਼ਹਾਦਤ ਦਿਵਸ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਅੱਜ ਜਿਹੜੇ ਲੋਕ ਇਸ ਦਾ ਵਿਰੋਧ ਕਰ ਰਹੇ ਹਨ, ਉਹ ਜਦੋਂ ਤੱਕ ਕੇਂਦਰ ਵਿਚ ਸੱਤਾ ਵਿਚ ਭਾਈਵਾਲ ਸਨ ਤਾਂ ਉਦੋਂ ਤੱਕ ਤਾਂ ਕੋਈ ਇਤਰਾਜ਼ ਨਹੀਂ ਸੀ, ਪਰ ਜਦੋਂ ਸੱਤਾ ਦੀ ਭਾਈਵਾਲੀ ਖ਼ਤਮ ਹੋ ਗਈ ਤਾਂ ਹੁਣ ਵਿਰੋਧ ਕਰ ਕੇ ਕੌਮ ਵਿਚ ਦੁਬਿਧਾ ਪੈਦਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਇਤਿਹਾਸਕ ਦਿਹਾੜਾ ਮਨਾਉਣ ਵਾਸਤੇ ਕੇਂਦਰ ਤੇ ਸੂਬਾ ਸਰਕਾਰਾਂ ਸਹਿਯੋਗ ਕਰ ਰਹੀਆਂ ਹਨ ਤਾਂ ਬਹੁਤ ਵੱਡੀ ਗੱਲ ਹੈ।

# ਪ੍ਰਸ਼ਨੋਤਰੀ ਮੁਕਾਬਲੇ ਦੇ ਜੇਤੂਆਂ ਦਾ ਸਨਮਾਨ

ਨਵੀਂ ਦਿੱਲੀ : ਦਵਿੰਦਰ ਕੌਰ ਫਾਊਂਡੇਸ਼ਨ ਵੱਲੋਂ ਗੁਰਦੁਆਰਾ ਸਿੰਘ ਸਭਾ ਮਾਨਸਰੋਵਰ ਗਾਰਡਨ ਨਵੀਂ ਦਿੱਲੀ ਵਿੱਚ 'ਕੌਮ ਦੇ ਵਾਰਿਸ' ਪ੍ਰਸ਼ਨੋਤਰੀ ਮੁਕਾਬਲਿਆਂ ਦੇ ਜੇਤੂਆਂ ਦਾ ਸਨਮਾਨ ਕਰਨ ਲਈ ਇਨਾਮ ਵੰਡ ਸਮਾਰੋਹ ਕੀਤਾ ਗਿਆ। ਫਾਊਂਡੇਸ਼ਨ ਵੱਲੋਂ ਬੱਚਿਆਂ ਅਤੇ ਨੌਜਵਾਨ ਪੀੜ੍ਹੀ ਵਿੱਚ ਸਿੱਖ ਇਤਿਹਾਸ ਤੇ ਗੁਰਮਤਿ ਸਿਧਾਂਤਾਂ ਨੂੰ ਮੁੱਖ ਰੱਖਦਿਆਂ ਆਨਲਾਈਨ ਪ੍ਰਸ਼ਨੋਤਰੀ ਹਰ ਸਾਲ ਕਰਵਾਈ ਜਾਂਦੀ ਹੈ।

ਜਾਣਕਾਰੀ ਅਨੁਸਾਰ ਗੁਰੂ ਗੋਬਿੰਦ ਸਿੰਘ, ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਪ੍ਰਸ਼ਨੋਤਰੀ ਮੁਕਾਬਲੇ ਵਿੱਚ 8 ਤੋਂ



18 ਸਾਲ ਦੀ ਉਮਰ ਵਰਗ ਦੇ ਬੱਚਿਆਂ ਅਤੇ ਨੌਜਵਾਨਾਂ ਨੇ ਹਿੱਸਾ ਲਿਆ। ਮੁਕਾਬਲੇ ਵੱਖ-ਵੱਖ ਉਮਰ ਵਰਗ ਦੇ ਸ਼ਾਮਲ 300 ਬੱਚਿਆਂ ਨੂੰ ਪੰਜ-ਪੰਜ ਮਿੰਟ ਦਾ ਸਮਾਂ ਦਿੱਤਾ ਗਿਆ ਜਿਨ੍ਹਾਂ ਵਿੱਚੋਂ 104 ਬੱਚਿਆਂ ਨੇ 50 'ਚੋਂ 50 ਅੰਕ ਹਾਸਲ ਕੀਤੇ।

ਦੱਸਣਯੋਗ ਹੈ ਕਿ ਮੁਕਾਬਲੇ ਵਿੱਚ ਦੋ ਮੁਸਲਿਮ ਲੜਕੀਆਂ ਨੇ ਵੀ ਹਿੱਸਾ ਲਿਆ ਤੇ ਉਹ 50 'ਚੋਂ 50 ਅੰਕ ਪ੍ਰਾਪਤ ਕਰਕੇ ਜੇਤੂ ਰਹੀਆਂ। ਇਸ ਮੌਕੇ ਫਾਊਂਡੇਸ਼ਨ ਦੀ ਪ੍ਰਧਾਨ ਡਾ. ਅਵਨੀਤ ਕੌਰ ਭਾਟੀਆ ਦਾ ਕਹਿਣਾ ਸੀ ਕਿ ਕੌਮ ਦੇ ਵਾਰਿਸ ਸਿਰਫ਼ ਇੱਕ ਮੁਕਾਬਲਾ ਨਹੀਂ, ਸਗੋਂ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ, ਗੁਰਮਤਿ ਅਤੇ ਸਿੱਖੀ ਨਾਲ ਜੋੜਨ ਦੀ ਮੁਹਿੰਮ ਹੈ। ਅੰਤ ਵਿੱਚ ਪ੍ਰਸ਼ਨੋਤਰੀ ਦੇ ਜੇਤੂਆਂ ਨੂੰ ਇਨਾਮਾਂ ਅਤੇ ਸਰਟੀਫ਼ਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ।

# ਨਿਹੰਗ ਸਿੰਘਾਂ ਨੇ ਖ਼ਾਲਸਾਈ ਜਾਹੋ-ਜਲਾਲ ਨਾਲ ਮਹੱਲਾ ਸਜਾਇਆ

## ਕਾਫ਼ਲੇ 'ਚ ਹਾਥੀ, ਊਠ ਤੇ ਘੋੜੇ ਰਹੇ ਖਿੱਚ ਦਾ ਕੇਂਦਰ; ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਘੋੜਸਵਾਰੀ ਰਾਹੀਂ ਦਿਖਾਏ ਜੌਹਰ

ਫਤਹਿਗੜ੍ਹ ਸਾਹਿਬ : ਸਮੂਹ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਹੇਠ ਗੁਰਦੁਆਰਾ ਬਿਬਾਨਗੜ੍ਹ ਛਾਉਣੀ ਬੁੱਢਾ ਦਲ ਤੋਂ ਮਹੱਲਾ ਸਜਾਇਆ ਗਿਆ, ਜੋ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਅਤੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੀ। ਇਸ ਤੋਂ ਪਹਿਲਾਂ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਨਿਹੰਗ ਸਿੰਘਾਂ ਦੀ ਚਲੀ ਆਉਂਦੀ ਮਰਯਾਦਾ ਅਨੁਸਾਰ ਪਾਏ ਗਏ। ਬੁੱਢਾ ਦਲ ਦੇ ਹੈੱਡ ਗ੍ਰੰਥੀ ਬਾਬਾ ਮੱਘਰ ਸਿੰਘ, ਬਾਬਾ ਮਨਮੋਹਨ ਸਿੰਘ ਬਾਰਨਵਾਲੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਬਾਬਾ ਬਲਬੀਰ ਸਿੰਘ ਨੇ ਸੰਬੋਧਨ ਕਰਦਿਆਂ ਸ਼ਹਾਦਤ ਬਾਰੇ ਸੰਗਤ ਨਾਲ ਸਾਂਝ ਪਾਈ। ਉਨ੍ਹਾਂ ਕਿਹਾ ਕਿ ਸਿੱਖੀ ਦੇ ਮਹਾਨ ਵਿਰਸੇ ਦੇ ਵਾਰਿਸ ਹੋਣ ਦਾ ਅਸੀਂ ਮਾਣ ਤਾਂ ਮਹਿਸੂਸ ਕਰਦੇ ਹਾਂ, ਪਰ ਉਸ ਵਿਰਸੇ ਦੀ ਸ਼ਾਨ ਨੂੰ ਕਾਇਮ ਰੱਖਣ ਲਈ ਆਪਣੇ ਯੋਗਦਾਨ ਨੂੰ ਵਿਸਾਰੀ ਬੈਠੇ ਹਾਂ।





ਗੁਰੂ ਦੀਆਂ ਲਾਡਲੀਆਂ ਫੌਜਾਂ ਦਾ ਮਹੱਲਾ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਤੋਂ ਆਰੰਭ ਹੋ ਕੇ ਗੁਰਦੁਆਰਾ ਠੰਢਾ ਬੁਰਜ, ਗੁਰਦੁਆਰਾ ਫਤਹਿਗੜ੍ਹ ਸਾਹਿਬ, ਨਿਸ਼ਾਨ ਕਿਲ੍ਹਾ (ਥੇਹ) ਬਾਬਾ ਬੰਦਾ ਸਿੰਘ ਬਹਾਦਰ, ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਗੁਰਦੁਆਰਾ ਸ਼ਹੀਦ ਸਿੰਘਾਂ ਅਤੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਵਿਖੇ ਨਤਮਸਤਕ ਹੋਣ ਮਗਰੋਂ ਕਾਲਜ ਦੇ ਖੁੱਲ੍ਹੇ ਮੈਦਾਨ ਵਿੱਚ ਵਾਜਿਆਂ- ਗਾਜਿਆਂ ਨਾਲ ਪਹੁੰਚਿਆ। ਇਸ ਵਿਸ਼ਾਲ ਕਾਫ਼ਲੇ ਵਿੱਚ ਹਾਥੀ, ਊਠ ਤੇ ਘੋੜੇ ਖਿੱਚ ਦਾ ਕੇਂਦਰ ਰਹੇ। ਮਹੱਲੇ ਵਿੱਚ ਨਿਹੰਗ ਦਲਾਂ ਦੇ ਮੁਖੀ ਤੇ ਵੱਡੀ ਗਿਣਤੀ ਵਿੱਚ ਨਿਹੰਗ ਸਿੰਘ ਫੌਜਾਂ ਨੇ ਸ਼ਸਤਰਧਾਰੀ ਹੋ ਕੇ ਜੰਗੀ ਮਾਹੌਲ ਦਾ ਦ੍ਰਿਸ਼ ਪੇਸ਼ ਕੀਤਾ। ਬੈਂਡ ਵਾਜਿਆਂ ਦੀਆਂ ਸੁੰਦਰ ਧੁੰਨਾਂ ਢੋਲ-ਨਗਾਰਿਆਂ ਦੀਆਂ ਚੋਟਾਂ ਤੇ ਨਰਸਿੰਙੇ ਵਜਾਉਂਦੇ ਨਿਹੰਗ ਸਿੰਘਾਂ ਨੂੰ ਦੇਖਣ ਲਈ ਹਜ਼ਾਰਾਂ ਲੋਕ ਇਕੱਤਰ ਹੋਏ। ਨਿਹੰਗ ਸਿੰਘ ਘੋੜ ਸਵਾਰੀ ਦੇ ਜੌਹਰ ਦਿਖਾਏ ਅਤੇ ਵੱਧ ਤੋਂ ਵੱਧ ਕਿੱਲੇ ਪੁੱਟ ਕੇ ਇਨਾਮ ਪ੍ਰਾਪਤ ਕੀਤੇ। ਗਤਕੇ ਦੇ ਜੌਹਰ ਵੀ ਵਿਖਾਏ ਗਏ। ਇਸ ਮੌਕੇ ਜਥੇਦਾਰ ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਹੁਸ਼ਿਆਰਪੁਰ ਵੱਲੋਂ ਦਲ ਪੰਥ ਸਮੇਤ ਬਾਬਾ ਨਾਗਰ ਸਿੰਘ, ਬਾਬਾ ਨੌਰੰਗ ਸਿੰਘ, ਬਾਬਾ ਗੁਰਮੇਲ ਸਿੰਘ ਕੈਨੇਡਾ, ਬਾਬਾ ਤਾਰਾ ਸਿੰਘ ਸ਼ਾੜ ਸਾਹਿਬ, ਬਾਬਾ ਗੁਰਨਾਮ ਸਿੰਘ ਖਾਪੜਖੇੜੀ, ਬਾਬਾ ਰਾਜਾ ਰਾਮ ਸਿੰਘ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਮੇਜਰ ਸਿੰਘ ਮੁਖੀ ਦਸ਼ਮੇਸ਼ ਤਰਨਾ ਦਲ, ਬਾਬਾ ਬਲਵਿੰਦਰ ਸਿੰਘ ਤਰਨਾ ਦਲ ਮਹਿਤਾ ਚੌਂਕ, ਬਾਬਾ ਮਨਮੋਹਨ ਸਿੰਘ ਬਾਰਨ, ਬਾਬਾ ਵੱਸਣ ਸਿੰਘ, ਬਾਬਾ ਬਘੇਲ ਸਿੰਘ, ਭਾਈ ਮਾਨ ਸਿੰਘ ਤਲਵੰਡੀ ਸਾਬੋ, ਬਾਬਾ ਗੁਰਸ਼ੇਰ ਸਿੰਘ, ਬਾਬਾ ਗੁਰਪਿੰਦਰ ਸਿੰਘ ਵਡਾਲਾ ਸਤਲਾਣੀ ਸਾਹਿਬ, ਬਾਬਾ ਪਿਆਰਾ ਸਿੰਘ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਰਣਜੋਧ ਸਿੰਘ, ਬਾਬਾ ਰਘੁਬੀਰ ਸਿੰਘ ਖਿਆਲਾ, ਭਾਈ ਸੁਖਜੀਤ ਸਿੰਘ ਕਨ੍ਹੱਈਆ, ਬਾਬਾ ਬਲਦੇਵ ਸਿੰਘ ਮੁਸਤਫ਼ਾਬਾਦ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਢੂੰਡਾ ਸਿੰਘ ਮਿਸ਼ਲ ਭਾਈ ਬਚਿੱਤਰ ਸਿੰਘ, ਬਾਬਾ ਕੁਲਵਿੰਦਰ ਸਿੰਘ ਤਰਨਾ ਦਲ ਚਮਕੌਰ ਸਾਹਿਬ, ਬਾਬਾ ਛਿੰਦਾ ਸਿੰਘ ਭਿੱਖੀਵਿੰਡ, ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਸੁਖਵਿੰਦਰ ਸਿੰਘ ਮੌੜ, ਬਾਬਾ ਦਵਿੰਦਰ ਸਿੰਘ ਮੋਇਆਂ ਦੀ ਮੰਡੀ, ਬਾਬਾ ਖੜਕ ਸਿੰਘ ਲੁਧਿਆਣਾ, ਬਾਬਾ ਸ਼ੇਰ ਸਿੰਘ ਜੱਸੀ ਬਾਗ, ਬਾਬਾ ਬਲਦੇਵ ਸਿੰਘ ਪਟਿਆਲਾ, ਬਾਬਾ ਸੁਖਦੇਵ ਸਿੰਘ ਹਰਿਆਣਾ, ਬਾਬਾ ਸਤਨਾਮ ਸਿੰਘ ਖੜੂਰ ਸਾਹਿਬ ਬੁੱਢਾ ਦਲ, ਬਾਬਾ ਸਰਵਣ ਸਿੰਘ ਮਝੈਲ ਰਾਜਪੁਰਾ, ਬਾਬਾ ਇੰਦਰ ਸਿੰਘ ਘੱੜਿਆਂ ਵਾਲੇ, ਬਾਬਾ ਵਿਸ਼ਵ ਪ੍ਰਤਾਪ ਸਿੰਘ ਸਮਾਣਾ, ਬਾਬਾ ਜੋਗਾ ਸਿੰਘ ਹਨੂੰਮਾਨਗੜ੍ਹ, ਬਾਬਾ ਬੂਟਾ ਸਿੰਘ ਲੰਬਵਾਲੀ, ਬਾਬਾ ਗੁਰਵਿੰਦਰ ਸਿੰਘ ਚੌਤਾ ਵਾਲੇ, ਬਾਬਾ ਗੋਰਾ ਸਿੰਘ ਕਪਾਲਮੋਚਨ, ਬਾਬਾ ਚਰਨ ਸਿੰਘ ਬਿਬਾਨਗੜ੍ਹ, ਬਾਬਾ ਬਲਦੇਵ ਸਿੰਘ ਤਰਨਾ ਦਲ ਵੱਲਾ, ਬਾਬਾ ਪਰਮਜੀਤ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਭਗਤ ਸਿੰਘ ਬਹਾਦਰਗੜ੍ਹ, ਪਰਮਜੀਤ ਸਿੰਘ ਬਾਜਵਾ ਮੈਨੇਜਰ, ਬਾਬਾ ਗਗਨਦੀਪ ਸਿੰਘ, ਬਾਬਾ ਮਹਿਤਾਬ ਸਿੰਘ, ਬਾਬਾ ਲੱਖਾ ਸਿੰਘ ਬਠਿੰਡਾ ਆਦਿ ਹਾਜ਼ਰ ਸਨ।

# ਦੁਨੀਆ ਦੀ ਸਭ ਤੋਂ ਲੰਬੀ ਨਦੀ: ‘ਨੀਲ ਨਦੀ’ (Nile River)




ਅਫਰੀਕਾ ਵਿੱਚ ਵਹਿਣ ਵਾਲੀ ਇਹ ਨਦੀ ਲਗਭਗ 6,650 ਕਿਲੋਮੀਟਰ ਲੰਬੀ ਹੈ। ਹਾਲਾਂਕਿ, ਕਈ ਮਾਹਰ ਐਮਾਜ਼ਾਨ (Amazon) ਨੂੰ ਵੀ ਇਸਦੀ ਮੁੱਖ ਦਾਅਵੇਦਾਰ ਮੰਨਦੇ ਹਨ। ਇਸ ਇਨਫੋਗ੍ਰਾਫਿਕ ਵਿੱਚ ਦੇਖੋ ਦੁਨੀਆ ਦੀਆਂ ਸਭ ਤੋਂ ਲੰਬੀਆਂ ਨਦੀਆਂ ਦੀ ਸੂਚੀ।

# ਨਵੇਂ ਸਾਲ 2026 ਦਾ ਆਗਾਜ਼ ਦੇਸ਼ ਦੇ ਰੱਖਵਾਲਿਆਂ ਸੰਗ; ਉੱਤਰਾਖੰਡ ਦੇ ਰਾਜਪਾਲ ਲੈਫ਼. ਜਨਰਲ ਗੁਰਮੀਤ ਸਿੰਘ ਨੇ 166 ਮੀਡੀਅਮ ਰੈਜੀਮੈਂਟ ਦੇ ਜਵਾਨਾਂ ਨਾਲ ਪਾਈਆਂ ਗਰਮਜੋਸ਼ੀ ਭਰੀਆਂ ਸਾਂਝਾਂ

**(ਦੇਹਰਾਦੂਨ ਤੋਂ ਸਾਡੇ ਲੋਕ ਅਖਬਾਰ ਦੀ ਵਿਸ਼ੇਸ਼ ਰਿਪੋਰਟ)**

ਦੇਹਰਾਦੂਨ: ਨਵੇਂ ਸਾਲ 2026 ਦੀ ਪਹਿਲੀ ਸਵੇਰ ਦੇਹਰਾਦੂਨ ਵਿਖੇ ਦੇਸ਼ ਭਗਤੀ ਦੇ ਰੰਗ ਵਿੱਚ ਰੰਗੀ ਨਜ਼ਰ ਆਈ। ਉੱਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ (ਸੇਵਾਮੁਕਤ) ਨੇ ਨਵੇਂ ਸਾਲ ਦੀਆਂ ਖੁਸ਼ੀਆਂ ਮਹਿਲਾਂ ਵਿੱਚ ਮਨਾਉਣ ਦੀ ਬਜਾਏ, ਦੇਸ਼ ਦੀ ਸੁਰੱਖਿਆ ਕਰਨ ਵਾਲੇ ਬਹਾਦਰ ਸੂਰਬੀਰਾਂ ਨਾਲ ਮਨਾਉਣ ਨੂੰ ਤਰਜੀਹ ਦਿੱਤੀ। ਵੀਰਵਾਰ ਨੂੰ ਰਾਜਪਾਲ ਨੇ ਭਾਰਤੀ ਫੌਜ ਦੀ ‘166 ਮੀਡੀਅਮ ਰੈਜੀਮੈਂਟ’ (166 Medium Regiment) ਦਾ ਦੌਰਾ ਕੀਤਾ ਅਤੇ ਅਧਿਕਾਰੀਆਂ ਤੇ ਜਵਾਨਾਂ ਨਾਲ ਮੁਲਾਕਾਤ ਕੀਤੀ।

ਇੱਕ ਜਰਨੈਲ ਦਾ ਜਵਾਨਾਂ ਨਾਲ ਮੋਹ ਰਾਜਪਾਲ ਗੁਰਮੀਤ ਸਿੰਘ, ਜੋ ਖੁਦ ਫੌਜ ਦੇ ਇੱਕ ਉੱਚ ਅਹੁਦੇ ਤੋਂ ਸੇਵਾਮੁਕਤ ਹੋਏ ਹਨ, ਜਦੋਂ ਰੈਜੀਮੈਂਟ ਵਿੱਚ ਪਹੁੰਚੇ ਤਾਂ ਮਾਹੌਲ ਬਹੁਤ ਹੀ ਭਾਵੁਕ ਅਤੇ ਅਪਣੱਤ ਭਰਿਆ ਸੀ। ਉਨ੍ਹਾਂ ਨੇ ਫੌਜੀ ਵਰਦੀ ਪਾਏ ਜਵਾਨਾਂ ਅਤੇ ਅਫਸਰਾਂ ਨਾਲ ਗਲੇ ਮਿਲ ਕੇ ਨਵੇਂ ਸਾਲ ਦੀਆਂ ਮੁਬਾਰਕਾਂ ਸਾਂਝੀਆਂ ਕੀਤੀਆਂ। ਇਸ ਮੌਕੇ ਰਾਜਪਾਲ ਸਿਰਫ਼ ਇੱਕ ਸੰਵਿਧਾਨਕ ਮੁਖੀ ਵਜੋਂ ਨਹੀਂ, ਸਗੋਂ ਇੱਕ ‘ਸੀਨੀਅਰ ਫੌਜੀ ਸਾਥੀ’ ਵਜੋਂ ਜਵਾਨਾਂ ਦੇ ਰੂ-ਬ-ਰੂ ਹੋਏ।



‘ਤੁਸੀਂ ਹੋ ਤਾਂ ਦੇਸ਼ ਸੁਰੱਖਿਅਤ ਹੈ’ ਜਵਾਨਾਂ ਨਾਲ ਗੱਲਬਾਤ ਕਰਦਿਆਂ ਰਾਜਪਾਲ ਨੇ ਕਿਹਾ ਕਿ ਦੇਸ਼ ਦਾ ਹਰ ਨਾਗਰਿਕ ਚੈਨ ਦੀ ਨੀਂਦ ਇਸ ਲਈ ਸੌਂਦਾ ਹੈ ਕਿਉਂਕਿ ਤੁਸੀਂ ਸਰਹੱਦਾਂ ’ਤੇ ਜਾਗਦੇ ਹੋ। ਉਨ੍ਹਾਂ 166 ਮੀਡੀਅਮ ਰੈਜੀਮੈਂਟ ਦੇ ਗੌਰਵਮਈ ਇਤਿਹਾਸ ਅਤੇ ਅਨੁਸ਼ਾਸਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਨਵਾਂ ਸਾਲ 2026 ਫੌਜ ਦੇ ਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਚੜ੍ਹਦੀ ਕਲਾ ਲੈ ਕੇ ਆਵੇ।

ਜਵਾਨਾਂ ਦਾ ਵਧਿਆ ਹੌਂਸਲਾ ਨਵੇਂ ਸਾਲ ਦੇ ਪਹਿਲੇ ਦਿਨ ਸੂਬੇ ਦੇ ਰਾਜਪਾਲ ਨੂੰ ਆਪਣੇ ਵਿਚਕਾਰ ਪਾ ਕੇ ਫੌਜੀ ਅਧਿਕਾਰੀਆਂ ਅਤੇ ਜਵਾਨਾਂ ਦਾ ਮਨੋਬਲ ਬੁਲੰਦ ਨਜ਼ਰ ਆਇਆ। ਰਾਜਪਾਲ ਨੇ ਜਵਾਨਾਂ ਦੀਆਂ ਸੁੱਖ-ਸਾਂਦਾਂ ਪੁੱਛੀਆਂ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਪੂਰਾ ਦੇਸ਼ ਉਨ੍ਹਾਂ ਦੇ ਨਾਲ ਖੜ੍ਹਾ ਹੈ। ਇਹ ਮੁਲਾਕਾਤ ਸਿਰਫ਼ ਰਸਮੀ ਨਹੀਂ ਸੀ, ਸਗੋਂ ਭਾਰਤੀ ਫੌਜ ਦੀ ਭਾਈਚਾਰਕ ਸਾਂਝ ਦਾ ਪ੍ਰਤੀਕ ਬਣ ਗਈ।

# ਪੰਜਾਬ ਦੇ ਕਿਸਾਨਾ ਦਾ ਸਾਲ 2026 ਦੇ ਪਹਿਲੇ ਦਿੱਨ ਹੀ ਪ੍ਰੋਟੈਸਟ ਸ਼ੁਰੂ

## ਮਨਰੇਗਾ ਖ਼ਤਮ ਕਰਨ ਦੀਆਂ ਸਾਜ਼ਿਸ਼ਾਂ ਖਿਲਾਫ਼ ਅੰਮ੍ਰਿਤਸਰ ’ਚ KMSC ਨੇ ਸਰਕਾਰ ਖਿਲਾਫ਼ ਬੋਲਿਆ ਹੱਲਾ











**(ਅੰਮ੍ਰਿਤਸਰ ਤੋਂ ਸਾਡੇ ਲੋਕ ਅਖਬਾਰ ਦੀ ਵਿਸ਼ੇਸ਼ ਰਿਪੋਰਟ)**

ਅੰਮ੍ਰਿਤਸਰ: ਪੇਂਡੂ ਖੇਤਰਾਂ ਦੀ ਜੀਵਨ ਰੇਖਾ ਮੰਨੀ ਜਾਂਦੀ ‘ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ’ (ਮਨਰੇਗਾ) ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਖਿਲਾਫ਼ ਅੱਜ ਅੰਮ੍ਰਿਤਸਰ ਦੀ ਧਰਤੀ ’ਤੇ ਗੁੱਸੇ ਦੀ ਲਹਿਰ ਵੇਖਣ ਨੂੰ ਮਿਲੀ। ਸੋਮਵਾਰ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (KMSC) ਦੀ ਅਗਵਾਈ ਹੇਠ ਹਜ਼ਾਰਾਂ ਸਮਰਥਕਾਂ, ਕਿਸਾਨਾਂ ਅਤੇ ਮਜ਼ਦੂਰਾਂ ਨੇ ਇਕੱਠੇ ਹੋ ਕੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਅਤੇ ਸਰਕਾਰ ਦੀਆਂ ਨੀਤੀਆਂ ਵਿਰੁੱਧ ਅਸਮਾਨ ਗੁੰਜਾਊ ਨਾਅਰੇਬਾਜ਼ੀ ਕੀਤੀ।

ਗਰੀਬਾਂ ਦੇ ਢਿੱਡ ’ਤੇ ਲੱਤ ਮਾਰ ਰਹੀ ਸਰਕਾਰ: ਆਗੂ ਪ੍ਰਦਰਸ਼ਨ ਦੌਰਾਨ ਜੋਸ਼ੀਲੇ ਨਾਅਰੇ ਲਾਉਂਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਨੇ ਦੋਸ਼ ਲਾਇਆ ਕਿ ਸਰਕਾਰ ਮਨਰੇਗਾ (MGNREGA) ਸਕੀਮ ਨੂੰ ਬੰਦ ਕਰਨ ਜਾਂ ਕਮਜ਼ੋਰ ਕਰਨ ਦੀ ਤਾਕ ਵਿੱਚ ਹੈ। ਉਨ੍ਹਾਂ ਕਿਹਾ ਕਿ ਇਹ ਸਕੀਮ ਗਰੀਬ ਮਜ਼ਦੂਰਾਂ ਲਈ ਦੋ ਵਕਤ ਦੀ ਰੋਟੀ ਦਾ ਸਹਾਰਾ ਹੈ, ਪਰ ਸਰਕਾਰ ਇਸਨੂੰ ਖ਼ਤਮ ਕਰਕੇ ਮਜ਼ਦੂਰਾਂ ਨੂੰ ਭੁੱਖੇ ਮਾਰਨ ਦੀ ਸਾਜ਼ਿਸ਼ ਰਚ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਮਜ਼ਦੂਰ ਵਰਗ ਦੇ ਹੱਕਾਂ ’ਤੇ ਡਾਕਾ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਅੰਮ੍ਰਿਤਸਰ ’ਚ ਗੂੰਜੇ ਸਰਕਾਰ ਵਿਰੋਧੀ ਨਾਅਰੇ ਸੋਮਵਾਰ ਨੂੰ ਹੋਏ ਇਸ ਵਿਸ਼ਾਲ ਇਕੱਠ ਵਿੱਚ ਪ੍ਰਦਰਸ਼ਨਕਾਰੀਆਂ ਦੇ ਚਿਹਰਿਆਂ ’ਤੇ ਰੋਹ ਸਾਫ਼ ਦਿਖਾਈ ਦੇ ਰਿਹਾ ਸੀ। KMSC ਦੇ ਝੰਡੇ ਹੇਠ ਇਕੱਠੇ ਹੋਏ ਮਰਦਾਂ ਅਤੇ ਔਰਤਾਂ ਨੇ ਇੱਕ ਸੁਰ ਵਿੱਚ ਚੇਤਾਵਨੀ ਦਿੱਤੀ ਕਿ ਜੇਕਰ ਮਨਰੇਗਾ ਨਾਲ ਛੇੜਛਾੜ ਕੀਤੀ ਗਈ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਪਹਿਲਾਂ ਹੀ ਮਹਿੰਗਾਈ ਨੇ ਲੱਕ ਤੋੜਿਆ ਹੋਇਆ ਹੈ ਅਤੇ ਹੁਣ ਰੁਜ਼ਗਾਰ ਖੋਹਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਸੰਘਰਸ਼ ਹੋਰ ਤਿੱਖਾ ਕਰਨ ਦਾ ਐਲਾਨ ਕਮੇਟੀ ਦੇ ਨੁਮਾਇੰਦਿਆਂ ਨੇ ਐਲਾਨ ਕੀਤਾ ਕਿ ਇਹ ਰੋਸ ਪ੍ਰਦਰਸ਼ਨ ਸਿਰਫ਼ ਇੱਕ ਸ਼ੁਰੂਆਤ ਹੈ। ਜੇਕਰ ਸਰਕਾਰ ਨੇ ਮਨਰੇਗਾ ਨੂੰ ਖ਼ਤਮ ਕਰਨ ਦਾ ਫੈਸਲਾ ਵਾਪਸ ਨਾ ਲਿਆ ਜਾਂ ਗਰੀਬ ਵਿਰੋਧੀ ਨੀਤੀਆਂ ਜਾਰੀ ਰੱਖੀਆਂ, ਤਾਂ ਆਉਣ ਵਾਲੇ ਦਿਨਾਂ ਵਿੱਚ ਪੂਰੇ ਪੰਜਾਬ ਅੰਦਰ ਵੱਡੇ ਪੱਧਰ ’ਤੇ ਮੋਰਚੇ ਲਗਾਏ ਜਾਣਗੇ।

# ਵਿਧਾਨ ਸਭਾ ਵੱਲੋਂ 'ਜੀ ਰਾਮ ਜੀ' ਖ਼ਿਲਾਫ਼ ਮਤਾ ਪਾਸ

## ਪੰਜਾਬ ਮਗਨਰੇਗਾ ਦਾ ਸਰੂਪ ਬਦਲਣ ਖ਼ਿਲਾਫ਼ ਮਤਾ ਪਾਸ ਕਰਨ ਵਾਲਾ ਪਹਿਲਾ ਸੂਬਾ ਬਣਿਆ

## ਗ਼ਰੀਬਾਂ ਦੇ ਹੱਕਾਂ 'ਤੇ ਡਾਕਾ ਨਹੀਂ ਵੱਜਣ ਦਿਆਂਗੇ: ਮੁੱਖ ਮੰਤਰੀ



ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਨੇ ਵਿਸ਼ੇਸ਼ ਸੈਸ਼ਨ ਦੌਰਾਨ ਕੇਂਦਰ ਸਰਕਾਰ ਦੇ 'ਵਿਕਸਿਤ ਭਾਰਤ-ਜੀ ਰਾਮ ਜੀ' ਕਾਨੂੰਨ ਖ਼ਿਲਾਫ਼ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ ਹੈ। ਮਗਨਰੇਗਾ ਦਾ ਸਰੂਪ ਬਦਲਣ ਖ਼ਿਲਾਫ਼ ਮਤਾ ਪਾਸ ਕਰਨ ਵਾਲਾ ਪੰਜਾਬ ਪਹਿਲਾ ਸੂਬਾ ਬਣ ਗਿਆ ਹੈ। ਮਤਾ ਪਾਸ ਹੋਣ ਮੌਕੇ ਭਾਜਪਾ ਵਿਧਾਇਕ ਗੈ ?ਰ-ਹਾਜ਼ਰ ਸਨ; ਮੁੱਖ ਵਿਰੋਧੀ ਧਿਰ ਕਾਂਗਰਸ ਸਮੇਤ ਬਾਕੀ ਸਭ ਸਿਆਸੀ ਧਿਰਾਂ ਨੇ ਮਤੇ ਦੀ ਹਮਾਇਤ ਕੀਤੀ। ਸ਼ ?ਰੋਮਣੀ ਅਕਾਲੀ ਦਲ ਦੀ ਵਿਧਾਇਕਾ ਗਨੀਵ ਕੌਰ ਮਜੀਠੀਆ ਵੀ ਗ਼ੈਰ-ਹਾਜ਼ਰ ਰਹੀ।

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਪੇਸ਼ ਮਤੇ ਨੂੰ ਸਦਨ ਨੇ ਬਹਿਸ ਮਗਰੋਂ ਪਾਸ ਕਰ ਦਿੱਤਾ। ਸਰਕਾਰੀ ਮਤੇ 'ਚ ਸਦਨ ਨੇ ਸਿਫ਼ਾਰਸ਼ ਕੀਤੀ ਕਿ ਸੂਬਾ ਸਰਕਾਰ ਕੇਂਦਰ ਤੋਂ ਨਵਾਂ ਐਕਟ ਵਾਪਸ ਲੈਣ ਦੀ ਮੰਗ ਕਰੇ, ਸਕੀਮ ਨੂੰ ਅਧਿਕਾਰ ਆਧਾਰਿਤ ਰੂਪ 'ਚ ਬਹਾਲ ਕੀਤਾ ਜਾਵੇ, ਗ਼ਰੀਬ ਪਰਿਵਾਰਾਂ ਲਈ ਗਾਰੰਟੀਸ਼ੁਦਾ ਕੰਮ ਅਤੇ ਉਜਰਤ ਯਕੀਨੀ ਬਣਾਈ ਜਾਵੇ। ਇਹ ਵੀ ਕਿਹਾ ਗਿਆ ਕਿ ਨਵੇਂ ਐਕਟ ਨਾਲ ਜਿੱਥੇ ਸੂਬਿਆਂ 'ਤੇ ਵਿੱਤੀ ਬੋਝ ਵਧੇਗਾ, ਉੱਥੇ ਮਗਨਰੇਗਾ ਦੀ ਖ਼ੁਦਮੁਖ਼ਤਾਰੀ ਨੂੰ ਵੀ ਢਾਹ ਲੱਗੇਗੀ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਰਕਾਰੀ ਮਤਾ ਅਤੇ ਤਿੰਨ ਅਹਿਮ ਬਿੱਲ ਪਾਸ ਹੋਣ ਮਗਰੋਂ ਸਦਨ ਅਣਮਿੱਥੇ ਸਮੇਂ ਲਈ ਉਠਾ ਦਿੱਤਾ। ਹਾਕਮ ਧਿਰ ਨੇ ਮਗਨਰੇਗਾ ਸਕੀਮ 'ਚ ਤਬਦੀਲੀ ਖ਼ ?ਲਾਫ਼ ਸ਼ ?ਰੋਮਣੀ ਅਕਾਲੀ ਦਲ ਦੀ ਚੁੱਪ 'ਤੇ ਵੀ ਸਵਾਲ ਚੁੱਕੇ।

ਸਦਨ 'ਚ ਜਦੋਂ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਨਵੇਂ ਕੇਂਦਰੀ ਐਕਟ 'ਚ ਦਲਿਤ ਵਰਗ ਨੂੰ ਮਾਰ ਪੈਣ ਦੀ ਗੱਲ ਕਹੀ ਤਾਂ ਕਾਂਗਰਸੀ ਵਿਧਾਇਕਾ ਅਰੁਣਾ ਚੌਧਰੀ ਨੇ ਸਪੱਸ਼ਟ ਕੀਤਾ ਕਿ ਮਗਨਰੇਗਾ ਸਕੀਮ ਇਕੱਲੇ ਦਲਿਤਾਂ ਲਈ ਨਹੀਂ ਬਲਕਿ ਹਰ ਵਰਗ ਨੂੰ ਰੁਜ਼ਗਾਰ ਦਾ ਮੌਕਾ ਦਿੰਦੀ ਹੈ। ਕੇਂਦਰ ਹੁਣ ਤੱਕ 23 ਸਕੀਮਾਂ ਦੇ ਨਾਮ ਬਦਲ ਚੁੱਕਾ ਹੈ। ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਮਗਨਰੇਗਾ ਸਕੀਮ ਨੂੰ ਖ਼ਤਮ ਕਰ ਕੇ ਗ਼ਰੀਬਾਂ ਦੀ ਰੋਜ਼ੀ ਰੋਟੀ ਖੋਹਣ ਦੇ ਰਾਹ ਪਈ ਹੈ। ਉਨ੍ਹਾਂ ਮਨਗਰੇਗਾ ਵਰਕਰ ਚਰਨਜੀਤ ਕੌਰ ਦੀ ਭਾਵੁਕ ਚਿੱਠੀ ਵੀ ਪੜ੍ਹੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਇਹ ਪਹੁੰਚ ਸਹਿਕਾਰੀ ਸੰਘੀ ਢਾਂਚੇ ਨੂੰ ਤਬਾਹ ਕਰ ਰਹੀ ਹੈ ਅਤੇ ਸੂਬਿਆਂ ਤੋਂ ਹੱਕ ਖੋਹ ਰਹੀ ਹੈ। ਸ੍ਰੀ ਚੀਮਾ ਨੇ ਪੰਜਾਬ ਸਰਕਾਰ ਵੱਲੋਂ ਦਲਿਤ ਭਲਾਈ ਲਈ ਚੁੱਕੇ ਕਦਮਾਂ ਦਾ ਵੇਰਵਾ ਵੀ ਸਦਨ 'ਚ ਸਾਂਝਾ ਕੀਤਾ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪਹਿਲਾਂ ਮਗਨਰੇਗਾ ਮੰਗ-ਆਧਾਰਿਤ ਸੀ ਅਤੇ ਮਜ਼ਦੂਰਾਂ ਦੀ ਲੋੜ ਅਨੁਸਾਰ ਉਨ੍ਹਾਂ ਨੂੰ ਕੰਮ ਦੀ ਗਾਰੰਟੀ ਦਿੱਤੀ ਜਾਂਦੀ ਸੀ, ਹੁਣ ਇਸ ਨੂੰ ਸਪਲਾਈ-ਅਧਾਰਿਤ ਬਣਾ ਦਿੱਤਾ ਗਿਆ ਹੈ। ਅਕਾਲੀ-ਭਾਜਪਾ ਅਤੇ ਕਾਂਗਰਸ ਦੇ ਕਾਰਜਕਾਲ ਦੌਰਾਨ ਮਗਨਰੇਗਾ ਸਕੀਮ 'ਚ ਕਾਫ਼ੀ ਘਪਲੇ ਹੋਏ ਸਨ। ਸ੍ਰੀ ਅਰੋੜਾ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਖ਼ਾਸ ਕਰਕੇ ਗਿੱਦੜਬਾਹਾ, ਮੁਕਤਸਰ ਅਤੇ ਅਬੋਹਰ ਹਲਕੇ 'ਚ ਹੋਏ ਘਪਲਿਆਂ ਦੀ ਜਾਂਚ ਕਰਾਈ ਜਾਵੇ। ਉਨ੍ਹਾਂ ਦੱਸਿਆ ਕਿ 2005 ਤੋਂ ਪੰਜਾਬ ਨੂੰ ਮਗਨਰੇਗਾ ਤਹਿਤ 11,700 ਕਰੋੜ ਰੁਪਏ ਪ੍ਰਾਪਤ ਹੋਏ ਹਨ। ਅਕਾਲੀ-ਭਾਜਪਾ ਗੱਠਜੋੜ ਦੇ 10 ਸਾਲਾਂ ਦੌਰਾਨ ਪੰਜਾਬ ਵਿੱਚ ਸਿਰਫ਼ 1988 ਕਰੋੜ ਰੁਪਏ ਖ਼ਰਚੇ ਗਏ ਅਤੇ ਕਾਂਗਰਸ ਦੇ 5 ਸਾਲਾਂ ਵਿੱਚ ਮਗਨਰੇਗਾ ਤਹਿਤ 4708 ਕਰੋੜ ਰੁਪਏ ਵਰਤੇ ਗਏ। 'ਆਪ' ਸਰਕਾਰ ਦੇ ਸਾਢੇ ਤਿੰਨ ਸਾਲਾਂ 'ਚ 5,131 ਕਰੋੜ ਰੁਪਏ ਇਸ ਸਕੀਮ ਤਹਿਤ ਖ਼ਰਚੇ ਗਏ। ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਮਗਨਰੇਗਾ ਸਕੀਮ 'ਚ 17 ਸਾਲ ਤੋਂ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ।

ਇਸੇ ਦੌਰਾਨ ਪੰਜਾਬ ਵਿਧਾਨ ਸਭਾ 'ਚ ਸਰਕਾਰੀ ਮਤੇ 'ਤੇ ਬਹਿਸ ਨੂੰ ਸਮੇਟਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਫ਼ਸਲਾਂ ਦੇ ਸਰਕਾਰੀ ਭਾਅ ਤੇ ਕਾਨੂੰਨੀ ਗਾਰੰਟੀ ਤਾਂ ਕੀ ਦੇਣੀ ਸੀ, ਹੁਣ ਮਜ਼ਦੂਰਾਂ ਤੋਂ ਰੁਜ਼ਗਾਰ ਦੀ ਗਾਰੰਟੀ ਖੋਹ ਲਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਗ਼ਰੀਬਾਂ ਦੇ ਹੱਕਾਂ 'ਤੇ ਡਾਕਾ ਨਹੀਂ ਵੱਜਣ ਦੇਵੇਗੀ ਅਤੇ ਹਰ ਪੱਧਰ 'ਤੇ ਲੜਾਈ ਲੜੇਗੀ। ਉਨ੍ਹਾਂ ਸਿਆਸੀ ਧਿਰਾਂ ਨੂੰ ਕਿਹਾ ਕਿ ਇਹ ਸਮਾਂ ਸਿਰ ਜੋੜ ਕੇ ਬੈਠਣ ਦਾ ਹੈ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਚਹੇਤੇ ਉਦਯੋਗਪਤੀਆਂ ਨੂੰ ਲਾਭ ਪਹੁੰਚਾਉਣ ਵਾਲੀ ਨੀਤੀ ਦਾ ਹਿੱਸਾ ਹੈ। ਭਾਜਪਾ 'ਪੰਜਾਬ ਵਿਰੋਧੀ ਮਾਨਸਿਕਤਾ' ਤੋਂ ਪੀੜਤ ਹੈ। ਉਨ੍ਹਾਂ ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਅਤੇ ਬੀ ਬੀ ਐੱਮ ਬੀ ਵਰਗੇ ਮੁੱਦਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਮੋਦੀ ਸਰਕਾਰ ਪੰਜਾਬ ਨੂੰ ਨੁਕਸਾਨ ਪਹੁੰਚਾਉਣ 'ਤੇ ਤੁਲੀ ਹੋਈ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਕਾਨੂੰਨ ਨੂੰ ਵਾਪਸ ਲਿਆ ਜਾਵੇ। ਸ਼ ?ਰੋਮਣੀ ਅਕਾਲੀ ਦਲ ਦੀ ਚੁੱਪ ਵੀ ਇਸ ਗੱਲ ਦੀ ਗਵਾਹ ਹੈ ਕਿ ਭਾਜਪਾ ਦੇ ਇਸ ਘਿਨਾਉਣੇ ਪਾਪ 'ਚ ਅਕਾਲੀ ਦਲ ਵੀ ਸ਼ਾਮਲ ਹੈ। ਉਨ੍ਹਾਂ ਕਾਂਗਰਸੀ ਆਗੂਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜਦੋਂ ਕੁਝ ਆਗੂ ਲੋਕ ਭਲਾਈ ਦੀਆਂ ਗੱਲਾਂ ਕਰਦੇ ਹਨ, ਉੱਥੇ ਕਾਂਗਰਸ ਲੀਡਰਸ਼ਿਪ ਸਿਰਫ਼ ਆਪਣੇ ਹਿੱਤਾਂ ਵਿੱਚ ਰੁੱਝੀ ਹੋਈ ਹੈ। ਮੁੱਖ ਮੰਤਰੀ ਨੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਸੱਤਾ ਦਾ ਭੁੱਖੇ ਨੇਤਾ ਕਰਾਰ ਦਿੰਦਿਆਂ ਕਿਹਾ ਕਿ ਉਹ ਮੀਡੀਆ ਵਿੱਚ ਸੁਰਖ਼ੀਆਂ ਬਟੋਰਨ ਲਈ ਸਦਨ ਦੀ ਮਰਿਆਦਾ ਵੀ ਨਹੀਂ ਮੰਨਦੇ।

ਸਦਨ ਵਿੱਚ ਤਿੰਨ ਬਿੱਲ ਪਾਸ :ਪੰਜਾਬ ਵਿਧਾਨ ਸਭਾ ਵਿੱਚ ਅੱਜ ਮਾਲ ਵਿਭਾਗ ਨਾਲ ਸਬੰਧਤ ਤਿੰਨ ਅਹਿਮ ਬਿੱਲ ਮਾਮੂਲੀ ਬਹਿਸ ਮਗਰੋਂ ਸਰਬਸੰਮਤੀ ਨਾਲ ਪਾਸ ਕਰ ਦਿੱਤੇ ਗਏ। ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਇਹ ਬਿੱਲ ਸਦਨ ਵਿੱਚ ਪੇਸ਼ ਕੀਤੇ। ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਅਤੇ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਕੁਝ ਨੁਕਤਿਆਂ 'ਤੇ ਬਹਿਸ ਕੀਤੀ। ਮਗਰੋਂ ਸਰਬਸੰਮਤੀ ਨਾਲ 'ਦਿ ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧ) ਬਿੱਲ-2025', 'ਪੰਜਾਬ ਆਬਾਦੀ ਦੇਹ (ਰਿਕਾਰਡ ਆਫ਼ ਰਾਈਟਸ) ਸੋਧ ਬਿੱਲ-2025' ਅਤੇ 'ਪੰਜਾਬ ਭੌਂ ਮਾਲੀਆ (ਸੋਧ) ਬਿੱਲ-2025' ਪਾਸ ਕਰ ਦਿੱਤੇ ਗਏ। ਮੁੰਡੀਆਂ ਨੇ ਦੱਸਿਆ ਕਿ ਦਿ ਇੰਡੀਅਨ ਸਟੈਂਪ ਐਕਟ-1899 ਵਿੱਚ ਕੀਤੀ ਗਈ ਸੋਧ ਦਾ ਮਕਸਦ ਟਾਈਟਲ ਡੀਡ ਜਮ ?ਹਾਂ ਕਰਨ, ਹਾਈਪੌਥੀਕੇਸ਼ਨ ਅਤੇ ਇਕੁਏਟੇਬਲ ਮੌਰਗੇਜ ਨਾਲ ਜੁੜੀ ਸਟੈਂਪ ਡਿਊਟੀ ਨੂੰ ਤਰਕਸੰਗਤ ਬਣਾਉਣਾ ਹੈ।

### ਮਾਰਸ਼ਲਾਂ ਨੇ ਖਹਿਰਾ ਨੂੰ ਸਦਨ 'ਚੋਂ ਕੱਢਿਆ

ਚੰਡੀਗੜ੍ਹ: ਮੁੱਖ ਮੰਤਰੀ ਭਗਵੰਤ ਮਾਨ ਦੇ ਭਾਸ਼ਣ 'ਚ ਵਿਘਨ ਪਾਉਣ 'ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਹੁਕਮਾਂ 'ਤੇ ਮਾਰਸ਼ਲਾਂ ਨੇ ਹਲਕਾ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਸਦਨ 'ਚੋਂ ਬਾਹਰ ਕੱਢ ਦਿੱਤਾ। ਮਾਨ ਦੇ ਭਾਸ਼ਣ ਤੋਂ ਪਹਿਲਾਂ ਖਹਿਰਾ ਨੇ ਬੋਲਣ ਦਾ ਸਮਾਂ ਨਾ ਮਿਲਣ 'ਤੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਸਪੀਕਰ ਦੇ ਅੱਗੇ ਵੈੱਲ ਵਿੱਚ ਆ ਗਏ। ਸਪੀਕਰ ਨੇ ਸਪੱਸ਼ਟ ਕੀਤਾ ਕਿ ਕਾਂਗਰਸ ਨੂੰ ਬਣਦੇ ਸਮੇਂ ਤੋਂ ਵੱਧ ਸਮਾਂ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਖ਼ੁਦ ਹੀ ਖਹਿਰਾ ਦਾ ਨਾਮ ਕੱਟ ਦਿੰਦੀ ਹੈ। ਜਦੋਂ ਸਪੀਕਰ ਨੇ ਖਹਿਰਾ ਨੂੰ 'ਨੇਮ' ਕੀਤਾ ਤਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸਮੇਤ ਹੋਰ ਕਾਂਗਰਸੀ ਵਿਧਾਇਕ ਵੀ ਹਮਾਇਤ ਵਿੱਚ ਆ ਗਏ। ਬਰਨਾਲਾ ਤੋਂ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਉਰਫ਼ ਕਾਲਾ ਢਿੱਲੋਂ ਦੇ ਢਾਲ ਬਣਨ ਕਾਰਨ ਮਾਰਸ਼ਲਾਂ ਨੂੰ ਕਾਫ਼ੀ ਜੱਦੋ-ਜਹਿਦ ਕਰਨੀ ਪਈ ਅਤੇ ਇਸ ਦੌਰਾਨ ਖਿੱਚ-ਧੂਹ ਵੀ ਹੋਈ।

### ਜੀ ਰਾਮ ਜੀ ਖ਼ਿਲਾਫ਼ ਮਤਾ ਗ਼ੈਰ-ਸੰਵਿਧਾਨਕ: ਚੌਹਾਨ

ਭੋਪਾਲ: ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਵਿਧਾਨ ਸਭਾ ਵਿੱਚ ਵੀ ਬੀ-ਜੀ ਰਾਮ ਜੀ ਐਕਟ ਖਿਲਾਫ਼ ਮਤਾ ਲਿਆਉਣ ਨੂੰ ਗੈਰ-ਜਮਹੂਰੀ ਅਤੇ ਸੰਵਿਧਾਨ ਦੀ ਮੂਲ ਭਾਵਨਾ ਦੇ ਖਿਲਾਫ਼ ਕਰਾਰ ਦੱਤਾ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸੰਸਦ ਵੱਲੋਂ ਪਾਸ ਕਾਨੂੰਨ ਨੂੰ ਮੰਨਣਾ ਸੂਬਿਆਂ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਸ੍ਰੀ ਚੌਹਾਨ ਨੇ ਪੰਜਾਬ ਵਿਧਾਨ ਸਭਾ ਵਿੱਚ ਇਸ ਕਾਨੂੰਨ ਦੇ ਵਿਰੋਧ ਵਿੱਚ ਲਿਆਂਦੇ ਮਤੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ 'ਸਿਰਫ ਅੰਨ੍ਹੇ ਵਿਰੋਧ' ਦੀ ਸਿਆਸਤ ਹੈ ਅਤੇ ਕੁਝ ਲੋਕ ਮਹਿਜ਼ ਵਿਰੋਧ ਲਈ ਇਸ ਦਾ ਵਿਰੋਧ ਕਰ ਰਹੇ ਹਨ, ਜਿਸ ਦਾ ਜਮਹੂਰੀਅਤ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਇਕ ਰਿਪੋਰਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਮਗਨਰੇਗਾ ਸਮੇਤ ਕਈ ਯੋਜਨਾਵਾ ਵਿੱਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਦੇ ਮਾਮਲੇ ਸਾਹਮਣੇ ਆਏ ਪਰ ਨਾ ਤਾਂ ਦੋਸ਼ੀਆਂ ਖ਼ ?ਲਾਫ ਕੋਈ ਕਾਰਵਾਈ ਕੀਤੀ ਗਈ ਅਤੇ ਨਾ ਹੀ ਘੁਟਾਲੇ ਦੀ ਰਾਸ਼ੀ ਵਸੂਲੀ ਗਈ।

## ਕਿਸਾਨ ਮਜ਼ਦੂਰ ਮੋਰਚਾ ਨੇ ਕੇਂਦਰ ਦੇ ਪੁਤਲੇ ਫੂਕੇ



ਚੰਡੀਗੜ੍ਹ : ਕੇਂਦਰ ਵੱਲੋਂ ਮਗਨਰੇਗਾ ਨੂੰ ਖ਼ਤਮ ਕਰ ਕੇ ਨਵੇਂ ਲਿਆਂਦੇ ਜੀ ਰਾਮ ਜੀ ਕਾਨੂੰਨ ਖ਼ਿਲਾਫ਼ ਕਿਸਾਨ ਮਜ਼ਦੂਰ ਮੋਰਚਾ ਨੇ ਪੰਜਾਬ ਦੇ 18 ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨ ਤਾਰਨ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਮੋਗਾ, ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਲੁਧਿਆਣਾ, ਮੁਹਾਲੀ, ਮਾਲੇਰਕੋਟਲਾ, ਪਟਿਆਲਾ, ਸੰਗਰੂਰ, ਮਾਨਸਾ, ਮੁਕਤਸਰ ਤੇ ਨਵਾਂਸ਼ਹਿਰ ਵਿੱਚ ਮੁਜ਼ਾਹਰੇ ਕਰ ਕੇ ਕੇਂਦਰ ਸਰਕਾਰ ਦੇ ਪੁਤਲੇ ਫੂਕੇ। ਮੋਰਚੇ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਜੀ ਰਾਮ ਜੀ ਕਾਨੂੰਨ ਮਜ਼ਦੂਰਾਂ ਤੇ ਪਛੜਿਆਂ ਦਾ ਰੁਜ਼ਗਾਰ ਖੋਹਣ ਵਾਲਾ ਹੈ। ਆਗੂਆਂ ਨੇ ਮਗਨਰੇਗਾ ਬਹਾਲ ਕਰਨ ਦੀ ਮੰਗ ਕੀਤੀ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 30 ਦਸੰਬਰ ਨੂੰ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ 'ਚ ਜੀ ਰਾਮ ਜੀ ਨੂੰ ਵਾਪਸ ਲੈਣ ਲਈ ਮਤਾ ਪਾਸ ਕੀਤਾ ਜਾਵੇ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ, ਬੀ ਕੇ ਯੂ ਬਹਿਰਾਮ ਕੇ, ਬੀ ਕੇ ਯੂ ਆਜ਼ਾਦ ਨੇ ਸ਼ਮੂਲੀਅਤ ਕੀਤੀ।

## ਵਿਧਾਨ ਸਭਾ ਦੇ ਬਾਹਰ ਵਿਰੋਧੀਆਂ ਨੇ ਸਰਕਾਰ ਘੇਰੀ

### ਸੁਖਪਾਲ ਖਹਿਰਾ ਨੇ ਸੈਸ਼ਨ ਵਿੱਚ ਬੋਲਣ ਲਈ ਸਮਾਂ ਨਾ ਦੇਣ ਦੇ ਦੋਸ਼ ਲਾਏ



ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਬਾਹਰ ਵਿਰੋਧੀ ਧਿਰਾਂ ਵੱਲੋਂ ਪੰਜਾਬ ਸਰਕਾਰ ਦੀ ਘੇਰਾਬੰਦੀ ਕੀਤੀ ਗਈ। ਵਿਧਾਨ ਸਭਾ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਦੋਸ਼ ਲਾਇਆ ਕਿ 2014 ਤੋਂ ਬਾਅਦ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਮਗਨਰੇਗਾ ਅਧੀਨ ਫੰਡਾਂ 'ਚ ਲਗਾਤਾਰ ਕਟੌਤੀ ਕੀਤੀ ਅਤੇ ਭੁਗਤਾਨ ਵਿੱਚ ਦੇਰੀ ਕਰ ਕੇ ਕਈ ਤਰ੍ਹਾਂ ਦੀਆਂ ਪ੍ਰਸ਼ਾਸਕੀ ਰੁਕਾਵਟਾਂ ਖੜ੍ਹੀਆਂ ਕੀਤੀਆਂ ਹਨ। ਇਸੇ ਕਰਕੇ ਪੰਜਾਬ ਵਿੱਚ ਲੋਕਾਂ ਨੂੰ 100 ਦਿਨ ਰੁਜ਼ਗਾਰ ਨਹੀਂ ਮਿਲ ਸਕਿਆ। ਉਨ੍ਹਾਂ ਕਿਹਾ ਕਿ ਮਗਨਰੇਗਾ ਦੀ ਥਾਂ ਲਿਆਂਦਾ 'ਜੀ ਰਾਮ ਜੀ' ਕਾਨੂੰਨ ਬਗ਼ੈਰ ਕਿਸੇ ਸਲਾਹ-ਮਸ਼ਵਰੇ ਤੋਂ ਲਿਆ ਕੇ ਜਬਰੀ ਪਾਸ ਕਰਵਾਇਆ ਗਿਆ। ਇਹ ਕਾਨੂੰਨ ਸੰਘੀ ਢਾਂਚੇ ਨੂੰ ਕਮਜ਼ੋਰ ਕਰਦਾ ਹੈ ਅਤੇ ਰਾਜਾਂ 'ਤੇ ਵਿੱਤੀ ਬੋਝ ਪਾਉਂਦਾ ਹੈ। ਵਿਰੋਧੀ ਧਿਰ ਦੇ ਆਗੂ ਨੇ ਪੰਜਾਬ ਸਰਕਾਰ ਵੱਲੋਂ ਰੈਗੂਲਰ ਸੈਸ਼ਨ ਬੁਲਾਉਣ ਦੀ ਥਾਂ ਵਿਸ਼ੇਸ਼ ਸੈਸ਼ਨ ਸੱਦਣ ਦੀ ਨਿਖੇਧੀ ਕੀਤੀ। ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵਿਧਾਨ ਸਭਾ 'ਚੋਂ ਬਾਹਰ ਕੱਢਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਵਿਧਾਨ ਸਭਾ ਵਿੱਚ ਪੰਜਾਬ ਅਤੇ ਪੰਜਾਬ ਦੇ ਮੁੱਦਿਆਂ ਬਾਰੇ ਗੱਲਬਾਤ ਰੱਖਣਾ ਚਾਹੁੰਦੇ ਸਨ ਕਿ ਕਿਸ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਪਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਉਨ੍ਹਾਂ ਨੂੰ ਬੋਲਣ ਦਾ ਸਮਾਂ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸ੍ਰੀ ਆਨੰਦਪੁਰ ਸਾਹਿਬ ਵਿੱਚ ਵਿਸ਼ੇਸ਼ ਇਜਲਾਸ ਵਿੱਚ ਵੀ ਉਸ ਨੂੰ ਬੋਲਣ ਦਾ ਸਮਾਂ ਨਹੀਂ ਦਿੱਤਾ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਗਾਤਾਰ ਸੂਬਿਆਂ ਦੇ ਅਧਿਕਾਰਾਂ 'ਤੇ ਡਾਕਾ ਮਾਰਿਆ ਜਾ ਰਿਹਾ ਹੈ ਪਰ ਪੰਜਾਬ ਸਰਕਾਰ ਉਸ ਬਾਰੇ ਕੁਝ ਵੀ ਬੋਲਣ ਵਿੱਚ ਨਾਕਾਮ ਰਹੀ ਹੈ।



## ਪੰਜਾਬੀ ਸਾਹਿਤ ਸਭਿਆਚਾਰ ਦੀ ਦੁਨੀਆਂ 'ਚ ਜਾਣੀ ਪਹਿਚਾਣੀ ਸ਼ਖ਼ਸੀਅਤ - ਡਾ. ਗੁਰਪਾਲ ਸਿੰਘ ਸੰਧੂ: ਇੱਕ ਜਾਣ-ਪਛਾਣ

ਡਾ. ਗੁਰਪਾਲ ਸਿੰਘ ਸੰਧੂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪੰਜਾਬੀ ਸਕੂਲ ਆਫ ਸਟੱਡੀਜ਼ ਵਿਭਾਗ ਦੇ ਮੁਖੀ ਹਨ। ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕੀਤੀ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਡੂੰਘੀ ਮੁਹਾਰਤ ਰੱਖਦੇ ਹਨ। ਡਾ. ਸੰਧੂ ਇੱਕ ਉੱਘੇ ਖੋਜਕਾਰ, ਆਲੋਚਕ ਅਤੇ ਇੱਕ ਪ੍ਰੇਰਣਾਦਾਇਕ ਅਧਿਆਪਕ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਖੋਜ ਦੇ ਮੁੱਖ ਵਿਸ਼ਿਆਂ ਵਿੱਚ ਪੰਜਾਬੀ ਲੋਕਧਾਰਾ, ਮੱਧਕਾਲੀ ਸਾਹਿਤ ਅਤੇ ਆਧੁਨਿਕ ਪੰਜਾਬੀ ਕਵਿਤਾ ਸ਼ਾਮਲ ਹਨ। ਉਹਨਾਂ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕੀਤੇ ਹਨ ਅਤੇ ਉਹਨਾਂ ਦੇ ਲੇਖ ਵੱਖ-ਵੱਖ ਵੱਕਾਰੀ ਰਸਾਲਿਆਂ ਵਿੱਚ ਛਪ ਚੁੱਕੇ ਹਨ। ਆਪਣੇ ਅਧਿਆਪਨ ਅਤੇ ਖੋਜ ਕਾਰਜਾਂ ਰਾਹੀਂ, ਡਾ. ਸੰਧੂ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਵਿਰਸੇ ਪ੍ਰਤੀ ਚੇਤਨਾ ਅਤੇ ਪਿਆਰ ਪੈਦਾ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਕਈ ਵਿਦਿਆਰਥੀ ਐਮ.ਫਿਲ ਅਤੇ ਪੀਐਚ.ਡੀ. ਦੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ। ਪੰਜਾਬੀ ਅਕਾਦਮਿਕਤਾ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਅਸੀਂ ਉਨ੍ਹਾਂ ਦੇ ਅਮਰੀਕੀ ਤੇ ਪੰਜਾਬੀ ਸਾਹਿਤ ਦੇ ਰੰਗ ਨੂੰ 'ਸਾਡੇ ਲੋਕ' ਦੇ ਪਾਠਕਾਂ ਲਈ ਲੜੀਵਾਰ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾ : ਸਤਨਾਮ ਸਿੰਘ ਖਾਲਸਾ

### ਅਮਰੀਕੀ ਜ਼ਮੀਨ 'ਤੇ ਪੰਜਾਬੀ ਸਾਹਿਤ ਦਾ ਨਵਾਂ ਰੰਗ:

ਪੇਸ਼ ਹੈ ਪ੍ਰਸਿੱਧ ਵਿਦਵਾਨ ਡਾ. ਗੁਰਪਾਲ ਸਿੰਘ ਸੰਧੂ ਦਾ ਖੋਜ ਭਰਪੂਰ ਲੇਖ, ਜੋ ਅਮਰੀਕੀ ਪੰਜਾਬੀ ਸਾਹਿਤ ਦੇ ਇੱਕ ਦਿਲਚਸਪ ਅਤੇ ਉੱਭਰ ਰਹੇ ਰੁਝਾਨ 'ਤੇ ਚਾਨਣਾ ਪਾਉਂਦਾ ਹੈ। ਜਿੱਥੇ ਪੰਜਾਬ ਵਿੱਚ ਇੱਕੋ ਲੇਖਕ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ (ਜਿਵੇਂ ਕਵਿਤਾ, ਕਹਾਣੀ, ਨਾਵਲ ਆਦਿ) ਵਿੱਚ ਇੱਕੋ ਸਮੇਂ ਲਿਖਣ ਦੀ ਪਰੰਪਰਾ ਮੱਧਮ ਪੈ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਵੱਸਦੇ ਪੰਜਾਬੀ ਲੇਖਕ ਇਸ 'ਬਹੁ-ਵਿਧਾਈ ਸਿਰਜਣਾ' ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੇ ਹਨ। ਇਸ ਲੇਖ ਵਿੱਚ, ਲੇਖਕ ਨੇ ਚਾਰ ਪ੍ਰਮੁੱਖ ਅਮਰੀਕੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਹੋਏ ਇਹ ਦਰਸਾਇਆ ਹੈ ਕਿ ਕਿਵੇਂ ਉਹ ਵੱਖ-ਵੱਖ ਸਾਹਿਤਕ ਰੂਪਾਂ ਨੂੰ ਇੱਕੋ ਸਮੇਂ ਵਰਤ ਕੇ ਪੰਜਾਬੀ ਸਾਹਿਤ ਲਈ ਨਵੀਆਂ ਸੰਭਾਵਨਾਵਾਂ ਸਿਰਜ ਰਹੇ ਹਨ। ਆਓ ਪੜ੍ਹੀਏ ਇਹ ਵਿਸਤ੍ਰਿਤ ਵਿਸ਼ਲੇਸ਼ਣ...

# ਅਮਰੀਕੀ ਪੰਜਾਬੀ ਸਾਹਿਤ ਸਿਰਜਣਾ ਦੀ ਬਹੁ-ਵਿਧਾਈ ਰਚਨਾ-ਵਿਉਂਤ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸੁਰਿੰਦਰ ਸੋਹਲ ਦੀ ਗਲਪੀ ਭਾਸ਼ਾ ਦੀ ਇਹ ਸੰਕੇਤਾਰਥੀ ਬਿਰਤਾਂਤਕ ਨੁਹਾਰ ਨਾਲ ਹੀ ਉਸਦੇ ਨਾਵਲ 'ਸਿੰਘਾਸਨ' ਵਿਚ ਸੰਕੇਤਾਂ ਦੀ ਜ਼ੁਬਾਨ ਨਾਲ ਬੁਣਿਆ ਹੋਇਆ ਬਿਰਤਾਂਤ ਲੈ ਕੇ ਸਾਹਮਣੇ ਆਉਂਦਾ ਹੈ। ਇਹ ਨਾਵਲ ਮੁੱਖ ਰੂਪ ਵਿਚ ਫੈਂਟਸੀ ਦੀ ਜੁਗਤ ਨਾਲ ਬਿਰਤਾਂਤ ਦੀ ਸਿਰਜਣਾ ਕਰਦਾ ਹੈ। ਇਸ ਕਰਕੇ, ਉਪਰੋਕਤ ਗਲਪੀ ਭਾਸ਼ਾ ਇਸ ਨਾਵਲ ਦੇ ਬਿਰਤਾਂਤ ਵਿਚ ਅਮਰੀਕੀ ਸਮਾਜਿਕ ਯਥਾਰਥ ਦੇ ਉਹਨਾਂ ਅਦ੍ਰਿਸ਼ ਪਾਸਾਰਾਂ ਤੇ ਅਰਥ-ਘੇਰਿਆਂ ਨੂੰ ਸੰਚਾਰਤ ਕਰਨ ਵਿਚ ਸਫ਼ਲ ਹੋ ਜਾਂਦੀ ਹੈ, ਜਿਸਨੂੰ ਛੋਹਣ ਤੋਂ ਪ੍ਰਚਲਤ ਗਲਪੀ ਭਾਸ਼ਾ ਆਮ ਤੌਰ 'ਤੇ ਹਿਚਕਚਾਉਂਦੀ ਵੀ ਹੈ ਅਤੇ ਕਈ ਵੇਰ ਕੋਸ਼ਿਸ਼ ਕਰਨ ਉਪਰੰਤ ਵੀ ਉਸ ਪੱਧਰ ਦੇ ਅਰਥ ਸੰਚਾਰਨ ਵਿਚ ਕਾਮਯਾਬ ਨਹੀਂ ਹੁੰਦੀ। ਇਹ ਸਿਲਸਿਲਾ ਉਸਦੇ ਵਾਰਤਕ ਤੇ ਰੇਖਾ-ਚਿੱਤਰਾਂ ਦੇ ਸੰਗ੍ਰਹਿ 'ਚਿਤੁ ਲੇਖਾਰੀ' ਦੇ ਬਿਰਤਾਂਤ ਦੀ ਭਾਸ਼ਾ ਵਿਚ ਵੀ ਨਿਰੰਤਰ ਕਾਇਮ ਰਹਿੰਦਾ ਹੈ। ਸੋਹਲ ਦੇ ਰੇਖਾ-ਚਿੱਤਰ ਸੰਵੇਦਨਸ਼ੀਲ ਵਿਅਕਤੀਆਂ ਅਤੇ ਕਵੀਆਂ ਬਾਰੇ ਹੋਣ ਕਰਕੇ ਕਾਵਿਕ ਗੁਣਾਂ ਨਾਲ ਲਬਰੇਜ਼ ਇਹ ਵਾਰਤਕੀ ਬਿਰਤਾਂਤ ਅਜਿਹੇ ਅਰਥਾਂ ਦੀ ਰਚਨਾ ਕਰਦੇ ਹਨ, ਜੋ ਇਕੋ ਵੇਲੇ ਸੰਬੰਧਤ ਵਿਅਕਤੀਆਂ ਤੇ ਉਨਾਂ ਦੀਆਂ ਲਿਖਤਾਂ ਦੇ ਸੰਦਰਭਾਂ ਵਿਚ ਪੁਲ ਦਾ ਕੰਮ ਕਰਦੇ ਹਨ। ਇਥੇ ਹੀ ਬਸ ਨਹੀਂ, ਉਸਦੀ ਭਾਸ਼ਾ ਦਾ ਇਹ ਸਰੂਪ ਉਸ ਦੁਆਰਾ ਰਚੇ ਗਏ ਬਾਲ ਸਾਹਿਤ ਨੂੰ ਵੀ ਸਾਰਥਕ ਸੰਦਰਭ ਪ੍ਰਦਾਨ ਕਰਦਾ ਹੋਇਆ ਬਾਲ ਮਾਨਸਿਕਤਾ ਦੇ ਵਧੇਰੇ ਨੇੜੇ ਹੋ ਜਾਂਦਾ ਹੈ।



ਅਮਰੀਕੀ ਪੰਜਾਬੀ ਸਾਹਿਤ ਦੇ ਨਵੇਂ ਪੋਚ ਵਿਚੋਂ ਨੀਲਮ ਲਾਜ ਸੈਣੀ ਇਕ ਸਰਗਰਮ ਰਚਨਾਕਾਰ ਹੈ। ਉਸਦੇ ਚਾਰ ਕਾਵਿ-ਸੰਗ੍ਰਹਿ, 'ਅਰਜੋਈ', 'ਕਾਨੀ ਦੇ ਘੁੰਗਰੂ', 'ਹਰਫਾਂ ਦੀ ਡੋਰ' ਅਤੇ 'ਅਕਸ' ਪ੍ਰਕਾਸ਼ਿਤ ਹੋ ਚੁੱਕੇ ਹਨ ਪਰ ਕਵਿਤਾ ਦੇ ਨਾਲ ਨਾਲ ਗ਼ਜ਼ਲ ਅਤੇ ਕਹਾਣੀ ਲਿਖਣ ਤੋਂ ਬਾਅਦ ਉਸਨੇ ਨਾਵਲ 'ਅਲਵਿਦਾ : ਕਦੇ ਵੀ ਨਹੀਂ...' ਨਾਲ ਅਮਰੀਕੀ ਪੰਜਾਬੀ ਨਾਵਲਕਾਰੀ ਵਿਚ ਵੀ ਪ੍ਰਵੇਸ਼ ਕਰ ਲਿਆ ਹੈ।

ਨੀਲਮ ਲਾਜ ਸੈਣੀ ਲਈ ਬੁਨਿਆਦੀ ਰੁਪਾਕਾਰ ਨਜ਼ਮ ਹੈ, ਜੋ ਪ੍ਰਗੀਤਾਤਮਕ ਤੇ ਸਰੋਦੀ ਭਾਸ਼ਾਈ ਵਿਉਂਤ ਉੱਤੇ ਆਧਾਰਤ ਹੈ। ਉਸਦੀ ਰਚਨਾਕਾਰੀ ਦਾ ਮੁੱਖ ਗੁਣ ਇਹ ਹੈ ਕਿ ਉਹ ਰਵਾਇਤੀ ਨਾਰੀਵਾਦੀ ਚਿੰਤਨ ਤੇ ਚੇਤਨਾ ਨੂੰ ਆਪਣੀ ਰਚਨਾਕਾਰੀ ਉਪਰ ਹਾਵੀ ਹੋਣ ਨਹੀਂ ਦਿੰਦੀ। ਉਹ ਅਜਿਹੀਆਂ ਮਾਨਵੀ ਸਥਿਤੀਆਂ ਦੀ ਪੇਸ਼ਕਾਰੀ ਕਰਦੀ ਹੈ, ਜਿਥੇ ਔਰਤਮੁਖੀ ਸਵੈ ਔਰਤ-ਮਰਦ ਦੇ ਸੰਤੁਲਿਤ ਰਿਸ਼ਤੇ ਤੇ ਵਿਆਹ ਤੇ ਪਰਿਵਾਰ ਦੀ ਸੰਸਥਾ ਦੇ ਅਰਥ-ਮੂਲਕ ਭਾਵ-ਪ੍ਰਬੰਧ ਵਿਚ ਸੰਯੋਜਨ ਕਰਨ ਵੱਲ ਅਗਰਸਰ ਹੁੰਦੇ ਹਨ । ਇਸੇ ਸੁਰ ਦਾ ਬਹੁਵੰਨਾ ਪਾਸਾਰ ਲਾਜ ਨੀਲਮ ਸੈਨੀ ਦੀਆਂ ਕਵਿਤਾਵਾਂ ਵਿੱਚ ਵੀ ਵਿਸ਼ੇਸ਼ ਰੂਪ ਵਿਚ ਉਭਰਦਾ ਹੈ ਅਤੇ ਉਹ ਨਿਜ਼ਾਮ ਪ੍ਰਤਿ ਨਾਬਰੀ ਦੇ ਭਾਵ ਨੂੰ ਵੀ ਉਪਰੋਕਤ ਭਾਵ ਅੰਦਰ ਸ਼ਾਮਲ ਕਰਦੀ ਰਹਿੰਦੀ ਹੈ। ਇਸੇ ਵਾਸਤੇ, ਗਾਹੇ-ਬ-ਗਾਹੇ ਉਸਦੀ ਕਵਿਤਾ ਵਿੱਚ ਔਰਤਮੁਖੀ ਸਵੈ ਦੀ ਪੇਸ਼ਕਾਰੀ ਦੇ ਸਮਵਿੱਥ ਨਿਜ਼ਾਮ ਪ੍ਰਤਿ ਨਾਬਰੀ ਦਾ ਭਾਵ ਆਪਣੀ ਸਿਆਸੀ ਸੰਘਣਤਾ ਤੇ ਗਹਿਰਾਈ ਨੂੰ ਸਭਿਆਚਾਰਕ ਪੁੱਠ ਦੇਣ ਉਪਰੰਤ ਪੇਸ਼ ਹੁੰਦਾ ਹੈ:

ਆਏ ਦਿਨ ਹੀ ਵਰਤ ਰਹੇ ਨੇ,
ਦੇਸ ਵਿਚ ਕਿਉਂ ਕਹਿਰ ਵੇ ਲੋਕੋ ?
ਕੀ ਸੱਚਮੁਚ ਹੀ ਸੱਤਾ ਪਿਆਲੀ
ਬਣੀ ਧੀਆਂ ਲਈ ਜ਼ਹਿਰ ਵੇ ਲੋਕੋ ?
ਧੀਆਂ ਲਈ ਪ੍ਰਭਾਤ ਕਿਉਂ ਸੋਗੀ,
ਸਹਿਮੀ ਕਿਉਂ ਦੁਪਹਿਰ ਵੇ ਲੋਕੋ ?

(ਲਾਜ ਨੀਲਮ ਸੈਣੀ, ਸਮਕਾਲੀ ਪਰਵਾਸੀ ਪੰਜਾਬੀ ਕਵਿਤਾ, ਪੰਨਾ 158)

'ਕਾਮਰੇਡ ਦੀ ਸਵੈ ਪੜਚੋਲ', 'ਉਬਾਮਾਂ ਦੇ ਨਾਂ' ਅਤੇ 'ਲੋਕਤੰਤਰ ਦੀ ਪਰਿਭਾਸ਼ਾ' ਆਦਿ ਕਵਿਤਾਵਾਂ ਵਿਚ ਨੀਲਮ ਲਾਜ ਸੈਣੀ ਆਪਣੀ ਕਵਿਤਾ ਨੂੰ ਸੰਜੀਦਾ ਖਿਆਲਾਂ ਦੇ ਰੂ-ਬ-ਰੂ ਕਰਦੀ ਹੈ ਅਤੇ ਇਹ ਪ੍ਰਵਿਰਤੀ ਉਸਦੀਆਂ ਕਹਾਣੀਆਂ ਵਿਚ ਵੀ ਵਿਕਸਤ ਹੁੰਦੀ ਵਿਖਾਈ ਦਿੰਦੀ ਹੈ।

(ਚਲਦਾ)

# ਪਾਕਿ ਵਿਚਲੀਆਂ ਸਿੱਖ ਯਾਦਗਾਰਾਂ ਲਈ ਬਿਹਤਰੀ ਵਾਲਾ ਰਿਹਾ ਸਾਲ 2025

ਅੰਮ੍ਰਿਤਸਰ : ਪਾਕਿਸਤਾਨ ਦੇ ਸਭ ਤੋਂ ਛੋਟੇ ਘੱਟ-ਗਿਣਤੀ ਸਿੱਖ ਭਾਈਚਾਰੇ ਲਈ ਸਾਲ 2025 ਇਕ ਬਿਹਤਰੀ ਵਾਲਾ ਵਰ੍ਹਾ ਰਿਹਾ ਹੈ। ਇਸ ਸਾਲ ਦੌਰਾਨ ਭਾਵੇਂ ਕਿ ਸ੍ਰੀ ਨਨਕਾਣਾ ਸਾਹਿਬ 'ਚ ਵਕਫ਼ ਦੀ 107 ਏਕੜ ਭੂਮੀ 'ਤੇ 600 ਕਰੋੜ ਦੀ ਲਾਗਤ ਨਾਲ ਅਰੰਭਿਆ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੀ ਉਸਾਰੀ ਦਾ ਕੰਮ ਨੇਪਰੇ ਨਹੀਂ ਚੜ੍ਹ ਸਕਿਆ ਅਤੇ ਨਾ ਹੀ ਲਾਹੌਰ ਸਥਿਤ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ 6 ਸਾਲ ਪਹਿਲਾਂ ਸੀਲ ਕੀਤੀ ਭਾਈ ਤਾਰੂ ਸਿੰਘ ਦੀ ਸਮਾਧ ਦੇ ਬੰਦ ਤਾਲੇ ਹੀ ਖੁੱਲ੍ਹ ਸਕੇ ਪਰ ਇਸ ਦੇ ਬਾਵਜੂਦ ਫੈਸਲਾਬਾਦ ਦੇ ਗੁਰਦੁਆਰਾ ਸਿੰਘ ਸਭਾ, ਮੰਡੀ ਬਹਾਉਦੀਨ ਦੇ ਗੁਰਦੁਆਰਾ ਭਾਈ ਬੰਨੂ ਅਤੇ ਕੁਝ ਹੋਰ ਗੁਰਦੁਆਰਿਆਂ ਦੀ ਨਵਉਸਾਰੀ ਦੇ ਐਲਾਨ ਜ਼ਰੂਰ ਕੀਤੇ ਜਾਂਦੇ ਰਹੇ। ਇਸ ਸਭ ਦੇ ਦੌਰਾਨ ਵਾਲਡ ਸਿਟੀ ਆਫ਼ ਲਾਹੌਰ ਅਥਾਰਿਟੀ (ਡਬਲਯੂ. ਸੀ. ਐੱਲ. ਏ.) ਵਲੋਂ ਪਾਕਿਸਤਾਨ ਵਿਚਲੇ 7 ਇਤਿਹਾਸਕ ਗੁਰਦੁਆਰਿਆਂ ਦੀ ਨਵਉਸਾਰੀ ਅਤੇ ਸੁੰਦਰੀਕਰਨ ਲਈ ਈ-ਟੈਂਡਰ ਜਾਰੀ ਕਰਨਾ ਇਕ ਬਿਹਤਰੀ ਵਾਲੀ ਖ਼ਬਰ ਰਹੀ। ਡਬਲਯੂ. ਸੀ. ਐੱਲ. ਏ. ਦੁਆਰਾ ਜਾਰੀ ਨੋਟਿਸ ਮੁਤਾਬਿਕ ਲਾਹੌਰ ਦੀ ਆਬਾਦੀ ਕਾਹਨਾ-ਨੌ ਵਿਚਲੇ ਗੁਰਦੁਆਰਾ ਬਾਬਾ ਜਮੀਅਤ ਸਿੰਘ ਦੀ ਸੰਭਾਲ-ਸੰਭਾਲ 'ਤੇ 95.84 ਲੱਖ ਰੁਪਏ, ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਲਾਹੌਰ ਦੇ ਪਿੰਡ ਜਾਹਮਨ ਵਿਚਲੀ ਯਾਦਗਾਰ ਗੁਰਦੁਆਰਾ ਰੋੜੀ ਸਾਹਿਬ 'ਤੇ 56.40 ਲੱਖ ਰੁਪਏ, ਲਾਹੌਰ ਦੇ ਪਿੰਡ ਮਾਣਕ ਵਿਚਲੀ ਯਾਦਗਾਰ ਗੁਰਦੁਆਰਾ ਪਹਿਲੀ ਪਾਤਸ਼ਾਹੀ 'ਤੇ 118.12 ਲੱਖ ਰੁਪਏ, ਜ਼ਿਲ੍ਹਾ ਗੁਜਰਾਤ ਦੇ ਗੁਰਦੁਆਰਾ ਛੇਵੀਂ ਪਾਤਸ਼ਾਹੀ 'ਤੇ 61.14 ਲੱਖ ਰੁਪਏ, ਜ਼ਿਲ੍ਹਾ ਕਸੂਰ ਦੇ ਪਿੰਡ ਕੰਗਣਪੁਰ ਦੇ ਗੁਰਦੁਆਰਾ ਮਾਲਜੀ ਸਾਹਿਬ 'ਤੇ 44.80 ਲੱਖ ਰੁਪਏ, ਲਾਹੌਰ ਦੇ ਸਰਹੱਦੀ ਪਿੰਡ ਪਡਾਣਾ ਵਿਚਲੇ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ 'ਤੇ 81.54 ਲੱਖ ਰੁਪਏ, ਜ਼ਿਲ੍ਹਾ ਸਾਹੀਵਾਲ ਦੀ ਤਹਿਸੀਲ ਹੜੱਪਾ ਦੇ ਗੁਰਦੁਆਰਾ ਨਾਨਕਸਰ 'ਤੇ 65.3 ਲੱਖ ਰੁਪਏ, ਜ਼ਿਲ੍ਹਾ ਕਸੂਰ ਦੀ ਤਹਿਸੀਲ ਲਲਿਆਣੀ ਦੇ ਗੁਰਦੁਆਰਾ ਪਹਿਲੀ ਪਾਤਸ਼ਾਹੀ 'ਤੇ 94.24 ਲੱਖ ਰੁਪਏ ਅਤੇ ਜ਼ਿਲ੍ਹਾ ਓਕਾੜਾ ਦੇ ਪਿੰਡ ਨਾਨਕ ਜਗੀਰ ਵਿਚਲੇ ਗੁਰਦੁਆਰਾ ਛੋਟਾ ਨਾਨਕਿਆਣਾ ਦੀ ਸਾਂਭ-ਸੰਭਾਲ 'ਤੇ 47.70 ਲੱਖ ਪਾਕਿਸਤਾਨੀ ਰੁਪਏ ਲਾਗਤ ਆਉਣ ਦੀ ਸੰਭਾਵਨਾ ਹੈ। ਹਾਲਾਂਕਿ, ਇਨ੍ਹਾਂ 'ਚੋਂ ਵਧੇਰੇਤਰ ਗੁਰਦੁਆਰੇ ਸੇਵਾ ਸੰਭਾਲ ਦੀ ਘਾਟ ਕਾਰਨ ਪੂਰੀ ਤਰ੍ਹਾਂ ਢਹਿ ਚੁਕੇ ਹਨ ਅਤੇ ਕਈਆਂ ਦੇ ਬਚੇ ਹੋਏ ਢਾਂਚੇ ਖੰਡਰਾਂ ਦਾ ਰੂਪ ਲੈ ਚੁਕੇ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਗੁੱਜਰਾਂਵਾਲਾ ਦੀ ਤਹਿਸੀਲ ਨੌਸ਼ਹਿਰਾ ਵਿਰਕਾਂ ਦੇ ਪਿੰਡ ਮੱਟੂ ਭਾਈ ਕੇ ਵਿਚਲੀ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦਗਾਰ ਗੁਰਦੁਆਰਾ ਖਾਰਾ ਸਾਹਿਬ, ਜ਼ਿਲ੍ਹਾ ਕਸੂਰ ਦੇ ਪਿੰਡ ਕਾਦੀਵਿੰਡ ਦੇ ਨਜ਼ਦੀਕ ਪਿੰਡ ਤਰਗੇ ਵਿਚਲੇ ਖੰਡਰ 'ਚ ਤਬਦੀਲ ਹੋ ਚੁਕੇ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਗੁਰਦੁਆਰਾ ਝਾੜੀ ਸਾਹਿਬ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਦੀ ਮੁਰੰਮਤ ਅਤੇ ਰੱਖ-ਰਖਾਅ ਦੀ ਕਾਰਵਾਈ ਵੀ ਸ਼ੁਰੂ ਕੀਤੀ ਗਈ। ਹਾਲਾਂਕਿ, ਇਸ ਦੌਰਾਨ ਰੱਖ-ਰਖਾਅ ਦੀ ਘਾਟ ਕਾਰਨ ਮਹਾਰਾਜਾ ਦੇ ਪਿਤਾ ਮਹਾਂ ਸਿੰਘ ਸੁਕਰਚੱਕੀਆ ਦੀ ਸਮਾਧ ਅਤੇ ਕੁਝ ਹੋਰ ਧਾਰਮਿਕ ਅਸਥਾਨ ਢਹਿ ਢੇਰੀ ਹੋ ਗਏ।







**ਸ੍ਰੀ ਨਨਕਾਣਾ ਸਾਹਿਬ ਤੋਂ 5 ਸਿੱਖ ਕੀਤੇ ਅਗਵਾ, ਇਕ ਦੀ ਹੋਈ ਵਾਪਸੀ :** ਸਾਲ 2025 ਦੀ ਸ਼ੁਰੂਆਤ 'ਚ ਸ੍ਰੀ ਨਨਕਾਣਾ ਸਾਹਿਬ ਵਿਖੇ ਕਿਰਾਏ ਦੇ ਘਰ 'ਚ ਰਹਿੰਦੇ ਇਕ ਸਿੱਖ ਪਰਿਵਾਰ ਦੇ ਤਿੰਨ ਮੈਂਬਰਾਂ, ਪੋਲੀਓ ਦੇ ਸ਼ਿਕਾਰ ਬਾਦਲ ਸਿੰਘ, ਭਰਾ ਸੂਰਜ ਸਿੰਘ ਅਤੇ ਉਨ੍ਹਾਂ ਦੇ ਬਜ਼ੁਰਗ ਪਿਤਾ ਮਨਮੋਹਨ ਸਿੰਘ ਨੂੰ ਖ਼ੁਫ਼ੀਆ ਏਜੰਸੀ ਆਈ. ਐੱਸ. ਆਈ. ਦੇ ਆਦੇਸ਼ਾਂ 'ਤੇ ਅੱਤਵਾਦ ਵਿਰੋਧੀ ਵਿਭਾਗ (ਸੀ. ਟੀ. ਡੀ.) ਵਲੋਂ ਨਾਟਕੀ ਢੰਗ ਨਾਲ ਅਗਵਾ ਕੀਤਾ ਗਿਆ, ਇਸ ਤੋਂ ਬਾਅਦ ਤੋਂ ਹੀ ਸਿੱਖ ਮਜ਼ਦੂਰ ਮੋਰ ਸਿੰਘ ਅਤੇ ਫਿਰ ਸੁਖਦੀਪ ਸਿੰਘ ਉਰਫ਼ ਨਿਹੰਗ ਨੂੰ ਅਗਵਾ ਕੀਤਾ ਗਿਆ। ਇਨ੍ਹਾਂ ਸਭ ਨੂੰ ਪਾਬੰਦੀਸ਼ੁਦਾ ਸੰਗਠਨ ਫ਼ਿਤਨਾ ਅਲ-ਖ਼ਵਾਰੀਜ, ਅਲ-ਜ਼ੈਨਬੀਅਨ ਅਤੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨਾਲ ਸੰਬੰਧਿਤ 'ਖ਼ੂੰਖ਼ਾਰ ਅੱਤਵਾਦੀ' ਦੱਸਿਆ ਜਾ ਰਿਹਾ ਹੈ। ਹਾਲਾਂਕਿ, ਇਨ੍ਹਾਂ 'ਚੋਂ ਮੋਰ ਸਿੰਘ ਕੁਝ ਹਫ਼ਤਿਆਂ ਬਾਅਦ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਪਾਕਿ ਸਿੱਖ ਆਗੂ ਗੋਪਾਲ ਸਿੰਘ ਚਾਵਲਾ ਵਲੋਂ ਵੀ ਆਈ. ਐੱਸ. ਆਈ. 'ਤੇ ਤੰਗ-ਪਰੇਸ਼ਾਣ ਕਰਨ ਲਈ ਨਜ਼ਰਬੰਦ ਰੱਖੇ ਜਾਣ ਦੇ ਦੋਸ਼ ਲਗਾਏ ਜਾਂਦੇ ਰਹੇ।






HAPPY NEW YEAR
2026
ਲੱਖ-ਲੱਖ ਵਧਾਈਆਂ
ਤੁਹਾਨੂੰ ਅਤੇ ਤੁਹਾਡੇ
ਪਰਿਵਾਰ ਨੂੰ ਦਸ਼ਮੇਸ਼ ਪਿਤਾ ਸਾਹਿਬ
ਸ੍ਰੀ ਗੁਰੂ ਗੋਬਿੰਦ ਸਿੰਘ
ਜੀ ਦੇ ਪ੍ਰਕਾਸ਼ ਗੁਰਪੁਰਬ
ਅਤੇ ਨਵੇਂ ਸਾਲ ਦੀਆਂ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਜਥੇਦਾਰ ਪਾਖਰ ਸਿੰਘ ਅਕਾਲੀ
Manhamir Singh Nijjar
ਜਥੇਦਾਰ ਸੌਦਾਗਰ ਸਿੰਘ ਅਕਾਲੀ
ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ
Varinder Singh Nijjar
Jagbir Singh Nijjar
ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ
ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)
ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ
ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ
ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ
ਨਿੱਝਰ ਬ੍ਰਦਰਜ਼ ਤੇ ਪਰਿਵਾਰ
ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577

# ਤਸਵੀਰ ਬਦਲਣ ਦੀ ਉਡੀਕ

ਗ੍ਰੇਗੋਰੀਅਨ ਕੈਲੰਡਰ (ਈਸਵੀ ਜੰਤਰੀ) ਮੁਤਾਬਕ ਅਸੀਂ ਨਵੇਂ ਸਾਲ ਦੀਆਂ ਬਰੂਹਾਂ ’ਤੇ ਬੈਠੇ ਹਾਂ। ਇਕੱਤੀ ਦਸੰਬਰ ਦੀ ਰਾਤ ਅਤੇ ਪਹਿਲੀ ਜਨਵਰੀ ਦੀ ਪ੍ਰਭਾਤ ਦਰਮਿਆਨ ਹੋਣ ਵਾਲੇ ਜਸ਼ਨਾਂ ਵਿਚ ਅਰਬਾਂ-ਖ਼ਰਬਾਂ ਰੁਪਏ ਫੂਕੇ ਜਾਣਗੇ। ਦਸਾਂ ਨਹੁੰਆਂ ਦੀ ਕਿਰਤ-ਕਮਾਈ ਕਰਨ ਵਾਲਿਆਂ ਲਈ ਜੰਤਰੀ ਦੀ ਬਸ ਤਰੀਕ ਬਦਲੇਗੀ, ਤਕਦੀਰ ਕਦਾਚਿਤ ਨਹੀਂ।

ਮਿਥਿਹਾਸ ਅਨੁਸਾਰ ਬੀਤ ਰਹੇ ਸਾਲ ਨੂੰ ਅਲਵਿਦਾ ਅਤੇ ਨਵੇਂ ਵਰ੍ਹੇ ਨੂੰ ਖ਼ੁਸ਼ਆਮਦੀਦ ਕਹਿਣ ਦਾ ਜਸ਼ਨ ਦੋ ਚਿਹਰਿਆਂ ਵਾਲੇ ਰੋਮਨ ਦੇਵਤਾ ਜੇਨਸ (☞▲✪☨↔) ਦੀ ਅਰਾਧਨਾ ਨਾਲ ਜੁੜਿਆ ਹੋਇਆ ਹੈ ਜਿਸ ਤੋਂ ਜਨਵਰੀ ਮਹੀਨੇ ਦਾ ਨਾਮਕਰਨ ਹੋਇਆ ਹੈ। ਜੇਨਸ ਦੇਵਤਾ ਨੂੰ ‘ਬ੍ਰਹਿਮੰਡੀ ਦਰਬਾਨ’ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਇਸ ਦਾ ਪਿਛਲਾ ਚਿਹਰਾ ਦਾੜ੍ਹੀ ਵਾਲੇ ਬਜ਼ੁਰਗ ਦਾ ਝਲਕਾਰਾ ਦਿੰਦਾ ਹੈ ਜੋ ਪਿਛਲਝਾਤ ਮਾਰਨ ਦਾ ਪ੍ਰਤੀਕ ਹੈ। ਭਾਵ, ਉਹ ਬੀਤ ਰਹੇ ਜਾਂ ਬੀਤ ਚੁੱਕੇ ਸਮੇਂ ਦਾ ਮੰਥਨ ਕਰਦਾ ਪ੍ਰਤੀਤ ਹੁੰਦਾ ਹੈ। ਉਸ ਦਾ ਅਗਲਾ ਚਿਹਰਾ ਮੁੱਛ-ਫੁੱਟ ਗੱਭਰੂ ਦਾ ਹੈ ਜੋ ਭਵਿੱਖ ਅਤੇ ਉਮੀਦ ਦਾ ਪ੍ਰਤੀਕ ਹੈ। ਉਸ ਦੇ ਇਕ ਹੱਥ ਵਿਚ ਸੋਨੇ ਤੇ ਦੂਜੇ ਹੱਥ ਚਾਂਦੀ ਦੀਆਂ ਚਾਬੀਆਂ ਦੇ ਗੁੱਛੇ ਹਨ। ਸੋਨੇ ਦੀਆਂ ਚਾਬੀਆਂ ਪ੍ਰਭਾਤ (ਸੂਰਜ) ਅਤੇ ਚਾਂਦੀ ਦੀਆਂ ਚਾਬੀਆਂ ਰਾਤ (ਚੰਦਰਮਾ) ਦੇ ਦਰਵਾਜ਼ੇ ਖੋਲ੍ਹਣ ਦੀਆਂ ਪ੍ਰਤੀਕ ਹਨ। ਭਾਵ, ਬ੍ਰਹਿਮੰਡੀ ਦਰਬਾਨ ਦਿਨ ਵੇਲੇ ਸੂਰਜ ਦੇ ਦਰ ’ਤੇ ਖੜ੍ਹਾ ਹੁੰਦਾ ਹੈ ਤੇ ਇਸ ਦੇ ਅਸਤ ਹੋਣ ਬਾਅਦ ਜਿੰਦਾ ਲਾ ਕੇ ਚੰਦਰਮਾ ਦੇ ਦਰਵਾਜ਼ੇ ’ਤੇ ਪਹਿਰਾ ਦਿੰਦਾ ਹੈ।

ਇਸ ਦੇ ਹੱਥ ਲੰਬੀ ਡਾਂਗ ਹੁੰਦੀ ਹੈ ਜਿਸ ਨੂੰ ‘ਪੋਰਟਰਜ਼ ਸਟਾਫ’ ਕਿਹਾ ਜਾਂਦਾ ਹੈ। ਇਹ ਸੋਟਾ ਸ਼ਕਤੀ ਦਾ ਪ੍ਰਤੀਕ ਹੈ ਜੋ ਜੇਨਸ ਦੀ ਅਰਾਧਨਾ ਕਰਨ ਵਾਲਿਆਂ ਦੀਆਂ ਔਕੜਾਂ ਦੂਰ ਕਰਨ ਵਿਚ ਸਹਾਈ ਹੁੰਦਾ ਹੈ। ਇਸ ਦੇਵਤਾ ਦੇ ਇਸ਼ਾਰਿਆਂ ਅਨੁਸਾਰ ਦਿਨ-ਰਾਤ ਦੀ ਲੰਬਾਈ ਤੈਅ ਹੁੰਦੀ ਹੈ। ਕੁਝ ਪੁਰਾਤਨ ਮੂਰਤੀਆਂ ਵਿਚ ਜੇਨਸ ਦੀਆਂ ਉਂਗਲਾਂ ਖ਼ਾਸ ਤਰੀਕੇ ਨਾਲ ਮੁੜੀਆਂ ਹੋਈਆਂ ਦਰਸਾਈਆਂ ਗਈਆਂ ਹਨ। ਇਕ ਹੱਥ ਦੀਆਂ ਉਂਗਲਾਂ ‘300’ ਦਾ ਅੰਕੜਾ ਪ੍ਰਸਤੁਤ ਕਰਦੀਆਂ ਹਨ ਤੇ ਦੂਜੇ ਹੱਥ ਦੀਆਂ ਉਂਗਲਾਂ ‘65’ ਦਾ। ਭਾਵ, ਜੇਨਸ ਸਮੇਂ ਦੇ ਚੱਕਰ ਨੂੰ ਨਿਯੰਤ੍ਰਿਤ ਕਰਦਾ ਦਿਖਾਈ ਦਿੰਦਾ ਹੈ। ਰੋਮਨ ਤਵਾਰੀਖ਼ ਵਿਚ ਜੇਨਸ ਦੇ ਮਹਾਤਮ ਨੂੰ ਕੋਈ ਨਜ਼ਰਅੰਦਾਜ਼ ਕਰਨ ਦਾ ਹੀਆ ਨਾ ਕਰਦਾ।

ਜੁਪੀਟਰ (ਸਭ ਤੋਂ ਵੱਡਾ ਦੇਵਤਾ) ਨੂੰ ਧਿਆਉਣ ਵਾਲੇ ਵੀ ਪ੍ਰਾਰਥਨਾ ਦਾ ਆਗਾਜ਼ ਜੇਨਸ ਦਾ ਨਾਮ ਜਪ ਕੇ ਕਰਦੇ। ਇੰਜ ਕਰ ਕੇ ਹੀ ਬ੍ਰਹਿਮੰਡ ਦਾ ਦਰਬਾਨ ਦਰਵਾਜ਼ਾ ਖੋਲ੍ਹਦਾ ਹੈ ਤੇ ਹੋਰਨਾਂ ਦੇਵਤਿਆਂ ਤੱਕ ਪਹੁੰਚ ਸੰਭਵ ਹੋ ਪਾਉਂਦੀ ਹੈ। ਰੋਮਨ ਸੱਭਿਅਤਾ ਦਾ ਮਾਰਗ-ਦਰਸ਼ਨ ਕਰਨ ਵਾਲੇ ਨੂੰ ਵਿਆਹ-ਸ਼ਾਦੀਆਂ, ਮਹੂਰਤਾਂ, ਜਨਮ-ਮਰਨ, ਯੁੱਧ ਤੋਂ ਇਲਾਵਾ ਹਰ ਦੁੱਖ-ਸੁੱਖ ਵੇਲੇ ਧਿਆਇਆ ਜਾਂਦਾ। ਦੋ ਮੁੱਖਾਂ ਤੇ ਦੋਹਰੀ ਪ੍ਰਕਿਰਤੀ ਵਾਲਾ ਜੇਨਸ ਇੱਕੋ ਸਮੇਂ ਅੰਦਰ-ਬਾਹਰ, ਖੱਬੇ-ਸੱਜੇ, ਅੱਗੇ-ਪਿੱਛੇ ਦੇਖਣ ਦੇ ਸਮਰੱਥ ਮੰਨਿਆ ਗਿਆ ਹੈ। ਅੰਬਰ ਨੂੰ ਇਕੱਤੀ ਦਸੰਬਰ ਦੀ ਰਾਤ ਜੜਿਆ ਜਿੰਦਰਾ ਉਹ ਪਹਿਲੀ ਜਨਵਰੀ ਨੂੰ ਖੋਲ੍ਹਦਾ ਹੈ ਤਾਂ ਸੂਰਜ ਦੇ ਦੀਦਾਰ ਹੋ ਸਕਣ। ਇਹ ਸਭ ਮਿਥਿਹਾਸ ਹੈ।




ਇੱਕੀਵੀਂ ਸਦੀ ਨੂੰ ਗਿਆਨ-ਵਿਗਿਆਨ ਦਾ ਯੁੱਗ ਮੰਨਿਆ ਗਿਆ ਹੈ। ਇਸ ਸਦੀ ਵਿਚ ਮਹਾਨ ਵਿਗਿਆਨੀਆਂ ਨੇ ‘ਰੱਬੀ ਕਣ ਦੀ ਖੋਜ ਕਰਨ ਦਾ ਦਾਅਵਾ ਕੀਤਾ ਹੈ ਜਿਸ ਤੋਂ ਬ੍ਰਹਿਮੰਡ ਦੀ ਉਤਪਤੀ ਹੋਈ ਹੈ। ਹਾਂ, ਪ੍ਰਤੀਕ ਵਜੋਂ ਜੇਨਸ ਬੀਤ ਚੁੱਕੇ ਸਮੇਂ ਅਤੇ ਭਵਿੱਖ ਦਾ ਮੁਤਾਲਿਆ ਕਰਦਾ ਪ੍ਰਤੀਤ ਹੁੰਦਾ ਹੈ। ਕੀ ਖੱਟਿਆ ਤੇ ਕੀ ਗੁਆਇਆ ਦਾ ਮੁਲਾਂਕਣ ਕਰਦਾ ਹੈ। ਇਸ ਦੇ ਦੋ ਮੁੱਖੜਿਆਂ ਨੂੰ ਜੋੜਨ ਵਾਲਾ ਬਿੰਦੂ ਵਰਤਮਾਨ ਦਾ ਲਖਾਇਕ ਹੈ।

ਇਹ ਇੰਨਾ ਕੁ ਮਹੀਨ ਹੈ ਜੋ ਵਰਤਮਾਨ ਸਮੇਂ ਨੂੰ ਛਿਣ-ਭੰਗਰ ਦਾ ਮਹਿਮਾਨ ਦਰਸਾਉਂਦਾ ਹੈ। ਨਵੇਂ ਵਰ੍ਹੇ ਦੇ ਆਗਮਨ ਅਤੇ ਅਤੀਤ ਨੂੰ ਨਿਯੰਤਰਣ ਕਰਨ ਵਾਲੇ ਜੇਨਸ ਬਾਰੇ ਅਣਗਿਣਤ ਮਿੱਥਾਂ ਜੁੜੀਆਂ ਹੋਈਆਂ ਹਨ ਜਿਹੜੀਆਂ ਪ੍ਰਾਚੀਨ ਮਨੁੱਖ ਦੇ ਡਰ-ਭੈਅ ’ਚੋਂ ਨਿਕਲੀਆਂ ਸਨ। ਇਸ ਦੇ ਬਾਵਜੂਦ ਦਰ-ਦਰਵਾਜ਼ਿਆਂ ਦੇ ਬ੍ਰਹਿਮੰਡੀ ਦਰਬਾਨ ਨਾਲ ਕਈ ਲੋਕ-ਸਿਆਣਪਾਂ ਵੀ ਜੁੜੀਆਂ ਹੋਈਆਂ ਹਨ।

ਇਸੇ ਲਈ ਜੇਨਸ ਦੀਆਂ ਮੂਰਤੀਆਂ ਰੋਮਨ ਸਾਮਰਾਜ ਵੇਲੇ ਚੌਕ-ਚੁਰਾਹਿਆਂ ’ਚ ਲੱਗੀਆਂ ਮਿਲਦੀਆਂ ਸਨ। ਰਾਹਾਂ ਨੂੰ ਰੁਸ਼ਨਾਉਣ ਵਾਲੇ ਇਸ ਮਿਥਿਹਾਸਕ ਦੇਵਤਾ ਦੇ ਨਾਂ ’ਤੇ ਹੁੰਦੇ ਜਸ਼ਨਾਂ ’ਤੇ ਅਰਬਾਂ-ਖਰਬਾਂ ਰੁਪਏ ਫੂਕ ਦੇਣੇ ਸ਼ੋਭਾ ਨਹੀਂ ਦਿੰਦਾ। ਇਹੀ ਪੈਸਾ ਜੇ ਲੋੜਵੰਦਾਂ ’ਚ ਵਰਤਿਆ ਜਾਵੇ ਤਾਂ ਕਰੋੜਾਂ ਲੋਕ ਬਿਹਤਰ ਜ਼ਿੰਦਗੀ ਬਸਰ ਕਰ ਸਕਦੇ ਹਨ। ਭਾਰਤ, ਖ਼ਾਸ ਤੌਰ ’ਤੇ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇਹ ਗੱਲ ਦਾਅਵੇ ਨਾਲ ਆਖੀ ਜਾ ਸਕਦੀ ਹੈ ਕਿ ਸਾਡਾ ਨਵਾਂ ਸਾਲ ਪਹਿਲੀ ਜਨਵਰੀ ਤੋਂ ਨਹੀਂ

**• ਵਰਿੰਦਰ ਸਿੰਘ ਵਾਲੀਆ**

ਸ਼ੁਰੂ ਹੁੰਦਾ। ਵਿਡੰਬਣਾ ਇਹ ਹੈ ਕਿ ਸਾਡਾ ਦੇਸ਼ ਸਦੀਆਂ ਤੱਕ ਗੁਲਾਮ ਰਿਹਾ ਜਿਸ ਕਰਕੇ ਅਸੀਂ ਆਪਣੇ ਅਮੀਰ ਸੱਭਿਆਚਾਰ ਨੂੰ ਵਿਸਾਰ ਰਹੇ ਹਾਂ।

ਸਾਡੇ ਲਈ ਤਾਂ ਨਵੇਂ ਵਰ੍ਹੇ ਦੀ ਸ਼ੁਰੂਆਤ ਦੇਸੀ ਮਹੀਨੇ ਚੇਤ/ਚੇਤਰ ਤੋਂ ਹੁੰਦੀ ਹੈ। ਇਹ ਗ੍ਰੇਗੋਰੀਅਨ ਜੰਤਰੀ ਦੇ ਅੱਧ-ਮਾਰਚ ਤੋਂ ਸ਼ੁਰੂ ਹੋ ਕੇ ਅੱਧ-ਅਪ੍ਰੈਲ ਤੱਕ ਚੱਲਦਾ ਹੈ। ਇਸ ਮੌਸਮ ਵਿਚ ਮਹਿਕਾਂ ਦਾ ਰਾਜ ਹੁੰਦਾ ਹੈ। ਬਸੰਤ ਰੁੱਤ ਵਿਚ ਖਿੜਦੇ ਵੰਨ-ਸੁਵੰਨੇ ਫੁੱਲ ਮਨ ਨੂੰ ਖੇੜਾ ਬਖ਼ਸ਼ਦੇ ਹਨ। ਕੁਦਰਤ ਦੇ ਨਵਿਆਉਣ ਨਾਲ ਨਵੀਆਂ ਉਮੀਦਾਂ ਜਾਗਦੀਆਂ ਹਨ। ਸ਼ਾਖਾਵਾਂ ’ਤੇ ਫੁੱਟਦੀਆਂ ਕਰੂੰਬਲਾਂ ਰੋਸ਼ਨ ਭਵਿੱਖ ਦਾ ਸੁਨੇਹਾ ਦਿੰਦੀਆਂ ਹਨ।

ਚੇਤ ਦੀ ਸੰਗਰਾਂਦ ਨਾਲ ਧਰਤੀ ਦਾ ਕਣ-ਕਣ ਨਸ਼ਿਆ ਜਾਂਦਾ ਹੈ। ਕੱਕਰ ਦੇ ਦਿਨਾਂ ਬਾਅਦ ਸੂਰਜ ਦੀਆਂ ਕਿਰਨਾਂ ਜਦੋਂ ਕਾਦਰ ਦੀ ਕੁਦਰਤ ਦਾ ਮੱਥਾ ਚੁੰਮਦੀਆਂ ਹਨ ਤਾਂ ਮਨੁੱਖੀ ਮਨ ਵਿਚ ਨਵਾਂ ਉਤਸ਼ਾਹ ਪੈਦਾ ਹੁੰਦਾ ਹੈ। ਕਣਕਾਂ ਨਿਸਰਦੀਆਂ ਹਨ ਤਾਂ ਤਕਲੀਫ਼ਾਂ ਵਿਸਰਦੀਆਂ ਹਨ। ਵਿਸਾਖੀ ਤੱਕ ਸੋਨ-ਵੰਨੀਆਂ ਕਣਕ ਦੀਆਂ ਬੱਲੀਆਂ ਨੂੰ ਨਿਹਾਰ ਕੇ ਕਿਸਾਨ ਝੂਮ ਉੱਠਦਾ ਹੈ। ਸਹੀ ਮਾਅਨਿਆਂ ਵਿਚ ਕੁਦਰਤ ਜਦੋਂ ਲਿਬਾਸ ਬਦਲਦੀ ਹੈ ਤਾਂ ਉਸ ਨੂੰ ਹੀ ਨਵੇਂ ਵਰ੍ਹੇ ਦੀ ਸ਼ੁਰੂਆਤ ਮੰਨਣਾ ਵਧੇਰੇ ਤਰਕਸੰਗਤ ਜਾਪਦਾ ਹੈ। ਪੁਰਾਣੇ ਪੱਤ ਝੜਦੇ ਤੇ ਨਵੇਂ ਪੁੰਗਰਦੇ ਹਨ ਤਾਂ ਇਸ ਨੂੰ ਨਵਾਂ ਸਾਲ ਕਹਿਣ ਤੋਂ ਗੁਰੇਜ਼ ਕਿਉਂ? ਚੇਤ ਆਏ ’ਤੇ ਚਿੱਤ ਖਿੜਦਾ ਹੈ। ਪੰਛੀ ਚਹਿਚਹਾਉਂਦੇ ਹਨ। ਕੋਇਲ ਦੀ ਕੂ-ਕੂ ਫ਼ਿਜ਼ਾ ਵਿਚ ਮਿਠਾਸ ਘੋਲਦੀ ਹੈ। ਗੁਰਬਾਣੀ ਅਤੇ ਪੰਜਾਬ ਦੀ ਲੋਕਧਾਰਾ ਵਿਚ ਚੇਤ ਦਾ ਵਿਸ਼ੇਸ਼ ਵਰਣਨ ਹੈ। ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਵਿਚ ਫੁਰਮਾਉਂਦੇ ਹਨ, “ਚੇਤੁ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ।।” ਤੁਖਾਰੀ ਮਹਲਾ ਪਹਿਲਾ ਵਿਚ ਗੁਰੂ ਨਾਨਕ ਦੇਵ ਚੇਤ ਮਹੀਨੇ ਦੇ ਸੋਹਲੇ ਗਾਉਂਦੇ ਹਨ, “ਚੇਤੁ ਬਸੰਤੁ ਭਲਾ ਸੁਹਾਵੜੈ” (ਭਾਵ, ਚੇਤ ਦਾ ਮਹੀਨਾ ਚੰਗਾ ਲੱਗਦਾ ਹੈ। ਫੁੱਲਾਂ ’ਤੇ ਬੈਠੇ ਹੋਏ ਭੰਵਰ ਸੋਹਣੇ ਲੱਗਦੇ ਹਨ)। ਵਿਸਾਖ ਮਹੀਨੇ ਬਾਰੇ ਗੁਰੂ ਨਾਨਕ ਦਾ ਮਹਾਵਾਕ,“ਵੈਸਾਖੁ ਭਲਾ ਸਾਖਾ ਵੇਸ ਕਰੇ” (ਵਿਸਾਖ ਮਹੀਨੇ ਰੁੱਖਾਂ ਦੀਆਂ ਸ਼ਾਖਾਵਾਂ ਮਾਨੋ ਹਾਰ-ਸ਼ਿੰਗਾਰ ਕਰਦੀਆਂ ਹਨ)। ਭਾਵ ਚੇਤ ਦੇ ਹੁਲਾਸ ਭਰੇ ਮਹੀਨੇ ਵਿਚ ਪ੍ਰਭੂ ਦੀ ਅਰਾਧਨਾ ਕਰਨ ਨਾਲ ਮਨ ਅਨੰਦਿਤ ਹੋ ਜਾਂਦਾ ਹੈ। ਹੋਲੇ-ਮਹੱਲੇ ਦਾ ਤਿਉਹਾਰ ਵੀ ਇਨ੍ਹਾਂ ਦਿਨਾਂ ਵਿਚ ਆਉਂਦਾ ਹੈ।

ਇਕ ਪਾਸੇ ਕੁਦਰਤ ਨੇ ਰੰਗ ਬਿਖੇਰੇ ਹੁੰਦੇ ਹਨ ਤੇ ਦੂਜੇ ਪਾਸੇ ਹੋਲੀ ਦੇ ਰੰਗ ਇਸ ਮੌਸਮ ਨੂੰ ਹੋਰ ਰੰਗਲਾ ਬਣਾ ਦਿੰਦੇ ਹਨ। ਗ੍ਰੇਗੋਰੀਅਨ ਜੰਤਰੀ ਮੁਤਾਬਕ ਆਉਣ ਵਾਲਾ ਨਵਾਂ ਸਾਲ ਸਾਡੇ ਸੱਭਿਆਚਾਰਕ ਖਾਸੇ ਨਾਲ ਮੇਲ ਨਹੀਂ ਖਾਂਦਾ। ਇਸ ਦੇ ਬਾਵਜੂਦ ਅਸੀਂ ਪੱਛਮ ਦੀ ਰੀਸੋ-ਰੀਸ ਆਪਣੇ ਅਮੀਰ ਸੱਭਿਆਚਾਰ ਨੂੰ ਵਿਸਾਰ ਰਹੇ ਹਾਂ। ਨਵੀਂ ਪੀੜ੍ਹੀ ਵਿਚ ਵਿਰਲੇ-ਟਾਵੇਂ ਹੋਣਗੇ ਜਿਨ੍ਹਾਂ ਨੂੰ ਦੇਸੀ ਮਹੀਨਿਆਂ ਦੇ ਨਾਂ ਯਾਦ ਹੋਣਗੇ। ਇਕੱਤੀ ਦਸੰਬਰ ਵਾਲੇ ਦਿਨ ਭਾਰਤ ਦੇ ਹਰ ਕੋਨੇ ’ਤੇ ਪਾਰਟੀਆਂ ਵਿਚ ਹੋ-ਹੱਲਾ ਹੋਵੇਗਾ। ਪੁਲਿਸ ਪੱਬਾਂ ਭਾਰ ਹੁੰਦੀ ਹੈ। ਥਾਂ-ਥਾਂ ਰਗੜੇ-ਝਗੜੇ ਹੋਣ ਦਾ ਖ਼ਦਸ਼ਾ ਰਹੇਗਾ। ਹਰ ਕੋਈ ਬੀਤ ਰਹੇ ਆਖ਼ਰੀ ਪਲ ਤੱਕ ਨੂੰ ਆਪਣੀਆਂ ਯਾਦਾਂ ਵਿਚ ਸੰਜੋਣਾ ਚਾਹੇਗਾ। ਪਹਿਲੀ ਜਨਵਰੀ ਦੀ ਪ੍ਰਭਾਤ ਦੇ ਆਗਮਨ ਵੇਲੇ ਵੀ ਇਹੀ ਮੌਜ-ਮਸਤੀ ਛਾਈ ਰਹੇਗੀ। ਬਾਲ-ਮਜ਼ਦੂਰਾਂ ਸਣੇ ਟੱਬਰਾਂ ਦੇ ਟੱਬਰ ਭੱਠਿਆਂ ’ਤੇ ਪਾਥੀਆਂ ਥੱਪਦੇ ਦਿਖਾਈ ਦੇਣਗੇ। ਕਿਸਾਨ ਖੇਤਾਂ ਵਿਚ ਖ਼ੂਨ-ਪਸੀਨਾ ਵਹਾ ਕੇ ਰਾਹਲਾਂ ਤੇ ਸਿਆੜ ਕੱਢ ਰਹੇ ਹੋਣਗੇ। ਇਮਾਰਤਾਂ ਦੀ ਉਸਾਰੀ ਵਿਚ ਲੱਗੇ ਮਜ਼ਦੂਰਾਂ ਦੇ ਸਿਰਾਂ ’ਤੇ ਇੱਟਾਂ ਜਾਂ ਰੇਤ-ਸੀਮੈਂਟ ਨਾਲ ਭਰੇ ਬੱਠਲਾਂ ਦਾ ਬੋਝ ਨਹੀਂ ਘਟੇਗਾ।

‘ਭੰਡਾ-ਭੰਡਾਰੀਆ ਕਿੰਨਾ ਕੁ ਭਾਰ, ਇਕ ਮੁੱਠੀ ਚੁੱਕ ਲੈ, ਦੂਜੀ ਤਿਆਰ’ ਕਿਰਤੀਆਂ ਦੀ ਹੋਣੀ ਹੋਣਗੇ। ਜਸ਼ਨਾਂ ਵੇਲੇ ਇਕੱਠਾ ਹੋਇਆ ਕੂੜਾ-ਕਰਕਟ ਹੂੰਝਦੇ ਸਫ਼ਾਈ ਸੇਵਕ ਨਜ਼ਰੀਂ ਆਉਣਗੇ। ਕਾਰਖਾਨਿਆਂ ਦੀਆਂ ਭੱਠੀਆਂ ਵਿਚ ਲੋਹਾ ਪਹਿਲਾਂ ਵਾਂਗ ਹੀ ਢਲਦਾ ਰਹੇਗਾ। ਅੰਨਦਾਤੇ ਦੀ ਪੁੱਤਾਂ ਵਾਂਗ ਪਾਲੀ ਫ਼ਸਲ ਮੰਡੀਆਂ ਵਿਚ ਰੁਲਣ ਦੇ ਸਮਾਚਾਰਾਂ ਨੂੰ ਠੱਲ੍ਹ ਪੈਣ ਦੇ ਆਸਾਰ ਵੀ ਘੱਟ-ਵੱਧ ਹੀ ਹੁੰਦੇ ਹਨ। ਲੱਖਾਂ ਨਹੀਂ, ਕਰੋੜਾਂ ਭਾਰਤ ਵਾਸੀ ਖੁੱਲ੍ਹੇ ਅੰਬਰ ਹੇਠ ਰਾਤਾਂ ਬਿਤਾਉਣ ਲਈ ਮਜਬੂਰ ਹੋਣਗੇ। ਜਸ਼ਨਾਂ ’ਤੇ ਹੋਣ ਵਾਲੇ ਖ਼ਰਚੇ ਦਾ ਦਸਵੰਧ ਵੀ ਅਜਿਹੇ ਲਾਚਾਰਾਂ ਦੀ ਦਸ਼ਾ ਸੁਧਾਰਨ ’ਤੇ ਲੱਗ ਜਾਵੇ ਤਾਂ ਗਨੀਮਤ ਹੋਵੇਗੀ। ਅਜਿਹੀ ਦਿਆਲੂ ਪਹੁੰਚ ਕਰੋੜਾਂ ਹਾਸ਼ੀਆਗਤ ਲੋਕਾਂ ਦੀ ਤਕਦੀਰ ਬਦਲ ਕੇ ਦੁਨੀਆ ਦੀ ਤਸਵੀਰ ਬਦਲ ਦੇਵੇਗੀ।

# ਨਵੇਂ ਵਰ੍ਹੇ ਦਿਆ ਸੂਰਜਾ...



ਸਾਲ 2025 ਖੱਟੀਆਂ ਮਿੱਠੀਆਂ ਯਾਦਾਂ ਛੱਡਦਾ ਸਾਥੋਂ ਰੁਖ਼ਸਤ ਹੋ ਗਿਆ ਹੈ ਅਤੇ ਨਵੇਂ ਵਰ੍ਹੇ 2026 ਦਾ ਸੂਰਜ ਆਪਣੀਆਂ ਸੋਨ ਸੁਨਹਿਰੀ ਕਿਰਨਾਂ ਬਿਖੇਰਦਾ ਸਾਡੇ ਬੂਹਿਆਂ ’ਤੇ ਪਹੁੰਚ ਗਿਆ ਹੈ। ਸਾਡੇ ਸਮਾਜ ਲਈ ਚੁਣੌਤੀ ਬਣੀਆਂ ਬੇਸ਼ੁਮਾਰ ਸਮੱਸਿਆਵਾਂ ਅਤੇ ਪ੍ਰੇਸ਼ਾਨੀਆਂ ਪਿਛਲੇ ਵਰ੍ਹੇ ’ਚ ਵੀ ਬਰਕਰਾਰ ਰਹੀਆਂ। ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਮਹਿੰਗਾਈ, ਭੁੱਖਮਰੀ, ਮਾਦਾ ਭਰੂਣ ਹੱਤਿਆ, ਹਰ ਖੇਤਰ ’ਚ ਭਾਈ-ਭਤੀਜਾਵਾਦ, ਵਾਤਾਵਰਣਿਕ ਅਤੇ ਸੱਭਿਆਚਾਰਕ ਪ੍ਰਦੂਸ਼ਣ, ਮਿਲਾਵਟ, ਨੈਤਿਕ ਗਿਰਾਵਟ, ਅਤਿਵਾਦ, ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਤੇ ਚੋਣ ਹਿੰਸਾ ਨੇ ਪਿਛਲੇ ਕਈ ਵਰ੍ ?ਆਂ ਵਾਂਗ ਬੀਤੇ ਵਰ੍ਹੇ ’ਚ ਵੀ ਆਪਣਾ ਰੰਗ ਦਿਖਾਇਆ। ਸਾਡੇ ਸਿਆਸਤਦਾਨਾਂ ਦੇ ਲੱਖਾਂ ਦਮਗਜ਼ਿਆਂ ਦੇ ਬਾਵਜੂਦ ਸਮਾਜ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਕਿਸੇ ਕਿਸਮ ਦੀ ਰਾਹਤ ਨਹੀਂ ਮਿਲੀ। ਭਾਰਤ-ਪਾਕਿਸਤਾਨ ਸਰਹੱਦ ’ਤੇ ਗੋਲੀਬਾਰੀ ਤੇ ਅਤਿਵਾਦ ਦੇ ਦੈਂਤ ਨੇ ਸੈਂਕੜੇ ਸੁਹਾਗਣਾਂ ਦੇ ਸੁਹਾਗ ਲੁੱਟੇ, ਸੈਂਕੜੇ ਮਾਵਾਂ ਦੇ ਅੱਖੀਆਂ ਦੇ ਤਾਰੇ ਨਿਗਲੇ ਤੇ ਕਿੰਨੀਆਂ ਹੀ ਭੈਣਾਂ ਦੀ ਰੱਖੜੀ ਤਾਰ ਤਾਰ ਹੋਈ। ਸਿਆਸੀ ਲੋਕਾਂ ਦੇ ਸ਼ਾਂਤੀ ਸਥਾਪਨਾ ਦੇ ਦਾਅਵਿਆਂ ਦੀ ਪੈਰ-ਪੈਰ ’ਤੇ ਫੂਕ ਨਿਕਲਦੀ ਦਿਖੀ।

ਨਵੇਂ ਵਰ੍ਹੇ ਦੇ ਸੂਰਜ ਨੂੰ ਅਰਜ਼ੋਈ ਹੈ ਕਿ ਸਮੱਸਿਆਵਾਂ, ਪ੍ਰੇਸ਼ਾਨੀਆਂ ਅਤੇ ਚੁਣੌਤੀਆਂ ਦੇ ਰੂਬਰੂ ਸਾਡੇ ਸਮਾਜ, ਸੂਬੇ ਅਤੇ ਰਾਸ਼ਟਰ ਨੂੰ ਇਨ੍ਹਾਂ ਅਲਾਮਤਾਂ ਤੋਂ ਜ਼ਰੂਰ ਨਿਜਾਤ ਦਿਵਾਈਂ। ਮੁਲਕ ਵਿੱਚ ਹੀ ਲੋਕਾਂ ਦੇ ਹੁਨਰ ਅਤੇ ਮਿਹਨਤ ਦਾ ਮੁੱਲ ਪੈਣ ਲੱਗ ਜਾਵੇ। ਰੁਜ਼ਗਾਰ ਦੇ ਮੌਕਿਆਂ ਵਿੱਚ ਇਸ ਕਦਰ ਇਜ਼ਾਫਾ ਕਰੀਂ ਕਿ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੀ ਸਾਡੀ

**ਬਿੰਦਰ ਸਿੰਘ ਖੁੱਡੀ ਕਲਾਂ**

ਹੁਨਰਮੰਦ ਜਵਾਨੀ ਨੂੰ ਆਪਣੇ ਮੁਲਕ ਵਿੱਚ ਹੀ ਰੁਜ਼ਗਾਰ ਨਸੀਬ ਹੋਣ ਲੱਗੇ। ਪ੍ਰਦੂਸ਼ਣ ਪ੍ਰਤੀ ਜਾਗਰੂਕਤਾ ਵਿੱਚ ਇਜ਼ਾਫਾ ਕਰਦਿਆਂ ਇਸ ਨੂੰ ਕਾਬੂ ਕਰਨ ਲਈ ਹਰ ਨਾਗਰਿਕ ਨੂੰ ਆਪਣਾ ਕਰਤੱਵ ਸਮਝਣ ਦੀ ਸੋਝੀ ਬਖਸ਼ੀਂ। ਕੁਦਰਤ ਨਾਲ ਹੋ ਰਹੇ ਖਿਲਵਾੜ ਨੂੰ ਠੱਲ੍ਹ ਪਵੇ ਅਤੇ ਰੁੱਖਾਂ ਸਮੇਤ ਤਮਾਮ ਕੁਦਰਤੀ ਸਰੋਤਾਂ ਦੀ ਸਾਂਭ ਸੰਭਾਲ ਸਾਡੀ ਨੈਤਿਕ ਜ਼ਿੰਮੇਵਾਰੀ ਹੋ ਨਿੱਬੜੇ। ਪ੍ਰਦੂਸ਼ਣ ਦੇ ਮਾਰੂ ਪ੍ਰਭਾਵਾਂ ਬਾਬਤ ਲੋਕ ਖੁਦ ਜਾਗਰੂਕ ਹੋਣ ਤਾਂ ਜੋ ਸਾਡੀਆਂ ਨਿੱਤ ਦਿਨ ਦੀਆਂ ਗ਼ਲਤੀਆਂ ਕਾਰਨ ਦਿਨੋਂ ਦਿਨ ਵਿਗੜਦੀ ਜਾ ਰਹੀ ਵਾਤਾਵਰਨ ਦੀ ਹਾਲਤ ਨੂੰ ਸੁਧਾਰਿਆ ਜਾ ਸਕੇ। ਵਾਤਾਵਰਣਕ ਪ੍ਰਦੂਸ਼ਣ ਦੇ ਨਾਲ-ਨਾਲ ਲੋਕਾਂ ਨੂੰ ਸਭਿਆਚਾਰਕ ਪ੍ਰਦੂਸ਼ਣ ਪੈਦਾ ਕਰਨ ਵਾਲਿਆਂ ਦੀ ਸ਼ਨਾਖਤ ਕਰਨੀ ਵੀ ਆਵੇ। ਸਾਡੇ ਰਾਸ਼ਟਰ ਦੇ ਮੱਥੇ ਦਾ ਕਲੰਕ ਭੁੱਖਮਰੀ ਤੇ ਬੇਰੁਜ਼ਗਾਰੀ ਦੇ ਖਾਤਮੇ ਲਈ ਸੱਤਾਧਾਰੀ ਲੋਕ ਸੁਚਾਰੂ ਨੀਤੀਆਂ ਦਾ ਨਿਰਮਾਣ ਕਰਨ। ਸਿੱਖਿਆ ਦਾ ਪਾਸਾਰ ਹੋਵੇ ਅਤੇ ਅਨਪੜ੍ਹਤਾ ਦਾ ਨਾਮੋ-ਨਿਸ਼ਾਨ ਮਿਟ ਜਾਵੇ। ਕਮਜ਼ੋਰ ਆਰਥਿਕਤਾ ਦੀ ਬਦੌਲਤ ਖੁਦਕੁਸ਼ੀਆਂ ਦੇ ਰਾਹ ਤੁਰੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਕੋਈ ਯੋਗ ਹੱਲ ਲੱਭਿਆ ਜਾਵੇ। ਲੋੜਵੰਦਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣ। ਰਾਸ਼ਟਰ ਦੇ ਬਾਕੀ ਦੇਸ਼ਾਂ ਨਾਲ ਸੁਖਾਵੇਂ ਸਬੰਧ ਦੀ ਵੀ ਤੇਰੇ ਅੱਗੇ ਅਰਜ਼ੋਈ ਹੈ। ਭਾਰਤ ਅਤੇ ਪਾਕਿਸਤਾਨ ਵਿਚਾਲੇ ਕੌੜੇ ਤਜਰਬਿਆਂ ਨੂੰ ਠੱਲ੍ਹ ਪਵੇ ਤੇ ਮਿੱਠੇ ਸੁਖਾਵੇਂ ਹਾਲਾਤ ਦਾ ਆਗਾਜ਼ ਹੋਵੇ। ਸਰਹੱਦ ਦੇ ਦੋਵੇਂ ਪਾਸੇ ਖੁਸ਼ੀਆਂ ਤੇ ਖੇੜਿਆਂ ਦਾ ਸਾਂਝਾ ਸਬੱਬ ਬਣਦਾ ਰਹੇ। ਭਾਰਤ ਸ਼ਾਂਤਮਈ ਸਥਿਤੀ ’ਚੋਂ ਲੰਘਦਾ ਹੋਇਆ ਵਿਕਸਤ ਮੁਲਕਾਂ ਦੀ ਚਾਲ ਵਿੱਚ ਚਾਲ ਮਿਲਾਉਣ ਦੇ ਸਮਰੱਥ ਹੋਵੇ। ਲਿੰਗ ਵਿਤਕਰੇ ਦਾ ਆਲਮ ਬੀਤੇ ਦੀ ਬਾਤ ਬਣ ਜਾਵੇ ਅਤੇ ਮਾਦਾ ਭਰੂਣ ਹੱਤਿਆ ਮੁਕਤ ਸਮਾਜ ਦੀ ਸਿਰਜਣਾ ਦਾ ਸੁਪਨਾ ਸਾਕਾਰ ਹੋਵੇ। ਔਰਤਾਂ ਨਾਲ ਹੋ ਰਹੀ ਜ਼ਬਰਦਸਤੀ ਅਤੇ ਵਿਤਕਰੇ ਤੋਂ ਛੁਟਕਾਰਾ ਮਿਲੇ, ਲੋਕ ਮਨਾਂ ਵਿੱਚ ਵਿਗਿਆਨਕ ਸੋਚ ਦਾ ਪਾਸਾਰ ਕਰਕੇ ਵਹਿਮਾਂ ਭਰਮਾਂ ਅਤੇ ਅੰਧ ਵਿਸ਼ਵਾਸਾਂ ਤੋਂ ਮੁਕਤੀ ਦਿਵਾਉਣ ਵਾਲੀਆਂ ਕਿਰਨਾਂ ਭੇਜ। ਲੋਕਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਦਾ ਬਲ ਤੇ ਕਰਤੱਵਾਂ ਦੀ ਪਾਲਣਾ ਕਰਨ ਦੀ ਸੋਝੀ ਆਵੇ। ਸੰਸਾਰ ਦੇ ਵੱਡੇ ਲੋਕਤੰਤਰੀ ਦੇਸ਼ਾਂ ਵਿੱਚ ਸ਼ੁਮਾਰ ਸਾਡੇ ਮੁਲਕ ਅੰਦਰ ਲੋਕਤੰਤਰ ਦੀ ਹੋ ਰਹੀ ਹੱਤਿਆ ਰੁਕੇ। ਦੇਸ਼ ਦਾ ਹਰ ਬਾਸ਼ਿੰਦਾ ਆਪਣੀ ਪੂਰੀ ਆਜ਼ਾਦੀ ਨਾਲ ਜੀਵਨ ਦਾ ਹਰ ਪਲ ਖੁਸ਼ੀ ਨਾਲ ਬਿਤਾਵੇ। ਨਕਸ਼ਿਆਂ ’ਤੇ ਵਾਹੀਆਂ ਗਈਆਂ ਸਰਹੱਦੀ ਲਕੀਰਾਂ, ਜੋ ਲੋਕਾਂ ਦੇ ਮਨਾਂ ਵਿੱਚ ਘਰ ਕਰ ਗਈਆਂ ਹਨ, ਉਨ੍ਹਾਂ ਨੂੰ ਮੇਟਦੇ ਹੋਏ ਪੰਛੀਆਂ ਤੇ ਜਨੌਰਾਂ ਵਾਂਗ ਇਨਸਾਨ ਵੀ ਦੁਨੀਆ ਦੇ ਹਰ ਕੋਨੇ ਵਿੱਚ ਵਸਦੇ ਇਨਸਾਨ ਲਈ ਅਰਦਾਸ ਕਰੇ। ਆਓ, ਆਪਾਂ ਵੀ ਨਵੇਂ ਵਰ੍ਹੇ ਦੇ ਸੂਰਜ ਨਾਲ ਆਪਣੇ ਦੇਸ਼, ਸੂਬੇ ਅਤੇ ਸਮਾਜ ਦੀ ਤਰੱਕੀ ਅਤੇ ਖੁਸ਼ਹਾਲੀ ਪ੍ਰਤੀ ਇਮਾਨਦਾਰੀ ਨਾਲ ਆਪਣੀ ਭੂਮਿਕਾ ਅਦਾ ਕਰਨ ਦਾ ਵਚਨ ਕਰਦਿਆਂ ਬੀਤੇ ਦੀਆਂ ਗ਼ਲਤੀਆਂ ਤੋਂ ਸਬਕ ਲੈਂਦਿਆਂ ਨਵੇ ਉਤਸ਼ਾਹ ਨਾਲ ਉਸਾਰੂ ਟੀਚੇ ਮਿਥਦਿਆਂ ਅੱਗੇ ਵਧਣ ਦਾ ਪ੍ਰਣ ਕਰੀਏ।

# ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ-ਗੁਰੂ ਪ੍ਰਤੀ ਸਤਿਕਾਰ



ਸਿੱਖ ਕੌਮ ਇਸ ਗੱਲ ਤੋਂ ਨਿਰਾਲੀ ਹੈ ਅਤੇ ਮਾਣ ਕਰਦੀ ਆਈ ਹੈ ਕਿ ਇਸ ਵਿੱਚ ਸ਼ਬਦ ਨੂੰ ਗੁਰੂ ਦੀ ਉਪਾਧੀ ਦਿੱਤੀ ਗਈ ਹੈ। ਇਸ ਦੇ ਸੰਸਥਾਪਕ ਗੁਰੂ ਨਾਨਕ ਜੀ ਤੋਂ ਜਦੋਂ ਸਿੱਧਾਂ ਨੇ ਪੁੱਛਿਆ ਸੀ ਕਿ ਤੇਰਾ ਗੁਰੂ ਕੌਣ ਹੈ, ਤਾਂ ਉਹਨਾਂ ਨੇ 'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ' ਆਖ ਕੇ ਇੱਕ ਤਰ੍ਹਾਂ ਨਾਲ ਸ਼ਬਦ-ਗੁਰੂ ਨੂੰ ਗੁਰਿਆਈ ਦੇ ਦਿੱਤੀ ਸੀ। ਇਸੇ ਸ਼ਬਦ ਨੂੰ ਉਹਨਾਂ ਨੇ ਸਭ ਤੋਂ ਵੱਡੀ ਕਰਾਮਾਤ ਵੀ ਦੱਸਿਆ ਸੀ। ਇਸ ਵਿੱਚ ਕੋਈ ਦੋ ਰਾਵਾਂ ਨਹੀਂ, ਅੱਜ ਦੇ ਵਿਗਿਆਨ ਅਤੇ ਤਕਨਾਲੋਜੀ ਦੇ ਯੁੱਗ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਗਿਆਨ ਸਭ ਤੋਂ ਵੱਡੀ ਸ਼ਕਤੀ ਹੈ। ਗੁਰਬਾਣੀ ਦੇ ਹੋਰ ਹਵਾਲੇ ਅਤੇ ਬਾਕੀ ਗੁਰੂ ਸਾਹਿਬਾਨ ਦੇ ਜੀਵਨ ਅਤੇ ਬਚਨਾਂ ਵਿਚੋਂ ਬਾਣੀ-ਗੁਰੂ ਦੀਆਂ ਝਲਕਾਂ ਦੀ ਗੱਲ ਨਾ ਕਰਦੇ ਹੋਏ ਅੱਜ ਅਸੀਂ ਸਿਰਫ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ-ਸਤਿਕਾਰ ਤੇ ਕੇਂਦਰਿਤ ਹੋਵਾਂਗੇ।

ਗੁਰੂ ਗੋਬਿੰਦ ਸਿੰਘ ਜੀ ਨੂੰ ਬਾਣੀ ਦੀ ਗੁੜ੍ਹਤੀ ਘਰੋਂ ਹੀ ਮਿਲੀ। ਗੁਰਬਾਣੀ ਦਾ ਸਤਿਕਾਰ ਉਹਨਾਂ ਦੇ ਵੱਡੇ ਵਡੇਰੇ ਕਰਦੇ ਆਏ ਹੋਣ ਕਰਕੇ ਉਹਨਾਂ ਨੂੰ ਬਚਪਨ ਵਿੱਚ ਹੀ ਜਿੱਥੇ ਹੋਰ ਦੁਨਿਆਵੀ ਵਿੱਦਿਆ ਦਿੱਤੀ ਗਈ, ਉੱਥੇ ਗੁਰਬਾਣੀ ਦਾ ਗਿਆਨ ਅਤੇ ਪ੍ਰੇਮ ਵੀ ਪ੍ਰਤੱਖ ਰੂਪ ਵਿੱਚ ਮਿਲਿਆ। ਉਹਨਾਂ ਦੇ ਜੀਵਨ ਵਿਚੋਂ ਕੁਝ ਉਹਨਾਂ ਘਟਨਾਵਾਂ ਦਾ ਜਿਕਰ ਕਰਦੇ ਹਾਂ ਜਿਹੜੀਆਂ ਉਹਨਾਂ ਦੇ ਬਾਣੀ ਦੇ ਸਤਿਕਾਰ ਨੂੰ ਪ੍ਰਗਟਾਉਂਦੀਆਂ ਹਨ।

* ਦਸੰਬਰ 1704 ਈਸਵੀ ਵਿੱਚ ਅਨੰਦਪੁਰ ਸਾਹਿਬ ਦਾ ਕਿਲ੍ਹਾ ਦੁਸ਼ਮਣ ਵੱਲੋਂ ਆਪਣੇ ਆਪਣੇ ਇਸ਼ਟ ਦੀਆਂ ਖਾਧੀਆਂ ਕਸਮਾਂ ਤੇ ਇਤਬਾਰ ਕਰਕੇ ਛੱਡਿਆ, ਤਾਂ ਦੁਸ਼ਮਣ ਨੇ ਕਸਮਾਂ ਤੋੜ ਕੇ ਪਿੱਛੋਂ ਹਮਲਾ ਕਰ ਦਿੱਤਾ। ਲੜਦੇ ਲੜਦੇ ਸਰਸਾ ਨਦੀ ਦੇ ਕੰਢੇ ਪੁੱਜ ਗਏ। ਅੰਮ੍ਰਿਤ ਵੇਲਾ ਹੋਇਆ ਜਾਣ ਕੇ, ਕੁਝ ਸਿੱਖਾਂ ਦੀ ਪਹਿਰੇ ਤੇ ਡਿਊਟੀ ਲਗਾਈ ਅਤੇ ਆਸਾ ਦੀ ਵਾਰ ਸ਼ੁਰੂ ਕਰ ਦਿੱਤੀ। ਇਸ ਅਵਸਥਾ ਨੂੰ ਜਾਨਣਾ ਅਤੇ ਡੂੰਘਾਈ ਵਿੱਚ ਸਮਝਣਾ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਹੈ, ਗੁਰੂ ਸਾਹਿਬ ਇਸ ਸੰਕਟ ਦੇ ਸਮੇਂ ਵੀ ਆਪਣਾ ਨਿੱਤਨੇਮ ਛੱਡਣ ਲਈ ਤਿਆਰ ਨਹੀਂ, ਤੇ ਅਸੀਂ ਅੱਜ ਸਭ ਕੁਝ ਹੁੰਦੇ ਹੋਏ, ਸੁੱਖ ਸਹੂਲਤਾਂ ਮਾਣਦੇ ਹੋਏ ਵੀ ਨਿੱਤਨੇਮ ਨੂੰ ਵਿਸਾਰ ਬੈਠੇ ਹਾਂ।

* ਇੱਕ ਹੋਰ ਘਟਨਾ ਗੁਰੂ ਸਾਹਿਬ ਦੇ ਜੀਵਨ ਵਿੱਚ ਇੰਝ ਹੈ ਕਿ ਜਦੋਂ ਉਹਨਾਂ ਨੇ ਇੱਕ ਸਿੱਖ ਨੂੰ ਪਾਠ ਕਰਦੇ ਗਲਤ ਉਚਾਰਣ ਕਰਦੇ ਸੁਣਿਆ, ਤਾਂ ਉਹਨਾਂ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਸੀ। ਸਿੱਖ ਨੇ ਰਾਮਕਲੀ ਦੀ ਵਾਰ ਵਿਚਲੀ ਪੰਕਤੀ "ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰ ਸੂਰਾ" ਨੂੰ ਗਲਤ ਪੜ੍ਹਿਆ ਸੀ। ਉਸਨੇ "ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੇ ਗੁਰ ਸੂਰਾ" ਪੜ੍ਹ ਦਿੱਤਾ ਸੀ। ਗੁਰੂ ਜੀ ਨੇ ਅਰਥ ਸਮਝਾਉਂਦੇ ਹੋਏ ਦੱਸਿਆ ਸੀ ਕਿ ਦੁਲਾਵਾਂ ਲਗਾ ਕੇ 'ਕੈ' ਉਚਾਰਣ ਕਰਨ ਨਾਲ ਇਸ ਦੇ ਅਰਥ ਹੋਣਗੇ, ਕਿ ਕਰਤੇ ਦੀ ਮਿਤਿ ਜਾਂ ਕਰਤਾ ਜਾਣਦਾ ਹੈ ਤੇ ਜਾਂ ਗੁਰੂ। ਜਦਕਿ ਜੇ ਲਾਵਾਂ ਲਗਾ ਕੇ 'ਕੇ' ਪੜ੍ਹਿਆ ਜਾਵੇ ਤਾਂ ਅਰਥ ਬਣਨਗੇ ਕਿ ਗੁਰੂ ਨੂੰ ਕਰਤੇ ਕੀ ਮਿਤਿ ਦਾ ਕੁਝ ਨਹੀਂ ਪਤਾ। ਇਸ ਲਈ ਗਲਤ ਉਚਾਰਣ ਕਰਨ ਨਾਲ ਅਰਥਾਂ ਦੇ ਅਨਰਥ ਹੋ ਰਹੇ ਹਨ। ਗੁਰੂ ਸਾਹਿਬ ਦੀ ਇੱਛਾ ਸੀ ਕਿ ਉਹਨਾਂ ਦੇ ਸਿੱਖ ਗੁਰਬਾਣੀ ਦੇ ਠੀਕ ਅਰਥ ਜਾਣਦੇ ਹੋਣ ਅਤੇ ਸ਼ੁੱਧ ਉਚਾਰਣ ਕਰਨ ਤਦ ਹੀ ਉਹ ਗੁਰਬਾਣੀ ਅਨੁਸਾਰ ਜੀਵਨ ਜੀਊ ਸਕਦੇ ਹਨ।

* ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ-ਗੁਰੂ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਆਦਿ ਗ੍ਰੰਥ ਵਿੱਚ ਉਸੇ ਤਰਤੀਬ ਵਿੱਚ ਚੜ੍ਹਾਇਆ ਜਿਸ ਤਰਤੀਬ ਵਿੱਚ ਗੁਰੂ ਅਰਜਨ ਦੇਵ ਜੀ ਨੇ ਸੰਪਾਦਿਤ ਕੀਤਾ ਸੀ।

* ਭਾਈ ਮਨੀ ਸਿੰਘ ਜੀ ਅਤੇ ਹੋਰ ਸਿੱਖਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕਰਵਾਉਣੇ ਉਹਨਾਂ ਦੇ ਸ਼ਬਦ ਬਾਣੀ ਪ੍ਰਤੀ ਸਤਿਕਾਰ ਨੂੰ ਹੀ ਪਰਗਟ ਕਰਦੇ ਹਨ।

**ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ:-** ਸਮੇਂ ਦੇ ਹਾਲਾਤ ਦੇਖ ਕੇ ਅਤੇ ਆਉਣ ਵਾਲੇ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਨੇ ਆਪਣੇ ਅੰਤਿਮ ਸਮੇਂ ਨੰਦੇੜ ਵਿਖੇ ਸਮੂਹ ਸੰਗਤ ਦੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਰ ਨਿਵਾਇਆ ਅਤੇ ਫੁਰਮਾਇਆ ਕਿ ਅੱਗੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰੂ ਹੋਣਗੇ। ਸਿੱਖਾਂ ਦੇ ਇਹ ਪੁੱਛਣ ਤੇ ਕਿ ਤੁਹਾਡੇ ਤੋਂ ਬਾਅਦ ਸਾਨੂੰ ਕਿਸ ਦੇ ਲੜ ਲਾ ਚੱਲੇ ਹੋ ਤਾਂ ਗੁਰੂ ਸਾਹਿਬ ਜੀ ਨੇ ਆਖਿਆ ਸੀ ਕਿ ਜਿਸ ਨੇ ਮੇਰੇ ਨਾਲ ਗੱਲ ਕਰਨੀ ਹੋਵੇ, ਉਹ ਗੁਰੂ ਗ੍ਰੰਥ ਸਾਹਿਬ ਦਾ ਪ੍ਰੇਮ ਨਾਲ ਪਾਠ ਕਰੇ। ਗੁਰੂ ਜੀ ਨੇ ਆਖਿਆ ਸੀਕਿ ਮੇਰਾ ਸਰੀਰ ਪੰਥ ਵਿੱਚ, ਆਤਮਾ ਗ੍ਰੰਥ ਵਿੱਚ ਹੋਏਗੀ। (ਅੱਜ ਜਦੋਂ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਪੱਖੇ, ਏ.ਸੀ.ਅਤੇ ਰਜਾਈ ਦਿੰਦੇ ਦੇਖਦੇ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਬਚਨ ਕਿਉਂ ਭੁੱਲ ਗਏ ਹਨ? ਆਤਮਾ ਨੂੰ ਤਾਂ ਗਰਮੀ ਸਰਦੀ ਨਹੀਂ ਲੱਗਦੀ....)



**ਗੁਰੂ ਗ੍ਰੰਥ ਸਾਹਿਬ ਜੀ ਬਾਰੇ ਦੋ ਭੁਲੇਖੇ** :- ਗੁਰੂ ਗੋਬਿੰਦ ਸਿੰਘ ਜੀ ਬਾਰੇ ਦੋ ਭੁਲੇਖੇ ਸੰਗਤ ਵਿਚ ਬਣੇ ਹੋਏ ਹਨ ਜਿਹਨਾਂ ਬਾਰੇ ਗੱਲ ਕਰਨੀ ਜ਼ਰੂਰੀ ਹੈ।।

ਪਹਿਲਾ ਭੁਲੇਖਾ ਇਹ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਜੀ ਤੋਂ ਇੱਕ ਪ੍ਰਸ਼ਨ ਪੁੱਛਿਆ ਜਿਹੜਾ ਸਲੋਕ ਮਹਲਾ ? ਵਿਚ ਦਰਜ ਹੈ-

**ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥**
**ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥**..(**ਸਲੋਕ ਮਹਲਾ ੯, ਪੰਨਾ ੧੪੨੯**)

ਕਿਹਾ ਜਾਂਦਾ ਏ ਕਿ ਇਸ ਤੋਂ ਅਗਲਾ ਸਲੋਕ, ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤਾ ਗਿਆ ਜਵਾਬ ਹੈ। ਕੁਝ ਵਿਦਵਾਨ ਤਾਂ ਇਸ ਜਵਾਬ ਨੂੰ ਗੁਰਗੱਦੀ ਦੇਣ ਦਾ ਮਾਪਦੰਡ ਤੱਕ ਕਹਿਣ ਤੋਂ ਸੰਕੋਚ ਨਹੀਂ ਕਰਦੇ।

ਜਸਵਿੰਦਰ ਸਿੰਘ ਰੁਪਾਲ
9814715796



ਦੂਸਰਾ ਸਲੋਕ ਇੰਝ ਹੈ -

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥(ਸਲੋਕ ਮਹਲਾ ੯, ਪੰਨਾ ੧੪੨੯)**

ਸਾਡਾ ਵਿਚਾਰ ਹੈ ਕਿ ਇਹ ਦੋਵੇਂ ਸਲੋਕ ਗੁਰੂ ਤੇਗ ਬਹਾਦਰ ਜੀ ਦੇ ਆਪਣੇ ਹੀ ਲਿਖੇ ਹੋਏ ਹਨ। ਆਪ ਹੀ ਸਵਾਲ ਕਰਕੇ ਉਸਦਾ ਜਵਾਬ ਲਿਖਣ ਦਾ ਤਰੀਕਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰ ਵੀ ਬਹੁਤ ਥਾਵਾਂ ਤੇ ਹੋਰ ਗੁਰੂ ਸਾਹਿਬਾਨ ਅਤੇ ਹੋਰ ਬਾਣੀਕਾਰਾਂ ਵਲੋਂ ਵੀ ਵਰਤਿਆ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾ ਹੋਣ ਦੇ ਦੋ ਹੋਰ ਵੱਡੇ ਕਾਰਨ ਹਨ।

ਪਹਿਲਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ (ਜੇ ਉਹ ਸੱਚਮੁੱਚ ਹੀ ਉਹਨਾਂ ਦੀ ਹੈ) ਦਾ ਅੰਦਾਜ਼ ਅਤੇ ਸ਼ੈਲੀ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਵੱਖਰੀ ਹੈ।

ਦੂਸਰਾ ਹੋਰ ਵੀ ਮਹੱਤਵਪੂਰਨ ਪੱਖ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਆਪਣੀ ਹੀ ਲਿਖਤ ਨੂੰ ਗੁਰੂ ਆਖ ਕੇ ਸੀਸ ਨਹੀਂ ਸੀ ਨਿਵਾ ਸਕਦੇ। ਸੋ ਇਹ ਸਪਸ਼ਟ ਹੈ ਕਿ ਇਹ ਦੋਵੇਂ ਸਲੋਕ ਗੁਰੂ ਤੇਗ ਬਹਾਦਰ ਜੀ ਦੇ ਆਪਣੇ ਹੀ ਲਿਖੇ ਹੋਏ ਹਨ, ਨਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ।

ਇੱਕ ਭੁਲੇਖਾ ਇਹ ਪ੍ਰਚੱਲਿਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ ਦੇ ਸ਼ਬਦ ਵਿੱਚ ਆਇਆ ਸ਼ਬਦ ਖਲਾਸੇ ਨੂੰ ਬਦਲ ਕੇ ਖਾਲਸੇ ਕੀਤਾ ਹੈ। ਇਹ ਸ਼ਬਦ ਇਸ ਤਰਾਂ ਹੈ --

**ਪਰਿਓ ਕਾਲੁ ਸਭੈ ਜਗ ਊਪਰ,**
**ਮਾਹਿ ਲਿਖੇ ਭ੍ਰਮ ਗਿਆਨੀ॥**
**ਕਹੁ ਕਬੀਰ ਜਨ ਭਏ ਖਾਲਸੇ,**
**ਪ੍ਰੇਮ ਭਗਤਿ ਜਿਹ ਜਾਨੀ॥**

**(ਪੰਨਾ ੬੫੪, ਸੋਰਠਿ ਕਬੀਰ ਜੀ)**

ਕਿਹਾ ਜਾਂਦਾ ਏ ਕਿ ਆਖਰੀ ਪੰਕਤੀ ਵਿਚ ਕਹੁ ਕਬੀਰ ਜਨ ਭਏ ਖਲਾਸੇ ਸ਼ਬਦ ਸੀ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਕਰ ਦਿੱਤਾ ਸੀ। ਪਰ ਸਾਡੇ ਵਿਚਾਰ ਅਨੁਸਾਰ ਇਹ ਸੱਚ ਨਹੀਂ ਹੈ।

ਪਹਿਲੀ ਗੱਲ ਕਿਸੇ ਵੀ ਗੁਰੂ ਸਾਹਿਬ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬ ਜਾਂ ਭਗਤਾਂ ਦੀ ਬਾਣੀ ਦਾ ਇੱਕ ਵੀ ਸ਼ਬਦ ਨਹੀਂ ਬਦਲਿਆ। ਹੋਰ ਤਾਂ ਹੋਰ, ਸੰਪਾਦਕੀ ਹੱਕ ਰੱਖਣ ਵਾਲੇ ਗੁਰੂ ਅਰਜਨ ਦੇਵ ਜੀ ਨੇ ਵੀ ਜਿੱਥੇ ਕਿਤੇ ਲੋੜ ਪਈ ਹੈ, ਵੱਖਰਾ ਸ਼ਬਦ ਜਾਂ ਸਲੋਕ ਤਾਂ ਲਿਖ ਦਿੱਤਾ ਹੈ, ਪਰ ਮੂਲ ਸ਼ਬਦ ਨੂੰ ਨਹੀਂ ਬਦਲਿਆ। (ਅੱਜ ਕੱਲ੍ਹ ਦੇ ਬਹੁਤੇ ਸੰਪਾਦਕ ਕਿਤੇ ਰਚਨਾ ਵਿਚੋਂ ਕੁਝ ਹਿੱਸਾ ਕੱਟ ਦਿੰਦੇ ਹਨ ਅਤੇ ਕਿਤੇ ਕਿਤੇ ਆਪਣੇ ਕੋਲੋਂ ਵੀ ਕੁਝ ਲਿਖ ਕੇ ਵਿੱਚ ਸ਼ਾਮਿਲ ਕਰਨ ਤੋਂ ਗੁਰੇਜ਼ ਨਹੀਂ ਕਰਦੇ)। ਇਤਿਹਾਸ ਗਵਾਹ ਹੈ ਕਿ ਗੁਰੂ ਹਰਿ ਰਾਇ ਜੀ ਨੇ ਰਾਮ ਰਾਇ ਜੀ ਵਲੋਂ ਗੁਰਬਾਣੀ ਦਾ ਇੱਕ ਸ਼ਬਦ ਵੀ ਬਦਲਿਆ ਜਾਣਾ ਪ੍ਰਵਾਨ ਨਹੀਂ ਸੀ ਕੀਤਾ।

ਦੂਸਰੀ ਗੱਲ ਭਾਈ ਕਾਹਨ ਸਿੰਘ ਨਾਭਾ ਜੀ ਨੇ ਮਹਾਨ ਕੋਸ਼ ਵਿੱਚ ਉਚੇਚਾ ਫੁੱਟਨੋਟ ਦੇ ਕੇ ਸਪਸ਼ਟ ਕੀਤਾ ਹੈ। ਭਾਈ ਸਾਹਿਬ ਜੀ ਦੇ ਸ਼ਬਦ ਇਸ ਤਰਾਂ ਹਨ--

"ਕਈ ਅਞਾਣ ਲੇਖਕਾਂ ਨੇ ਲਿਖਿਆ ਹੈ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ 'ਖਲਾਸੇ' ਦੀ ਥਾਂ 'ਖਾਲਸੇ' ਸ਼ਬਦ ਵਰਤਿਆ ਹੈ, ਪਰ ਇਹ ਉਨ੍ਹਾਂ ਦੀ ਭੁੱਲ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਕਰਤਾਰਪੁਰ ਵਾਲੀ ਬੀੜ ਵਿੱਚ ਪੁਰਾਣੀ ਕਲਮ ਦਾ ਲਿਖਿਆ ਪਾਠ ਖਾਲਸੇ ਹੈ।

ਸੋ ਇਹ ਭੁਲੇਖੇ ਮਨ ਵਿਚੋਂ ਕੱਢ ਦੇਣੇ ਚਾਹੀਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਮੂਲ ਰੂਪ ਨੂੰ ਹੀ ਗੁਰੂ ਆਖਿਆ ਹੈ। ਉਹਨਾਂ ਨੇ ਤਾਂ ਸਿਰਫ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਸ਼ਾਮਿਲ ਕੀਤਾ ਹੈ ਅਤੇ ਉਹ ਵੀ ਪਹਿਲਾਂ ਹੀ ਚਲਦੀ ਤਰਤੀਬ ਅਨੁਸਾਰ ਹੀ।

* ਭਾਵੇਂ ਇਸ ਮੱਤ ਤੇ ਸਿੱਖ ਕੌਮ ਵਿੱਚ ਵਿਵਾਦ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਾਣੀ ਰਚੀ ਕਿ ਨਹੀਂ? ਦਸਮ ਗ੍ਰੰਥ ਵਿੱਚ ਉਹਨਾਂ ਦੀ ਉਹਨਾਂ ਬਾਣੀ ਕਿੰਨੀ ਕੁ ਹੈ, ਵਿਦਵਾਨਾਂ ਅੰਦਰ ਇਸ ਬਾਰੇ ਵੱਖ ਵੱਖ ਵਿਚਾਰ ਹਨ। ਅਸੀਂ ਉਸ ਸਾਰੇ ਵਿਵਾਦ ਨੂੰ ਪਰ੍ਹੇ ਰੱਖਦੇ ਹੋਏ ਇਹ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਵੀ ਸ਼ਬਦ ਨਹੀਂ। ਸ਼ਾਇਦ ਇੱਕ ਵੱਡਾ ਕਾਰਨ ਇਹੋ ਹੋਵੇ, ਕਿ ਉਹ ਆਪਣੀ ਲਿਖਤ ਨੂੰ ਹੀ ਗੁਰੂ ਆਖ ਕੇ ਮੱਥਾ ਨਹੀਂ ਸੀ ਟੇਕ ਸਕਦੇ। ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕਰਨ ਦੀ ਇਜਾਜ਼ਤ ਅਕਾਲ ਤਖਤ ਤੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਨਹੀਂ ਹੈ।

**ਗੁਰੂ ਗੋਬਿੰਦ ਸਿੰਘ ਜੀ ਦੇ 52 ਹੁਕਮਨਾਮੇ:-** ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਤੋਂ ਕੀਤੇ ਗਏ 52 ਹੁਕਮਨਾਮੇ ਸਿੱਖ ਪੰਥ ਵਿੱਚ ਬਹੁਤ ਸਤਿਕਾਰ ਦਾ ਸਥਾਨ ਰੱਖਦੇ ਹਨ। ਭਾਵੇਂ ਇਹਨਾਂ ਦਾ ਕੋਈ ਪ੍ਰਮਾਣਿਕ ਸਰੋਤ ਤਾਂ ਨਹੀਂ ਮਿਲਦਾ, ਪਰ ਸਾਰਾ ਪੰਥ ਬਿਨਾਂ ਕਿਸੇ ਕਿੰਤੂ ਦੇ ਇਹਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਮੰਨਦਾ ਹੈ।

ਇਹਨਾਂ ਵਿਚੋਂ 10 ਹੁਕਮਨਾਮੇ ਅਜਿਹੇ ਹਨ, ਜਿਹੜੇ ਗੁਰਬਾਣੀ ਦੇ ਸਤਿਕਾਰ ਨੂੰ ਦ੍ਰਿੜ ਕਰਵਾਉਂਦੇ ਹਨ। ਦੇਖੋ ਜਰਾ--

* ਤੀਸਰਾ ਹੁਕਮਨਾਮਾ-ਗੁਰਬਾਣੀ ਕੰਠ ਕਰਨੀ।
* ਛੇਵਾਂ ਹੁਕਮਨਾਮਾ-ਗੁਰਸਿੱਖਾਂ ਪਾਸੋਂ ਗੁਰਬਾਣੀ ਦੇ ਅਰਥ ਸਮਝਣੇ।
*ਅੱਠਵਾਂ ਹੁਕਮਨਾਮਾ-ਸ਼ਬਦ ਦਾ ਅਭਿਆਸ ਕਰਨਾ।
* ਨੌਵਾਂ ਹੁਕਮਨਾਮਾ - ਧਿਆਨ ਸਤਿ ਸਰੂਪ ਸਤਿਗੁਰੂ ਜੀ ਦਾ ਧਰਨਾ।
* ਦਸਵਾਂ ਹੁਕਮਨਾਮਾ-ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ।
*ਵੀਹਵਾਂ ਹੁਕਮਨਾਮਾ-ਗੁਰਬਾਣੀ ਦੀ ਕਥਾ ਅਤੇ ਕੀਰਤਨ ਰੋਜ ਸੁਣਨਾ ਅਤੇ ਕਰਨਾ।
*ਇੱਕੀਵਾਂ ਹੁਕਮਨਾਮਾ-ਦੂਜੇ ਧਰਮਾਂ ਦੀਆਂ ਪੁਸਤਕਾਂ, ਵਿੱਦਿਆ ਪੜ੍ਹਨੀ ਪਰ ਭਰੋਸਾ ਦ੍ਰਿੜ੍ਹ ਗੁਰਬਾਣੀ ਅਤੇ ਅਕਾਲ-ਪੁਰਖ ਉੱਤੇ ਹੀ ਰੱਖਣਾ।
*ਤੇਤੀਵਾ ਹੁਕਮਨਾਮਾ-ਰਹਿਰਾਸ ਦਾ ਪਾਠ ਕਰਕੇ ਖੜ੍ਹੇ ਹੋ ਕੇ ਅਰਦਾਸ ਕਰਨੀ।
* ਚੌਤੀਵਾਂ ਹੁਕਮਨਾਮਾ-ਸੌਣ ਸਮੇਂ ਸੋਹਿਲੇ ਦਾ ਪਾਠ ਕਰਨਾ।
* ਉਨਤਾਲੀਵਾਂ ਹੁਕਮਨਾਮਾ - ਸਭ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅਤੇ ਗੁਰਬਾਣੀ ਅਨੁਸਾਰ ਕਰਨੇ।

**ਅੰਤਿਕਾ:-** ਉਪਰੋਕਤ ਵਿਚਾਰ ਚਰਚਾ ਤੋਂ ਅਸੀਂ ਦੇਖਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿੱਚ ਸ਼ਬਦ-ਬਾਣੀ ਨੂੰ ਸਦਾ ਸਤਿਕਾਰ ਦਿੱਤਾ। ਉਦੋਂ ਦੁੱਖ ਲੱਗਦਾ ਹੈ ਜਦੋਂ ਅੱਜ ਸਿੱਖਾਂ ਨੂੰ, ਹੋਰ ਤਾਂ ਹੋਰ ਖਾਲਸਿਆਂ ਨੂੰ ਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਵੱਖ ਵੱਖ ਰੰਗ ਬਿਰੰਗੇ ਡੇਰਿਆਂ ਅਤੇ ਬਾਬਿਆਂ ਕੋਲ ਜਾਂਦੇ ਦੇਖਦੇ ਹਾਂ। ਗੁਰ-ਫੁਰਮਾਨ ਹੈ-

**ਜਾ ਕੋ ਠਾਕੁਰੁ ਊਚਾ ਹੋਈ।**
**ਸੋ ਜਨੁ ਪਰ ਘਰ ਜਾਤ ਨ ਸੋਹੀ।**

**(ਗਉੜੀ ਭੀ ਸੋਰਠਿ ਭੀ ਪੰਨਾ 330)**

ਸਪਸ਼ਟ ਹੈ ਕਿ ਅੱਜ ਸਿੱਖਾਂ ਨੂੰ ਆਪਣੇ ਗੁਰੂ ਤੇ ਭਰੋਸਾ ਵਿਸਵਾਸ਼ ਨਹੀ ਰਿਹਾ ਇਸੇ ਲਈ ਉਹ ਹੋਰ ਦੁਆਰਿਆਂ ਤੇ ਭਟਕਦੇ ਫਿਰਦੇ ਹਨ। ਪਾਤਸ਼ਾਹ ਬਖਸ਼ਿਸ਼ ਕਰਨ ਸਾਨੂੰ ਗੁਰੂ ਸਾਹਿਬਾਨ ਨੇ ਜਿਸ ਸ਼ਬਦ ਦੇ ਲੜ ਲਾਇਆ ਹੈ, ਉਸ ਦਾ ਸਤਿਕਾਰ ਕਰਨਾ ਆ ਜਾਵੇ। ਸ਼ਬਦ ਦੀ ਸਮਝ ਆ ਸਕੇ, ਸ਼ਬਦ ਨੂੰ ਕਮਾਉਣਾ ਸਿੱਖ ਸਕੀਏ। ਸ਼ਬਦ ਅਨੁਸਾਰ ਆਪਣਾ ਜੀਵਨ ਢਾਲ ਸਕੀਏ।


HAPPY NEW YEAR
2026
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਅਤੇ ਨਵੇਂ ਸਾਲ ਦੀਆਂ
ਲੱਖ-ਲੱਖ ਵਧਾਈਆਂ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
CHARKHA'S
ਦੀ ਚੇਨ ਦੇ ਮਾਲਕ
Pabla Beverages inc &
Pauls Liquors & Markets
Www.bevstore.com 408-515-5330,
San Jose Morgan Hill Gilroy California
Surinder Singh Pabla
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ
ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ
ਸ. ਜਰਨੈਲ ਸਿੰਘ ਮੌਂਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ


HAPPY
NEW YEAR
2026
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਦਸ਼ਮੇਸ਼ ਪਿਤਾ ਸਾਹਿਬ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਅਤੇ ਨਵੇਂ ਸਾਲ ਦੀਆਂ
ਲੱਖ-ਲੱਖ ਵਧਾਈਆਂ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
Best Western
Holiday Inn Express & Suites
ਸਿਟੀ ਆਫ਼ ਗਾਲਟ ਦੇ ਮੇਅਰ ਅਤੇ
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ
ਦੇ ਮੁੱਖ ਸੇਵਾਦਾਰ
ਸ. ਪਰਗਟ ਸਿੰਘ ਸੰਧੂ

# ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸਫਰ-ਏ-ਸ਼ਹਾਦਤ ਸਮਾਗਮਾਂ 'ਚ ਸਾਹਿਬਜ਼ਾਦਿਆਂ ਦੀ ਪਵਿੱਤਰ ਸ਼ਹਾਦਤ ਨੂੰ ਸਿਜਦਾ, ਭਾਰੀ ਗਿਣਤੀ ਸੰਗਤਾਂ ਨੇ ਭਰੀ ਹਾਜ਼ਰੀ

## ਮਾਤਾ ਪਿਤਾ ਪੁੱਤ ਵਾਰਕੇ, ਕਹਿੰਦਾ ਭਾਣਾ ਮਿੱਠਾ ਵਾਹਿਗੁਰੂ ਤੇਰਾ ਸਰਬੰਸ ਦਾਨੀਆਂ ਵੇ ਦੇਣਾ ਕੌਣ ਦੇਵੇਗਾ ਤੇਰਾ

### ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ 'ਤੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਨਗਰ ਕੀਰਤਨ, ਗਤਕਾ ਅਤੇ ਕੀਰਤਨ ਦਰਬਾਰ ਨਾਲ ਫਤਹਿਗੜ੍ਹ ਸਾਹਿਬ ਦੀਆਂ ਸਮੂਹ ਸੰਗਤਾਂ ਵਲੋਂ ਭਾਵਭਿੰਨੀ ਸ਼ਰਧਾਂਜਲੀ











ਸੈਨਹੋਜੇ ਕੈਲੀਫੋਰਨੀਆ : ਗੁਰਦੁਆਰਾ ਸਾਹਿਬ ਸੈਨਹੋਜੇ ਵਿਖੇ ਸ੍ਰੀ ਫਤਹਿਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਹਰ ਸਾਲ ਦੀ ਤਰ੍ਹਾਂ ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ ਅਤੇ ਸੈਨਹੋਜੇ ਸ਼ਹਿਰ ਅਤੇ ਦੂਰੋਂ-ਦੂਰੋਂ ਸੰਗਤਾਂ ਨੇ ਪਹੁੰਚ ਕੇ ਹਾਜ਼ਰੀ ਭਰੀ ਅਤੇ ਗੁਰਦੁਆਰਾ ਸਾਹਿਬ ਵਿਖੇ ਸੇਵਾ ਕੀਤੀ। 26, 27, 29 ਦਸੰਬਰ, ਤਿੰਨੋ ਦਿਨ ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਦੇ ਪਰਵਾਹ ਚੱਲਦੇ ਰਹੇ ਅਤੇ ਐਤਵਾਰ ਨੂੰ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਗਏ। 26 ਦਸੰਬਰ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਆਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਅਤੇ ਐਤਵਾਰ ਨੂੰ ਸਵੇਰੇ ਭੋਗ ਪਾਏ ਗਏ। ਐਤਵਾਰ ਦੇ ਵਿਸ਼ੇਸ਼ ਦੀਵਾਨਾਂ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾ ਵਾਚਕਾਂ ਨੇ ਗੁਰਬਾਣੀ ਕੀਰਤਨ, ਕਥਾ ਰਾਹੀਂ ਸੰਗਤਾਂ ਨੂੰ ਇਤਿਹਾਸ ਸਰਵਣ ਕਰਵਾਇਆ। 27 ਦਸੰਬਰ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿਚ ਬੱਚਿਆਂ ਵੱਲੋਂ ਰਸਭਿੰਨਾ ਕੀਰਤਨ ਸੰਗਤਾਂ ਨੂੰ ਸਰਵਣ ਕਰਵਾਇਆ ਗਿਆ। ਗੁਰਬਾਣੀ ਦੇ ਰਸਭਿੰਨੇ ਕੀਰਤਨ ਤੋਂ ਇਲਾਵਾ, ਸੰਗਤਾਂ ਨੂੰ ਕਥਾ ਰਾਹੀਂ ਇਤਿਹਾਸ ਸਰਵਣ ਕਰਵਾਉਂਦੇ ਹੋਏ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਸਰਬੰਸ ਵਾਰ ਕੇ ਆਪਣੇ ਵਿਹੜੇ ਦੀ ਰੌਣਕ ਦੀ ਪਰਵਾਹ ਨਾ ਕਰਕੇ ਸ਼ਹਾਦਤਾਂ ਦੇ ਦਿੱਤੀਆਂ ਅਤੇ ਧਰਮ ਮਨੁੱਖਤਾ ਦੇ ਵਿਹੜੇ ਵਿਚ ਰੌਣਕਾਂ ਲਾ ਦਿੱਤੀਆਂ ਅਤੇ ਸਿੱਖ ਕੌਮ ਦਾ ਇਤਿਹਾਸ ਦੁਨੀਆ ਦੇ ਧਰਮਾਂ ਤੋਂ ਵੱਖਰਾ ਕਰ ਦਿੱਤਾ। ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ







## ਧੰਨਵਾਦ ਸਹਿਤ

### ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਿਹਗੜ੍ਹ ਸਾਹਿਬ ਅਤੇ ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਸੇਵਾ ਸੁਸਾਇਟੀ

# ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸਫਰ-ਏ-ਸ਼ਹਾਦਤ ਸਮਾਗਮਾਂ ’ਚ ਸਾਹਿਬਜ਼ਾਦਿਆਂ ਦੀ ਪਵਿੱਤਰ ਸ਼ਹਾਦਤ ਨੂੰ ਸਿਜਦਾ, ਭਾਰੀ ਗਿਣਤੀ ਸੰਗਤਾਂ ਨੇ ਭਰੀ ਹਾਜ਼ਰੀ

## ਮਾਤਾ ਪਿਤਾ ਪੁੱਤ ਵਾਰਕੇ, ਕਹਿੰਦਾ ਭਾਣਾ ਮਿੱਠਾ ਵਾਹਿਗੁਰੂ ਤੇਰਾ ਸਰਬੰਸ ਦਾਨੀਆਂ ਵੇ ਦੇਣਾ ਕੌਣ ਦੇਵੇਗਾ ਤੇਰਾ

### ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ’ਤੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਨਗਰ ਕੀਰਤਨ, ਗਤਕਾ ਅਤੇ ਕੀਰਤਨ ਦਰਬਾਰ ਨਾਲ ਫਤਹਿਗੜ੍ਹ ਸਾਹਿਬ ਦੀਆਂ ਸਮੂਹ ਸੰਗਤਾਂ ਵਲੋਂ ਭਾਵਭਿੰਨੀ ਸ਼ਰਧਾਂਜਲੀ








ਸਰਬੰਸਦਾਨੀ ਨੇ ਸਾਰਾ ਸਰਬੰਸ ਵਾਰ ਦਿੱਤਾ। ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਮਾਸੂਮ ਬੱਚਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਹਨਾਂ ਧਰਮ ਦੀ ਖਾਤਰ, ਮਨੁੱਖਤਾ ਦੀ ਖਾਤਰ ਸਮੁੱਚੀ ਮਾਨਵਤਾ ਲਈ ਆਪਣੇ ਸੀਸ ਦੀ ਪਰਵਾਹ ਨਹੀਂ ਕੀਤੀ। ਦਸਾਂ ਗੁਰੂਆਂ ਦਾ ਸਫਰ ਰਬਾਬ ਤੋਂ ਸ਼ੁਰੂ ਹੋ ਕੇ, ਨਗਾਰਿਆਂ ਸ਼ਾਸ਼ਤਰਾਂ, ਧਰਮ ਯੁੱਗ, ਮਾਨਵਤਾ ਦੇ ਲਈ, ਸਰਬਤ ਦੇ ਭਲੇ ਲਈ ਸਿੰਜਿਆ ਗਿਆ। ਛੋਟੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਨੂੰ ਸਮਰਪਿਤ ਬਾਅਦ ਦੁਪਹਿਰ ਗੁਰਦੁਆਰਾ ਸਾਹਿਬ ਸੈਨਹੋਜੇ ਵਿਖੇ ਨਗਰ ਕੀਰਤਨ ਕੱਢਿਆ ਗਿਆ। ਗੁਰਦੁਆਰਾ ਸਾਹਿਬ ਦੇ ਅੰਦਰ ਸੰਗਤਾਂ ਨੂੰ ਗੁਰਬਾਣੀ, ਕੀਰਤਨ ਸ਼ਬਦ ਦਾ ਗਾਇਨ ਕਰਦਿਆਂ, ਨਾਮ ਸਿਮਰਨ ਕਰਦਿਆਂ ਨਗਰ ਕੀਰਤਨ ਦੀ ਸਮਾਪਤੀ ਕੀਤੀ। ਗੁਰਦੁਆਰਾ ਸਾਹਿਬ ਵਿਖੇ ਐਤਵਾਰ ਦੇ ਦੀਵਾਨਾਂ ਵਿਚ ਹਾਜ਼ਰੀ ਭਰੀ। ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ, ਬੇ-ਏਰੀਆ ਦੇ ਸਮੂਹ ਸੇਵਾਦਾਰਾਂ ਵਲੋਂ ਤਿੰਨੇ ਦਿਨ ਗੁਰੂਘਰ ਵਿਖੇ ਸੰਗਤਾਂ ਦੀ ਸੇਵਾ ਕੀਤੀ ਗਈ, ਸੰਗਤਾਂ ਵਲੋਂ ਗੁਰੁ ਕੇ ਲੰਗਰ ਲਗਾਏ ਗਏ। ਇਸ ਮੌਕੇ ’ਤੇ ਵਿਸ਼ੇਸ਼ ਸਿੱਖ ਪ੍ਰਦਰਸ਼ਨੀ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਦੇ ਜੀਵਨ ਸਬੰਧੀ ਲਗਾਈ ਗਈ ਗੁਰਦੁਆਰਾ ਸਾਹਿਬ ਦੇ ਸੈਕਟਰੀ ਸਾਹਿਬ ਨੇ ਸਮੂਹ ਪ੍ਰਬੰਧਕ ਕਮੇਟੀ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ, ਬੇ-ਏਰੀਆ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਦੀਆਂ ਸਮੂਹ ਸੰਗਤਾਂ ਅਤੇ ਸੇਵਾਦਾਰਾਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।







**ਧੰਨਵਾਦ ਸਹਿਤ**

**ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਿਹਗੜ੍ਹ ਸਾਹਿਬ ਅਤੇ ਬਾਬਾ ਜੋਰਾਵਾਰ ਸਿੰਘ ਬਾਬਾ ਫਤਿਹ ਸਿੰਘ ਸੇਵਾ ਸੁਸਾਇਟੀ**

# ਨਿਊਯਾਰਕ ਦੀ ਸਿੱਖ ਕਲਚਰਲ ਸੁਸਾਇਟੀ ਵਿਖੇ 5ਵਾਂ 'ਯੂਥ ਸਪੀਚ ਮੁਕਾਬਲਾ' ਯਾਦਗਾਰੀ ਹੋ ਨਿਬੜਿਆ

## ਨੰਨ੍ਹੇ ਬੁਲਾਰਿਆਂ ਨੇ 'ਹਿੰਦ ਦੀ ਚਾਦਰ' ਅਤੇ 'ਸਾਹਿਬਜ਼ਾਦਿਆਂ' ਦੀ ਸ਼ਹਾਦਤ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਕੀਤਾ ਭਾਵੁਕ









**(ਨਿਊਯਾਰਕ ਤੋਂ ਸਾਡੇ ਲੋਕ ਅਖਬਾਰ ਦੀ ਵਿਸ਼ੇਸ਼ ਰਿਪੋਰਟ)**

ਨਿਊਯਾਰਕ: ਸਿੱਖ ਕੌਮ ਦੇ ਸ਼ਾਨਾਮੱਤੇ ਇਤਿਹਾਸ ਅਤੇ ਲਾਸਾਨੀ ਸ਼ਹਾਦਤਾਂ ਨੂੰ ਸਮਰਪਿਤ, 'ਦ ਸਿੱਖ ਕਲਚਰਲ ਸੁਸਾਇਟੀ ਇੰਕ' (The Sikh Cultural Society Inc.) ਵਿਖੇ 5ਵਾਂ ਈਸਟ-ਕੋਸਟ ਪੱਧਰੀ ਯੂਥ ਸਪੀਚ ਮੁਕਾਬਲਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸੈਂਕੜੇ ਬੱਚਿਆਂ, ਮਾਪਿਆਂ ਅਤੇ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸਮਾਗਮ ਦਾ ਮਾਹੌਲ ਪੂਰੀ ਤਰ੍ਹਾਂ ਖਾਲਸਾਈ ਰੰਗ ਵਿੱਚ ਰੰਗਿਆ ਹੋਇਆ ਸੀ ਅਤੇ ਹਰ ਬੁਲਾਰੇ ਦੀ ਜ਼ੁਬਾਨ 'ਤੇ ਕੌਮ ਦੇ ਸ਼ਹੀਦਾਂ ਦਾ ਜ਼ਿਕਰ ਸੀ।

ਸਟੇਜ ਸਕੱਤਰ ਅਤੇ ਪ੍ਰਬੰਧਕਾਂ ਦੇ ਭਾਵਪੂਰਤ ਬੋਲ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਟੇਜ ਸੰਚਾਲਕਾਂ ਨੇ ਸਭ ਤੋਂ ਪਹਿਲਾਂ ਇਸ ਮੁਕਾਬਲੇ ਦੇ ਅਸਲ ਮਕਸਦ 'ਤੇ ਚਾਨਣਾ ਪਾਇਆ। ਉਨ੍ਹਾਂ ਬੜੇ ਦਮਦਾਰ ਲਹਿਜ਼ੇ ਵਿੱਚ ਕਿਹਾ: 'ਸਾਡਾ ਮਕਸਦ ਸਿਰਫ਼ ਬੱਚਿਆਂ ਨੂੰ ਸਟੇਜ 'ਤੇ ਖੜ੍ਹਾ ਕਰਨਾ ਨਹੀਂ ਹੈ, ਬਲਕਿ ਇਹ ਹੈ ਕਿ ਸਾਡੀ ਆਉਣ ਵਾਲੀ 'ਪਨੀਰੀ' (ਨਵੀਂ ਪੀੜ੍ਹੀ) ਨੂੰ ਪਤਾ ਲੱਗੇ ਕਿ ਅਸੀਂ ਕੌਣ ਹਾਂ। ਵਿਦੇਸ਼ਾਂ ਦੀ ਚਕਾਚੌਂਧ ਵਿੱਚ ਇਹ ਜ਼ਰੂਰੀ ਹੈ ਕਿ ਬੱਚੇ ਆਪਣੀਆਂ ਜੜ੍ਹਾਂ ਨਾਲ ਜੁੜਨ। ਸਾਨੂੰ ਮਾਣ ਹੋਣਾ ਚਾਹੀਦਾ ਹੈ ਕਿ ਅਸੀਂ ਉਸ ਕੌਮ ਦੇ ਵਾਰਿਸ ਹਾਂ ਜਿਸਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ।'

ਉਨ੍ਹਾਂ ਅੱਗੇ ਕਿਹਾ ਕਿ ਮਾਪੇ ਬੱਚਿਆਂ ਨੂੰ ਸਕੂਲ ਦੀ ਪੜ੍ਹਾਈ ਦੇ ਨਾਲ-ਨਾਲ ਕੀਰਤਨ ਅਤੇ ਗੁਰਮਤਿ ਕਲਾਸਾਂ ਲਈ ਲੈ ਕੇ ਆਉਂਦੇ ਹਨ, ਜੋ ਕਿ ਬਹੁਤ ਸ਼ਲਾਘਾਯੋਗ ਉਪਰਾਲਾ ਹੈ।

ਪੋਹ ਦੇ ਮਹੀਨੇ ਦੀ ਮਹੱਤਤਾ ਦਾ ਜ਼ਿਕਰ ਬੁਲਾਰਿਆਂ ਨੇ ਵਿਸ਼ੇਸ਼ ਤੌਰ 'ਤੇ ਪੋਹ ਦੇ ਮਹੀਨੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਦਿਨ ਸਿੱਖਾਂ ਲਈ ਸਭ ਤੋਂ ਵੱਧ ਵੈਰਾਗਮਈ ਅਤੇ ਜ਼ਿੰਮੇਵਾਰੀ ਵਾਲੇ ਦਿਨ ਹਨ। ਸਟੇਜ ਤੋਂ ਬੋਲਦਿਆਂ ਬੁਲਾਰੇ ਨੇ ਕਿਹਾ: 'ਇਹ ਉਹ ਦਿਨ ਹਨ ਜਦੋਂ ਅਨੰਦਪੁਰ ਦਾ ਕਿਲ੍ਹਾ ਛੱਡਿਆ ਗਿਆ, ਪਰਿਵਾਰ ਵਿਛੋੜਾ ਪਿਆ, ਚਮਕੌਰ ਦੀ ਜੰਗ ਹੋਈ ਅਤੇ ਸਰਹੰਦ ਦੀਆਂ ਨੀਹਾਂ ਵਿੱਚ ਛੋਟੇ ਸਾਹਿਬਜ਼ਾਦਿਆਂ ਨੇ ਸ਼ਹਾਦਤ ਦਾ ਜਾਮ ਪੀਤਾ। ਸਾਨੂੰ ਆਪਣੇ ਬੱਚਿਆਂ ਨੂੰ ਇਹ ਦੱਸਣਾ ਪਵੇਗਾ ਕਿ ਅੱਜ ਅਸੀਂ ਜੋ ਆਜ਼ਾਦੀ ਮਾਣ ਰਹੇ ਹਾਂ, ਉਹ ਇਨ੍ਹਾਂ ਮਹਾਨ ਸ਼ਹਾਦਤਾਂ ਦੀ ਬਦੌਲਤ ਹੈ।'

ਨੰਨ੍ਹੇ ਬੁਲਾਰੇ ਅਗਮਵੀਰ ਸਿੰਘ ਨੇ 'ਹਿੰਦ ਦੀ ਚਾਦਰ' ਵਿਸ਼ੇ 'ਤੇ ਭਰੀ ਦਮਦਾਰ ਹਾਜ਼ਰੀ ਮੁਕਾਬਲੇ ਦੀ ਸਭ ਤੋਂ ਖਾਸ ਗੱਲ ਛੋਟੇ ਬੱਚਿਆਂ ਦਾ ਜੋਸ਼









# ਨਿਊਯਾਰਕ ਦੀ ਸਿੱਖ ਕਲਚਰਲ ਸੁਸਾਇਟੀ ਵਿਖੇ 5ਵਾਂ 'ਯੂਥ ਸਪੀਚ ਮੁਕਾਬਲਾ' ਯਾਦਗਾਰੀ ਹੋ ਨਿਬੜਿਆ

## ਨੰਨ੍ਹੇ ਬੁਲਾਰਿਆਂ ਨੇ 'ਹਿੰਦ ਦੀ ਚਾਦਰ' ਅਤੇ 'ਸਾਹਿਬਜ਼ਾਦਿਆਂ' ਦੀ ਸ਼ਹਾਦਤ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਕੀਤਾ ਭਾਵੁਕ












ਸੀ। ਬੱਚੇ ਅਗਮਵੀਰ ਸਿੰਘ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ। ਉਸਨੇ ਆਪਣੀ ਤਕਰੀਰ ਵਿੱਚ ਕਿਹਾ: 'ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ, ਜਿਨ੍ਹਾਂ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ, ਨੇ ਉਸ ਸਮੇਂ ਕੁਰਬਾਨੀ ਦਿੱਤੀ ਜਦੋਂ ਜ਼ੁਲਮ ਸਿਖਰਾਂ 'ਤੇ ਸੀ। ਉਨ੍ਹਾਂ ਨੇ ਸਿਰਫ਼ ਸਿੱਖਾਂ ਲਈ ਨਹੀਂ, ਬਲਕਿ ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਹੱਕਾਂ ਲਈ ਆਪਣਾ ਸੀਸ ਵਾਰਿਆ। ਉਨ੍ਹਾਂ ਦਾ ਫੈਸਲਾ ਅਟੱਲ ਸੀ ਕਿ ਧਰਮ ਜਬਰ ਨਾਲ ਨਹੀਂ ਬਦਲਿਆ ਜਾ ਸਕਦਾ।'

ਬੱਚੇ ਦੀ ਇਸ ਸਪੀਚ ਨੇ ਹਾਲ ਵਿੱਚ ਬੈਠੀ ਸੰਗਤ ਨੂੰ ਭਾਵੁਕ ਕਰ ਦਿੱਤਾ ਅਤੇ ਜੈਕਾਰਿਆਂ ਦੀ ਗੂੰਜ ਨਾਲ ਹਾਲ ਗੂੰਜ ਉੱਠਿਆ।

ਹੋਰਨਾਂ ਬੱਚਿਆਂ ਦਾ ਪ੍ਰਦਰਸ਼ਨ ਇਸ ਤੋਂ ਇਲਾਵਾ ਆਦਵਿਕ ਕੱਕੜ, ਈਸ਼ਾਨ ਕੱਕੜ ਅਤੇ ਹੋਰ ਬੱਚਿਆਂ ਨੇ ਵੀ ਸਿੱਖ ਇਤਿਹਾਸ ਦੇ ਵੱਖ-ਵੱਖ ਪਹਿਲੂਆਂ 'ਤੇ ਰੌਸ਼ਨੀ ਪਾਈ। ਬੱਚਿਆਂ ਨੇ ਬਿਨਾਂ ਡਰੇ, ਪੂਰੇ ਆਤਮ-ਵਿਸ਼ਵਾਸ ਨਾਲ ਮਾਈਕ 'ਤੇ ਬੋਲ ਕੇ ਸਾਬਤ ਕਰ ਦਿੱਤਾ ਕਿ ਸਿੱਖੀ ਦਾ ਬੂਟਾ ਪਰਦੇਸਾਂ ਵਿੱਚ ਵੀ ਪੂਰੀ ਤਰ੍ਹਾਂ ਪ੍ਰਫੁੱਲਤ ਹੈ।

ਸੰਦੇਸ਼: ਅਖੀਰ ਵਿੱਚ ਪ੍ਰਬੰਧਕਾਂ ਨੇ ਜੱਜ ਸਾਹਿਬਾਨ ਅਤੇ ਮਾਪਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿੱਤ-ਹਾਰ ਨਾਲੋਂ ਵੱਡੀ ਗੱਲ ਬੱਚਿਆਂ ਦਾ ਆਪਣੀ ਬੋਲੀ ਅਤੇ ਇਤਿਹਾਸ ਨਾਲ ਜੁੜਨਾ ਹੈ। ਇਹ ਸਮਾਗਮ ਨਿਊਯਾਰਕ ਦੇ ਸਿੱਖ ਭਾਈਚਾਰੇ ਲਈ ਇੱਕ ਮਿਸਾਲੀ ਉਪਰਾਲਾ ਬਣ ਕੇ ਉੱਭਰਿਆ। ਇਸ ਸਮਾਗਮ ਵਿਚ ਵੱਖ-ਵੱਖ ਸੰਸਥਾਵਾਂ ਅਤੇ ਜਥੇਬੰਦੀਆਂ ਨੇ ਵੱਖ-ਵੱਖ ਚੜ੍ਹ ਕੇ ਹਿੱਸਾ ਲਿਆ ਜਿਨ੍ਹਾਂ ਵਿਚ Gurdwara Dashmesh Darbar NJ-Nov 22, Gurdwara Guru Nanak Sikh Society, Nazareth PA-Nov 23, Gurdwara Singh Sabha Fairfax VA-Dec 6, Sikh Gurdwara Pine Hill, NJ-Dec 6, Baltimore Sikh Society, Dundalk MD-Dec 6, Gurdwara Sikh Society of Harrisburg, PC-Dec 7, Gurdwara Gurr Nanak Darbar Medford, MA-Dec 13th, Gurdwara Guru Nanak Darbar, CT-Dec 14, Gurdwara Sikh Cultural Society NY - Dec 19, Gurdwara Sikh Center of NY (222st)-Dec 20, Guru Nanak Darbar NY-Dec 20, Gurdwara Baba makhan Shah NY-Dec 21 ਆਦਿ ਸ਼ਾਮਲ ਹਨ।











# ਨਿਊਯਾਰਕ 'ਚ ਗੂੰਜੇ ਸਾਹਿਬਜ਼ਾਦਿਆਂ ਦੇ ਜੈਕਾਰੇ; ਯੂਥ ਸਪੀਚ ਮੁਕਾਬਲੇ ਦੌਰਾਨ ਬੱਚਿਆਂ ਨੇ ਭਰੀਆਂ ਦਮਦਾਰ ਹਾਜ਼ਰੀਆਂ






**(ਨਿਊਯਾਰਕ ਤੋਂ ਸਾਡੇ ਲੋਕ ਅਖਬਾਰ ਦੀ ਵਿਸ਼ੇਸ਼ ਰਿਪੋਰਟ)**

ਨਿਊਯਾਰਕ: ਸੱਤ ਸਮੁੰਦਰੋਂ ਪਾਰ, ਅਮਰੀਕਾ ਦੀ ਚਕਾਚੌਂਧ ਵਿੱਚ ਅਕਸਰ ਫਿਕਰ ਰਹਿੰਦਾ ਹੈ ਕਿ ਸਾਡੀ ਆਉਣ ਵਾਲੀ ਪੀੜ੍ਹੀ ਆਪਣੀਆਂ ਜੜ੍ਹਾਂ ਨੂੰ ਯਾਦ ਰੱਖੇਗੀ ਜਾਂ ਨਹੀਂ? ਪਰ ਬੀਤੇ ਦਿਨੀਂ 'ਸਿੱਖ ਕਲਚਰਲ ਸੁਸਾਇਟੀ ਇੰਕ' ਵਿਖੇ ਜੋ ਨਜ਼ਾਰਾ ਦੇਖਣ ਨੂੰ ਮਿਲਿਆ, ਉਸਨੇ ਇਸ ਫਿਕਰ ਨੂੰ ਫ਼ਖਰ ਵਿੱਚ ਬਦਲ ਦਿੱਤਾ। ਮੌਕਾ ਸੀ '5ਵੇਂ ਈਸਟ-ਕੋਸਟ ਪੱਧਰੀ ਯੂਥ ਮੁਕਾਬਲੇ' ਦਾ, ਜਿੱਥੇ ਨੰਨ੍ਹੇ ਬੱਚਿਆਂ ਨੇ ਸਿੱਖ ਇਤਿਹਾਸ ਦੀ ਅਜਿਹੀ ਪੇਸ਼ਕਾਰੀ ਦਿੱਤੀ ਕਿ ਹਾਲ ਜੈਕਾਰਿਆਂ ਨਾਲ ਗੂੰਜ ਉੱਠਿਆ।

ਪੋਹ ਦੀਆਂ ਠੰਡੀਆਂ ਰਾਤਾਂ ਅਤੇ ਬੱਚਿਆਂ ਦਾ ਜੋਸ਼ ਪ੍ਰੋਗਰਾਮ ਦਾ ਮਾਹੌਲ ਪੂਰੀ ਤਰ੍ਹਾਂ ਵੈਰਾਗਮਈ ਅਤੇ ਜੋਸ਼ੀਲਾ ਸੀ। ਬੁਲਾਰਿਆਂ ਨੇ ਜਦੋਂ ਮੰਚ ਤੋਂ ਪੋਹ ਦੇ ਮਹੀਨੇ ਦਾ ਜ਼ਿਕਰ ਛੇੜਿਆ—ਸਰਹੰਦ ਦੀਆਂ ਖ਼ੂਨੀ ਨੀਹਾਂ, ਮਾਛੀਵਾੜੇ ਦੇ ਜੰਗਲ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਵਿਛੋੜਾ— ਤਾਂ ਹਰ ਅੱਖ ਨਮ ਹੋ ਗਈ। ਪ੍ਰਬੰਧਕਾਂ ਨੇ ਬੜੇ ਭਾਵੁਕ ਲਹਿਜ਼ੇ ਵਿੱਚ ਕਿਹਾ ਕਿ ਇਹ ਸਿਰਫ਼ ਬੱਚਿਆਂ ਦਾ ਮੁਕਾਬਲਾ ਨਹੀਂ, ਸਗੋਂ ਕੌਮ ਦੀ ਉਸ 'ਪਨੀਰੀ' ਨੂੰ ਸਿੰਜਣ ਦਾ ਉਪਰਾਲਾ ਹੈ, ਜਿਸਨੇ ਕੱਲ੍ਹ ਨੂੰ ਸਿੱਖੀ ਦਾ ਵਾਰਿਸ ਬਣਨਾ ਹੈ।

ਅਗਮਵੀਰ, ਆਦਵਿਕ ਅਤੇ ਈਸ਼ਾਨ ਨੇ ਬੰਨ੍ਹਿਆ ਸਮਾਂ ਸਟੇਜ 'ਤੇ ਜਦੋਂ ਛੋਟੇ ਕੱਦ ਪਰ ਵੱਡੀ ਸੋਚ ਵਾਲੇ ਬੱਚੇ ਅਗਮਵੀਰ ਸਿੰਘ, ਆਦਵਿਕ ਕੱਕੜ ਅਤੇ ਈਸ਼ਾਨ ਕੱਕੜ ਮਾਈਕ ਫੜ ਕੇ ਖੜ੍ਹੇ ਹੋਏ, ਤਾਂ ਸੰਗਤਾਂ ਦੰਗ ਰਹਿ ਗਈਆਂ। ਖਾਸ ਕਰਕੇ ਬਾਲ ਬੁਲਾਰੇ ਅਗਮਵੀਰ ਸਿੰਘ ਨੇ ਜਦੋਂ 'ਹਿੰਦ ਦੀ ਚਾਦਰ' ਧੰਨ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਕੁਰਬਾਨੀ ਦਾ ਜ਼ਿਕਰ ਕੀਤਾ, ਤਾਂ ਹਾਲ





# ਨਿਊਯਾਰਕ 'ਚ ਗੂੰਜੇ ਸਾਹਿਬਜ਼ਾਦਿਆਂ ਦੇ ਜੈਕਾਰੇ; ਯੂਥ ਸਪੀਚ ਮੁਕਾਬਲੇ ਦੌਰਾਨ ਬੱਚਿਆਂ ਨੇ ਭਰੀਆਂ ਦਮਦਾਰ ਹਾਜ਼ਰੀਆਂ





ਵਿੱਚ ਸੰਨਾਟਾ ਛਾ ਗਿਆ। ਉਸਨੇ ਆਪਣੀ ਤਕਰੀਰ ਵਿੱਚ ਦੱਸਿਆ ਕਿ ਕਿਵੇਂ ਗੁਰੂ ਸਾਹਿਬ ਨੇ ਮਨੁੱਖਤਾ ਦੇ ਹੱਕਾਂ ਲਈ ਆਪਣਾ ਸੀਸ ਵਾਰਿਆ ਸੀ। ਬੱਚਿਆਂ ਦੇ ਮੂੰਹੋਂ ਇਤਿਹਾਸ ਸੁਣ ਕੇ ਇੰਝ ਲੱਗ ਰਿਹਾ ਸੀ ਜਿਵੇਂ ਸਿੱਖੀ ਦਾ ਭਵਿੱਖ ਸੁਰੱਖਿਅਤ ਹੱਥਾਂ ਵਿੱਚ ਹੋਵੇ।

ਮਾਪਿਆਂ ਦੀ ਮਿਹਨਤ ਇਸ ਸਮਾਗਮ ਦੀ ਸਫਲਤਾ ਪਿੱਛੇ ਉਨ੍ਹਾਂ ਮਾਪਿਆਂ ਦੀ ਘਾਲਣਾ ਸਾਫ ਨਜ਼ਰ ਆ ਰਹੀ ਸੀ, ਜਿਨ੍ਹਾਂ ਨੇ ਵਿਦੇਸ਼ੀ ਰੁਝੇਵਿਆਂ ਦੇ ਬਾਵਜੂਦ ਆਪਣੇ ਬੱਚਿਆਂ ਨੂੰ ਵਿਰਾਸਤ ਨਾਲ ਜੋੜ ਕੇ ਰੱਖਿਆ ਹੈ। ਜੱਜਾਂ ਅਤੇ ਪ੍ਰਬੰਧਕਾਂ ਨੇ ਸਹੀ ਹੀ ਕਿਹਾ ਕਿ ਇੱਥੇ ਜਿੱਤ ਕਿਸੇ ਟਰਾਫੀ ਦੀ ਨਹੀਂ, ਬਲਕਿ ਸਿੱਖੀ ਸਿਦਕ ਦੀ ਹੋਈ ਹੈ।

ਇਸ ਸਮਾਗਮ ਵਿਚ ਵੱਖ-ਵੱਖ ਸੰਸਥਾਵਾਂ ਅਤੇ ਜਥੇਬੰਦੀਆਂ ਨੇ ਵੱਖ-ਵੱਖ ਚੜ੍ਹ ਕੇ ਹਿੱਸਾ ਲਿਆ ਜਿਨ੍ਹਾਂ ਵਿਚ Gurdwara Dashmesh Darbar NJ-Nov 22, Gurdwara Guru Nanak Sikh Society, Nazareth PA-Nov 23, Gurdwara Singh Sabha Fairfax VA-Dec 6, Sikh Gurdwara Pine Hill, NJ-Dec 6, Baltimore Sikh Society, Dundalk MD-Dec 6, Gurdwara Sikh Society of Harrisburg, PC-Dec 7, Gurdwara Gurr Nanak Darbar Medford, MA-Dec 13th, Gurdwara Guru Nanak Darbar, CT-Dec 14, Gurdwara Sikh Cultural Society NY - Dec 19, Gurdwara Sikh Center of NY (222st)-Dec 20, Guru Nanak Darbar NY-Dec 20, Gurdwara Baba makhan Shah NY-Dec 21 ਆਦਿ ਸ਼ਾਮਲ ਹਨ।







# ਸ੍ਰੀ ਹਰਿਮੰਦਰ ਸਾਹਿਬ ਵਿਖੇ ਨਵੇਂ ਸਾਲ ਮੌਕੇ ਵੱਡੀ ਗਿਣਤੀ ’ਚ ਸੰਗਤ ਹੋਈ ਨਤਮਸਤਕ





ਅੰਮ੍ਰਿਤਸਰ : ਨਵੇਂ ਸਾਲ 2026 ਦੀ ਆਮਦ ’ਤੇ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੀਆਂ ਅਤੇ ਨਵੇਂ ਸਾਲ ਦੌਰਾਨ ਪਰਿਵਾਰਕ ਸੁੱਖ ਸ਼ਾਂਤੀ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਦੇਰ ਅੱਧੀ ਰਾਤ ਨੂੰ ਜਦੋਂ ਨਵੇਂ ਸਾਲ 2026 ਦਾ ਆਗਾਜ਼ ਹੋਇਆ ਤਾਂ ਉਸ ਵੇਲੇ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜੇ ਹੋਏ ਸਨ। ਹਰ ਪਾਸੇ ਸੰਗਤਾਂ ਦਾ ਸੈਲਾਬ ਨਜ਼ਰ ਆ ਰਿਹਾ ਸੀ। ਸ਼ਰਧਾਲੂਆਂ ਨੇ ਨਾਮ ਸਿਮਰਨ ਕਰਦਿਆਂ ਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਬੁਲਾ ਕੇ ਨਵੇਂ ਸਾਲ ਦਾ ਸਵਾਗਤ ਕੀਤਾ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਹਰ ਸਾਲ ਵਾਂਗ ਨਵੇਂ ਸਾਲ ਦੀ ਆਮਦ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਪੁੱਜੇ।

## ਤਾਮਿਲਨਾਡੂ ਦੀ ਧਰਤੀ ਤੋਂ ਗੁਰੂ ਤੇਗ ਬਹਾਦਰ ਜੀ ਨੂੰ ਵਿਲੱਖਣ ਸ਼ਰਧਾਂਜਲੀ: ਪਹਿਲਾ ‘ਤਾਮਿਲ ਸਿੱਖ ਗੀਤ’ ਹੋਇਆ ਰਿਲੀਜ਼

### ਬਹੁਜਨ ਦ੍ਰਾਵਿੜ ਪਾਰਟੀ ਦੀ ਨਿਵੇਕਲੀ ਪਹਿਲ; ‘ਸ੍ਰਿਸ਼ਟੀ ਕੀ ਚਾਦਰ’ ਗੀਤ ਰਾਹੀਂ ਦ੍ਰਾਵਿੜ ਅਤੇ ਸਿੱਖ ਸੱਭਿਆਚਾਰ ਦਾ ਸੁਮੇਲ




ਚੰਡੀਗੜ੍ਹ : ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਹੁਣ ਦੱਖਣੀ ਭਾਰਤ ਦੀ ਤਾਮਿਲ ਭਾਸ਼ਾ ਵਿੱਚ ਵੀ ਗਾਇਆ ਜਾਵੇਗਾ। ਚੇਨਈ ਵਿੱਚ ਚੱਲ ਰਹੇ ਮਾਰਗਜ਼ੀਲ ਮੱਕਲ ਇਸਾਈ ਉਤਸਵ ਦੌਰਾਨ ਪ੍ਰਸਿੱਧ ਫ਼?ਲਮ ਨਿਰਮਾਤਾ ਪਾ ਰੰਜੀਤ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਸਾਲ ਨੂੰ ਸਮਰਪਿਤ ਪਹਿਲਾ ਤਾਮਿਲ ਗੀਤ ‘ਸ੍ਰਿਸ਼ਟੀ-ਕੀ-ਚਾਦਰ - ਗੁਰੂ ਤੇਗ ਬਹਾਦਰ ਜੀ ’ ਰਿਲੀਜ਼ ਕੀਤਾ ਗਿਆ ਹੈ।

ਬਹੁਜਨ ਦ੍ਰਾਵਿੜ ਪਾਰਟੀ (BDP) ਦੇ ਸੰਸਥਾਪਕ ਜੀਵਨ ਸਿੰਘ ਵੱਲੋਂ ਲਿਖੇ ਗਏ ਇਸ ਗੀਤ ਵਿੱਚ ਗੁਰੂ ਤੇਗ ਬਹਾਦਰ ਜੀ ਨੂੰ ਸਮੁੱਚੀ ਮਾਨਵਤਾ ਦੇ ਰੱਖਿਅਕ ਵਜੋਂ ਪੇਸ਼ ਕੀਤਾ ਗਿਆ ਹੈ। ਗੀਤ ਦੇ ਬੋਲ ਗੁਰੂ ਸਾਹਿਬ ਵੱਲੋਂ ਧਾਰਮਿਕ ਕੱਟੜਤਾ ਅਤੇ ਜਾਤੀਵਾਦ ਵਿਰੁੱਧ ਲੜੀ ਗਈ ਜੰਗ ਨੂੰ ਬਾਖੂਬੀ ਬਿਆਨ ਕਰਦੇ ਹਨ। ਇਸ ਨੂੰ ਪ੍ਰਧੂਵਈ ਸਿੱਥਨ ਜੈਮੂਰਤੀ, ਐਮ. ਫ਼ਰੀਦਾ ਅਤੇ ਪੀ. ਸਮਾਨਾ ਨੇ ਆਪਣੀ ਸੁਰੀਲੀ ਆਵਾਜ਼ ਨਾਲ ਸ਼ਿੰਗਾਰਿਆ ਹੈ।

ਗੀਤ ਦੀ ਵੀਡੀਓ ਵਿੱਚ ਆਧੁਨਿਕ 19 (ਆਰਟੀਫੀਸ਼ੀਅਲ ਇੰਟੈਲੀਜੈਂਸ) ਦੁਆਰਾ ਤਿਆਰ ਕੀਤੇ ਗਏ ਦ੍ਰਿਸ਼ਾਂ ਦੇ ਨਾਲ-ਨਾਲ ‘ਸਕੂਲ ਆਫ ਮੀਰੀ ਪੀਰੀ ਤਾਮਿਲਨਾਡੂ’ ਦੀਆਂ ਝਲਕੀਆਂ ਵੀ ਦਿਖਾਈਆਂ ਗਈਆਂ ਹਨ। ਵੀਡੀਓ ਵਿੱਚ ਤਾਮਿਲ ਅਤੇ ਪੰਜਾਬੀ ਸਿੱਖਾਂ ਨੂੰ ਇਕੱਠੇ ਲੰਗਰ ਸੇਵਾ ਕਰਦੇ ਦਿਖਾ ਕੇ ਬਰਾਬਰੀ ਦਾ ਸੁਨੇਹਾ ਦਿੱਤਾ ਗਿਆ ਹੈ, ਜੋ ਸਿੱਖੀ ਅਤੇ ਦ੍ਰਾਵਿੜ ਵਿਚਾਰਧਾਰਾ ਦੇ ਆਪਸੀ ਸਾਂਝੇ ਸਿਧਾਂਤਾਂ ਨੂੰ ਦਰਸਾਉਂਦਾ ਹੈ। ਇਸ ਸੱਭਿਆਚਾਰਕ ਸਾਂਝ ਦੇ ਪਿੱਛੇ ਇੱਕ ਡੂੰਘਾ ਸਬੰਧ ਹੈ।

ਸਾਲ 2021 ਵਿੱਚ ਦਿੱਲੀ ਦੇ ਸਿੰਘੂ ਬਾਰਡਰ ’ਤੇ ਹੋਏ ਕਿਸਾਨ ਅੰਦੋਲਨ ਦੌਰਾਨ ਤਾਮਿਲਨਾਡੂ ਤੋਂ ਲਗਭਗ 200 ਲੋਕ ਸ਼ਾਮਲ ਹੋਏ ਸਨ, ਜਿਨ੍ਹਾਂ ਵਿੱਚੋਂ ਕਈਆਂ ਨੇ ਸਿੱਖੀ ਜੀਵਨ ਜਾਂਚ ਨੂੰ ਅਪਣਾ ਲਿਆ। ਇਸੇ ਸਾਂਝ ਕਾਰਨ ਬੀ.ਡੀ.ਪੀ. ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ 7 ਤਾਮਿਲ ਸਿੱਖ ਉਮੀਦਵਾਰਾਂ ਨੂੰ ਮੈਦਾਨ ਵਿੱਚ ਉਤਾਰਿਆ ਸੀ।

ਗੀਤ ਦੇ ਰਿਲੀਜ਼ ਮੌਕੇ ਯੂਨਾਈਟਿਡ ਸਿੱਖਿਜ਼ਮ ਤਾਮਿਲਨਾਡੂ ਦੇ ਡਾਇਰੈਕਟਰ ਸੁਰਜੀਤ ਸਿੰਘ ਅਤੇ ਹੋਰ ਪ੍ਰਮੁੱਖ ਸਿੱਖ ਸ਼ਖਸੀਅਤਾਂ ਹਾਜ਼ਰ ਸਨ। ਬੁਲਾਰਿਆਂ ਨੇ ਕਿਹਾ ਕਿ ਇਹ ਗੀਤ ਸਿਰਫ਼ ਇੱਕ ਰਚਨਾ ਨਹੀਂ, ਸਗੋਂ ਸਮਾਜਿਕ ਬਰਾਬਰੀ ਲਈ ਲੜਨ ਵਾਲੀਆਂ ਦੋ ਮਹਾਨ ਲਹਿਰਾਂ (ਦ੍ਰਾਵਿੜ ਅਤੇ ਸਿੱਖ) ਦੇ ਆਪਸੀ ਮਿਲਾਪ ਦਾ ਪ੍ਰਤੀਕ ਹੈ।

## ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਇਤਿਹਾਸ ਹਮੇਸ਼ਾ ਯਾਦ ਰੱਖੇਗਾ: ਨਾਇਬ ਸਿੰਘ ਸੈਣੀ

### ਮੁੱਖ ਮੰਤਰੀ ਨੇ ਸ਼ਰੀਫ਼ਗੜ੍ਹ ਤੇ ਪ੍ਰਤਾਪਗੜ੍ਹ ’ਚ ਕਾਫ਼ਲਾ ਰੋਕ ਕੇ ਲੰਗਰ ਛਕਿਆ



ਸ਼ਾਹਬਾਦ ਮਾਰਕੰਡਾ : ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ, ਸੱਚ ਤੇ ਸਵੈ-ਮਾਣ ਦੀ ਰੱਖਿਆ ਲਈ ਆਪਣਾ ਪੂਰਾ ਪਰਿਵਾਰ ਕੁਰਬਾਨ ਕਰ ਦਿੱਤਾ। ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਇਤਿਹਾਸ ਦੇ ਪੰਨਿਆਂ ਵਿੱਚ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਮਾਜ ਨੂੰ ਇਸ ਮਹਾਨ ਸ਼ਹਾਦਤ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ। ਸਿੱਖ ਭਾਈਚਾਰੇ ਵੱਲੋਂ ਅੱਜ ਇੱਥੋਂ ਨੇੜਲੇ ਪਿੰਡਾਂ ਸ਼ਰੀਫ਼ਗੜ੍ਹ ਤੇ ਪਿਪਲੀ ਨੇੜੇ ਪ੍ਰਤਾਪਗੜ੍ਹ ਵਿੱਚ ਲੰਗਰ ਲਾਏ ਹੋਏ ਸਨ।

ਇਸ ਦੌਰਾਨ ਚੰਡੀਗੜ੍ਹ ਤੋਂ ਕੁਰੂਕਸ਼ੇਤਰ ਜਾ ਰਹੇ ਮੁੱਖ ਮੰਤਰੀ ਸ੍ਰੀ ਸੈਣੀ ਨੇ ਆਪਣਾ ਕਾਫ਼ਲਾ ਰੋਕ ਕੇ ਲੰਗਰ ਛਕਿਆ। ਮੁੱਖ ਮੰਤਰੀ ਨੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦੇਣ ਮਗਰੋਂ ਸਿੱਖ ਭਾਈਚਾਰੇ ਨਾਲ ਗੱਲਬਾਤ ਵੀ ਕੀਤੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਪੂਰਾ ਦੇਸ਼ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਵੱਲੋਂ ਧਰਮ, ਸੱਚ ਤੇ ਸਵੈ-ਮਾਣ ਦੀ ਰੱਖਿਆ ਲਈ ਇੰਨੀ ਛੋਟੀ ਉਮਰ ਵਿੱਚ ਦਿੱਤੀ ਕੁਰਬਾਨੀ ਨੂੰ ਯਾਦ ਕਰ ਰਿਹਾ ਹੈ ਤੇ ਵੱਖ-ਵੱਖ ਥਾਵਾਂ ’ਤੇ ਲੰਗਰ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਛੋਟੇ ਸਾਹਿਬਜ਼ਾਦਿਆਂ ਨੂੰ ਯਾਦ ਕਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਤ ਕਰਨ ਦਾ ਸਮਾਂ ਹੈ। ਉਨ੍ਹਾਂ ਕਿਹਾ ਕਿ ਬਹਾਦਰੀ ਸਿਰਫ਼ ਜੰਗ ਦੇ ਮੈਦਾਨ ਵਿੱਚ ਹੀ ਨਹੀਂ, ਸਗੋਂ ਸੱਚ ਤੇ ਵਿਸ਼ਵਾਸ ਵਿੱਚ ਦ੍ਰਿੜ੍ਹ ਰਹਿਣ ਵਿੱਚ ਵੀ ਹੈ। ਸਾਹਿਬਜ਼ਾਦਿਆਂ ਦੀ ਕੁਰਬਾਨੀ ਅੱਜ ਵੀ ਸਮਾਜ ਨੂੰ ਇਹ ਸੰਦੇਸ਼ ਦਿੰਦੀ ਹੈ ਕਿ ਉਮਰ ਨਹੀਂ ਸਗੋਂ ਦ੍ਰਿੜ੍ਹਤਾ ਹੈ, ਜੋ ਇਤਿਹਾਸ ਬਣਾਉਂਦੀ ਹੈ। ਇਹ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੀਆਂ ਸਭਿਆਚਾਰਕ ਕਦਰਾਂ ਕੀਮਤਾਂ, ਨੈਤਿਕ ਹਿੰਮਤ ਤੇ ਮਨੁੱਖੀ ਮਾਣ ਨਾਲ ਜੋੜਨ ਦਾ ਕੰਮ ਕਰਦੀ ਹੈ।

## ਬੱਚਿਆਂ ਵਲੋਂ ਕਵਿਤਾਵਾਂ ਮੁਕਾਬਲਾ ’ਚ ਮਾਤਾ ਗੁਜਰ ਕੌਰ, ਚਾਰ ਸਾਹਿਬਜਾਦਿਆਂ ਅਤੇ ਸਮੂਹ ਸ਼ਹੀਦਾਂ ਨੂੰ ਕੀਤਾ ਯਾਦ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਮਾਤਾ ਗੁਜਰ ਕੌਰ ਚਾਰ ਸਾਹਿਬਜ਼ਾਦੇ ਅਤੇ ਹੋਰ ਸ਼ਹੀਦਾਂ ਦੀ ਯਾਦ ਵਿੱਚ ਜਿੱਥੇ ਪੂਰੇ ਦੇਸ਼ ਦੇ ਵਿੱਚ ਗੁਰੂ ਘਰਾਂ ’ਚ ਸੰਗਤਾਂ ਨਤਮਸਤਕ ਹੋ ਰਹੀਆਂ ਹਨ ਅਤੇ ਬਾਬਾ ਮੋਤੀ ਰਾਮ ਮਹਿਰਾ ਦੀ ਗੁਰੂ ਸਹਿਬ ਦੇ ਪਰਿਵਾਰ ਦੀ ਕੀਤੀ ਅਥਾਹ ਸੇਵਾ ਅਤੇ ਉਨ੍ਹਾਂ ਦੀ ਲਸਾਨੀ ਸ਼ਹਾਦਤ ਨੂੰ ਵੀਂ ਯਾਦ ਕੀਤਾ ਜਾ ਰਿਹਾ ਹੈ ਅਤੇ ਨਗਰ ਕੀਰਤਨ ਵੀ ਕੱਢੇ ਜਾ ਰਹੇ ਨੇ ਤੇ ਗੁਰਦੁਆਰਿਆਂ ਦੇ ਵਿੱਚ ਗੁਰੂ ਦਾ ਜਸ ਕੀਤਾ ਜਾ ਰਿਹਾ ਉਸ ਸੰਦਰਭ ਦੇ ਵਿੱਚ ਅੱਜ ਗੁਰੂਦੁਆਰਾ ਬਿਜਲੀ ਘਰ ਟਾਂਡਾ ਵਿਖੇ ਬੱਚਿਆਂ ਵੱਲੋਂ ਚਾਰ ਸਾਹਿਬਜ਼ਾਦਿਆਂ ਨੂੰ ਯਾਦ ਕੀਤਾ ਗਿਆ ਤੇ ਬੱਚਿਆਂ ਵਲੋਂ ਉਨ੍ਹਾਂ ਦੀ ਯਾਦ ਵਿੱਚ ਕਵਿਤਾ ਮੁਕਾਬਲੇ ਹੋਏ। ਬਿਜਲੀ ਘਰ ਟਾਂਡਾ ਦੀਆਂ ਸੰਗਤਾਂ, ਖ਼ਾਸਕਰ ਬੱਚਿਆਂ ਨੇ ਕਵਿਤਾਵਾਂ ਗਾ ਕੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਯਾਦ ਕੀਤਾ. ਬੱਚਿਆਂ ਦੇ ਉਤਸ਼ਾਹ ਨੂੰ ਵਧਾਉਂਦੇ ਹੋਏ ਉਹਨਾਂ ਨੂੰ ਕਾਪੀਆਂ, ਪੈਨਸਿਲਾਂ ਅਤੇ ਬਿਸਕੁਟ ਵੀ ਵੰਡੇ ਗਏ। ਇਸ ਪ੍ਰੋਗਰਾਮ ਨੂੰ ਕਰਵਾਉਣ ਵਿਚ ਮੁੱਖ ਸੇਵਾਦਾਰ ਥਾਣੇਦਾਰ ਕੁਲਵੰਤ ਸਿੰਘ, ਪ੍ਰਗਟ ਸਿੰਘ,ਅਤੇ ਸੈਕਟਰੀ ਸਾਹਿਬ ਸਰਦਾਰ ਕਸ਼ਮੀਰ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਉੱਤਰੀ ਭਾਰਤ 'ਚ ਕੜਾਕੇ ਦੀ ਠੰਢ; ਦਿੱਲੀ ਹਵਾਈ ਅੱਡੇ 'ਤੇ 148 ਉਡਾਣਾਂ ਰੱਦ

## ਠੰਢੀਆਂ ਹਵਾਵਾਂ ਤੇ ਸੰਘਣੀ ਧੁੰਦ ਕਾਰਨ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ











ਚੰਡੀਗੜ੍ਹ/ਨਵੀਂ ਦਿੱਲੀ : ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਸਮੇਤ ਸਮੁੱਚਾ ਉੱਤਰੀ ਭਾਰਤ ਕੜਾਕੇ ਦੀ ਠੰਢ ਦੀ ਲਪੇਟ 'ਚ ਹੈ। ਠੰਢੀਆਂ ਹਵਾਵਾਂ ਅਤੇ ਸੰਘਣੀ ਧੁੰਦ ਕਾਰਨ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਸੰਘਣੀ ਧੁੰਦ ਕਾਰਨ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਘੱਟੋ-ਘੱਟ 150 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਅਤੇ 200 ਤੋਂ ਵੱਧ ਉਡਾਣਾਂ ਵਿਚ ਦੇਰੀ ਹੋਈ, ਜਿਸ ਕਾਰਨ ਹਵਾਈ ਅੱਡਾ ਅਧਿਕਾਰੀਆਂ ਨੂੰ 'ਓਰੇਂਜ ਅਲਰਟ' ਜਾਰੀ ਕਰਨਾ ਪਿਆ। ਸੜਕ ਅਤੇ ਰੇਲ ਆਵਾਜਾਈ 'ਤੇ ਵੀ ਇਸ ਦਾ ਡੂੰਘਾ ਅਸਰ ਪਿਆ ਹੈ, ਜਿੱਥੇ ਵਿਜ਼ੀਬਿਲਟੀ ਮਹਿਜ਼ 50 ਮੀਟਰ ਤੱਕ ਰਹਿ ਗਈ। ਇਸ ਦੇ ਨਾਲ ਹੀ ਦਿੱਲੀ ਦੀ ਹਵਾ ਦੀ ਗੁਣਵੱਤਾ (ਏ. ਕਿਊ. ਆਈ.) 384 ਦਰਜ ਕੀਤੀ ਗਈ, ਜੋ ਕਿ 'ਬਹੁਤ ਖਰਾਬ' ਸ਼੍ਰੇਣੀ ਵਿੱਚ ਆਉਂਦੀ ਹੈ। ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ ਵਿਚ ਠੰਢ ਹੋਰ ਵਧਣ ਅਤੇ ਕੁਝ ਇਲਾਕਿਆਂ 'ਚ ਹਲਕੀ ਬਾਰਿਸ਼ ਦੀ ਸੰਭਾਵਨਾ ਜਤਾਈ ਹੈ। ਬੀਤੇ 24 ਘੰਟਿਆਂ ਦੌਰਾਨ ਅੰਮ੍ਰਿਤਸਰ ਵਿਚ ਘੱਟੋ-ਘੱਟ ਤਾਪਮਾਨ 6.1 ਡਿਗਰੀ ਸੈਲਸੀਅਸ, ਲੁਧਿਆਣਾ 'ਚ 6.8 ਡਿਗਰੀ, ਪਟਿਆਲਾ 'ਚ 7.2 ਡਿਗਰੀ, ਬਠਿੰਡਾ 'ਚ 7.2 ਡਿਗਰੀ ਸੈਲਸੀਅਸ, ਪਠਾਨਕੋਟ 'ਚ 8.5 ਡਿਗਰੀ, ਫ਼ਰੀਦਕੋਟ 'ਚ 7 ਡਿਗਰੀ ਅਤੇ ਗੁਰਦਾਸਪੁਰ 'ਚ 5.2 ਡਿਗਰੀ ਸੈਲਸੀਅਸ ਰਿਹਾ। ਚੰਡੀਗੜ੍ਹ 'ਚ ਘੱਟੋ-ਘੱਟ ਤਾਪਮਾਨ 8.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਹਰਿਆਣਾ ਦੇ ਅੰਬਾਲਾ 'ਚ ਘੱਟੋ-ਘੱਟ ਤਾਪਮਾਨ 9.6 ਡਿਗਰੀ ਸੈਲਸੀਅਸ, ਹਿਸਾਰ 'ਚ 7.1 ਡਿਗਰੀ, ਕਰਨਾਲ 'ਚ 6.2 ਡਿਗਰੀ, ਨਾਰਨੌਲ 'ਚ 4.5 ਡਿਗਰੀ ਅਤੇ ਰੋਹਤਕ ਵਿਚ 4.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਦੂਜੇ ਪਾਸੇ, ਰਾਜਧਾਨੀ ਦਿੱਲੀ ਦਾ ਹਵਾ ਗੁਣਵੱਤਾ ਸੂਚਕਅੰਕ (ਏ.ਕਿਊ.ਆਈ) 384 ਦਰਜ ਕੀਤਾ ਗਿਆ, ਜੋ 'ਬਹੁਤ ਖ਼ਰਾਬ' ਤੋਂ 'ਗੰਭੀਰ' ਸ਼੍ਰੇਣੀ ਵਿਚ ਆਉਂਦਾ ਹੈ।

ਇਸੇ ਦੌਰਾਨ ਮੁੜ ਸੰਘਣੀ ਧੁੰਦ ਕਾਰਨ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਵਿਖੇ ਚਾਰ ਅੰਤਰਰਾਸ਼ਟਰੀ ਤੇ ਪੰਜ ਘਰੇਲੂ ਉਡਾਣਾਂ ਰੱਦ ਹੋ ਗਈਆਂ, ਜਦੋਂਕਿ ਸ਼ਾਮ ਨੂੰ ਕੁਆਲਾਲੰਪੁਰ ਤੋਂ 6.30 ਵਜੇ ਪੁੱਜਣ ਵਾਲੀ ਏਅਰ ਏਸ਼ੀਆ ਉਡਾਣ ਨੂੰ ਅੰਮ੍ਰਿਤਸਰ ਹਵਾਈ ਅੱਡੇ ਦੇ ਉੱਪਰੋਂ ਹੀ ਦਿੱਲੀ ਵੱਲ ਮੋੜ ਦਿੱਤਾ ਗਿਆ। ਰਾਤ ਕਰੀਬ 8.30 ਵਜੇ ਕੁਆਲਾਲੰਪੁਰ ਤੋਂ ਪੁੱਜਣ ਵਾਲੀ ਮਲੇਸ਼ੀਆ ਏਅਰ ਲਾਈਨ ਦੀ ਉਡਾਣ ਅਤੇ ਏਅਰ ਇੰਡੀਆ ਐਕਸਪ੍ਰੈਸ ਵਲੋਂ ਦੁਬਈ ਤੋਂ ਰਾਤ 1 ਵਜੇ ਪੁੱਜਣ ਵਾਲੀ ਉਡਾਣ ਰੱਦ ਕਰ ਦਿੱਤੀ ਗਈ, ਜਦੋਂਕਿ ਘਰੇਲੂ ਉਡਾਣਾਂ 'ਚ ਪੁਣੇ, ਸ੍ਰੀਨਗਰ ਤੇ ਤਿੰਨ ਦਿੱਲੀ ਦੀਆਂ ਉਡਾਣਾਂ ਰੱਦ ਹੋ ਗਈਆਂ।

ਜ਼ਿਕਰਯੋਗ ਹੈ ਕਿ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਸਮੇਤ ਸਮੁੱਚੇ ਉੱਤਰ ਭਾਰਤ ਵਿੱਚ ਕੜਾਕੇ ਦੀ ਠੰਢ ਅਤੇ ਸੰਘਣੀ ਧੁੰਦ ਕਾਰਨ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਬੁੱਧਵਾਰ ਨੂੰ ਸੰਘਣੀ ਧੁੰਦ ਕਾਰਨ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਘੱਟੋ-ਘੱਟ 148 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਅਤੇ 150 ਤੋਂ ਵੱਧ ਉਡਾਣਾਂ ਵਿੱਚ ਦੇਰੀ ਹੋਈ, ਜਿਸ ਕਾਰਨ ਹਵਾਈ ਅੱਡਾ ਅਧਿਕਾਰੀਆਂ ਨੂੰ 'ਓਰੇਂਜ ਅਲਰਟ' ਜਾਰੀ ਕਰਨਾ ਪਿਆ।

ਸੜਕ ਅਤੇ ਰੇਲ ਆਵਾਜਾਈ 'ਤੇ ਵੀ ਇਸ ਦਾ ਡੂੰਘਾ ਅਸਰ ਪਿਆ ਹੈ, ਜਿੱਥੇ ਵਿਜ਼ੀਬਿਲਟੀ ਮਹਿਜ਼ 50 ਮੀਟਰ ਤੱਕ ਰਹਿ ਗਈ। ਇਸ ਦੇ ਨਾਲ ਹੀ ਦਿੱਲੀ ਦੀ ਹਵਾ ਦੀ ਗੁਣਵੱਤਾ (AQI) 384 ਦਰਜ ਕੀਤੀ ਗਈ, ਜੋ ਕਿ 'ਬਹੁਤ ਖਰਾਬ' ਸ਼੍ਰੇਣੀ ਵਿੱਚ ਆਉਂਦੀ ਹੈ। ਠੰਢ ਦੇ ਵਧਦੇ ਪ੍ਰਕੋਪ ਨੂੰ ਦੇਖਦੇ ਹੋਏ ਅਸਾਮ ਦੇ ਗੁਹਾਟੀ ਵਿੱਚ ਸਕੂਲ 6 ਜਨਵਰੀ ਤੱਕ ਬੰਦ ਕਰ ਦਿੱਤੇ ਗਏ ਹਨ। ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ ਵਿੱਚ ਹੋਰ ਠੰਢ ਅਤੇ ਕੁਝ ਇਲਾਕਿਆਂ ਵਿੱਚ ਹਲਕੀ ਬਾਰਿਸ਼ ਦੀ ਸੰਭਾਵਨਾ ਜਤਾਈ ਹੈ, ਜਿਸ ਕਾਰਨ ਪ੍ਰਸ਼ਾਸਨ ਨੇ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ। ਉਧਰ ਪੰਜਾਬ ਵਿੱਚ ਸਿੱਖਿਆ ਵਿਭਾਗ ਵੱਲੋਂ 31 ਦਸੰਬਰ ਤੱਕ ਛੁੱਟੀਆਂ ਕੀਤੀਆਂ ਗਈਆਂ ਹਨ, ਹਾਲਾਂਕਿ ਠੰਢ ਹੋਰ ਵਧ ਰਹੀ ਹੈ। ਸੂਬੇ ਵਿੱਚ ਤਾਪਮਾਨ ਲਗਾਤਾਰ ਡਿੱਗਣ ਅਤੇ ਠੰਢੀਆਂ ਹਵਾਵਾਂ ਚੱਲਣ ਕਾਰਨ ਮਾਪੇ ਬੱਚਿਆਂ ਨੂੰ ਸਕੂਲ ਭੇਜਣ ਬਾਰੇ ਸੋਚਣ ਲਈ ਮਜਬੂਰ ਹੋ ਸਕਦੇ ਹਨ। ਬੀਤੇ ਵਰ੍ਹਿਆਂ ਦੌਰਾਨ ਜ਼ਿਆਦਾ ਠੰਢ ਨੂੰ ਦੇਖਦਿਆਂ ਕਈ ਵਾਰ ਸੂਬਾ ਸਰਕਾਰ ਵੱਲੋਂ ਛੁੱਟੀਆਂ ਵਿੱਚ ਵਾਧੇ ਦਾ ਐਲਾਨ ਕੀਤਾ ਜਾਂਦਾ ਰਿਹਾ ਹੈ, ਪਰ ਅਜੇ ਤੱ ਪੰਜਾਬ ਸਰਕਾਰ ਵੱਲੋਂ ਛੁੱਟੀਆਂ ਵਧਾਉਣ ਬਾਰੇ ਕੋਈ ਐਲਾਨ ਨਹੀਂ ਕੀਤਾ ਗਿਆ ਹੈ।

# SGPC ਵੱਲੋਂ ਸ਼ਹੀਦ ਜਥੇਦਾਰ ਗੁਰਦੇਵ ਸਿੰਘ ਕੌਂਓਕੇ ਦੀ ਯਾਦ 'ਚ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਏ ਗਏ ਭੋਗ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਗੁਰਦੇਵ ਸਿੰਘ ਕੌਂਓਕੇ ਦੀ ਸ਼ਹੀਦੀ ਦੀ ਯਾਦ ਵਿੱਚ ਗੁਰਮਤਿ ਮਰਿਆਦਾ ਅਨੁਸਾਰ



ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰਕੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ। ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀ, ਮੁਲਾਜ਼ਮ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਭਾਈ ਗੁਰਦੇਵ ਸਿੰਘ ਕੌਂਓਕੇ ਨੇ ਸਿੱਖ ਸਿਧਾਂਤਾਂ ਅਤੇ ਪੰਥਕ ਅਸੂਲਾਂ ਦੀ ਰੱਖਿਆ ਕਰਦੇ ਹੋਏ 1993 ਵਿੱਚ ਅੱਤ ਦੇ ਜ਼ੁਲਮ ਸਹਿੰਦੇ ਹੋਏ ਸ਼ਹਾਦਤ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਇਹ ਸਿੱਖ ਇਤਿਹਾਸ ਦਾ ਦਰਦਨਾਕ ਅਧਿਆਇ ਹੈ ਕਿ ਜਿਨ੍ਹਾਂ ਨੇ ਇਸ ਨਿਰਦੋਸ਼ ਸ਼ਹੀਦ 'ਤੇ ਜ਼ੁਲਮ ਕੀਤਾ, ਉਹ ਅਜੇ ਤੱਕ ਕਾਨੂੰਨੀ ਸਜ਼ਾ ਤੋਂ ਬਚੇ ਹੋਏ ਹਨ।

ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਿੱਖ ਕੌਮ ਆਪਣੇ ਸ਼ਹੀਦਾਂ ਦੀ ਕੁਰਬਾਨੀ ਨੂੰ ਕਦੇ ਭੁੱਲਦੀ ਨਹੀਂ। ਸ਼ਹੀਦਾਂ ਦੀ ਯਾਦ ਸਿਰਫ਼ ਇਤਿਹਾਸ ਨਹੀਂ, ਸਗੋਂ ਕੌਮ ਲਈ ਰਾਹਨੁਮਾਈ ਦਾ ਸਰੋਤ ਹੈ, ਜੋ ਸਾਨੂੰ ਸੱਚ ਅਤੇ ਇਨਸਾਫ਼ ਦੇ ਪੱਖ 'ਚ ਖੜ੍ਹੇ ਰਹਿਣ ਦੀ ਤਾਕਤ ਦਿੰਦੀ ਹੈ।

ਇਸ ਮੌਕੇ ਸ਼ਹੀਦ ਜਥੇਦਾਰ ਗੁਰਦੇਵ ਸਿੰਘ ਕੌਂਓਕੇ ਦਾ ਪਰਿਵਾਰ ਵੀ ਸਮਾਗਮ ਵਿੱਚ ਸ਼ਾਮਲ ਹੋਇਆ, ਜਿਨ੍ਹਾਂ ਦੇ ਨਾਲ ਉਨ੍ਹਾਂ ਦਾ ਪੋਤਰਾ ਵੀ ਹਾਜ਼ਰ ਸੀ। ਪਰਿਵਾਰ ਦੀ ਮੌਜੂਦਗੀ ਨੇ ਸਮਾਗਮ ਨੂੰ ਭਾਵੁਕ ਅਤੇ ਇਤਿਹਾਸਕ ਮਹੱਤਤਾ ਨਾਲ ਭਰਪੂਰ ਬਣਾ ਦਿੱਤਾ।

ਜਿੱਥੇ ਇਕ ਪਾਸੇ ਸੰਗਤਾਂ ਨਵੇਂ ਸਾਲ ਦੇ ਆਗਮਨ ਨੂੰ ਖੁਸ਼ੀਆਂ ਨਾਲ ਮਨਾ ਰਹੀਆਂ ਸਨ, ਉੱਥੇ ਹੀ ਸਿੱਖ ਕੌਮ ਨੇ ਗੰਭੀਰਤਾ ਅਤੇ ਸ਼ਰਧਾ ਨਾਲ ਜਥੇਦਾਰ ਗੁਰਦੇਵ ਸਿੰਘ ਕੌਂਓਕੇ ਦੀ ਸ਼ਹਾਦਤ ਦਾ ਦਿਨ ਮਨਾਉਂਦਿਆਂ ਉਨ੍ਹਾਂ ਦੀ ਅਮਰ ਕੁਰਬਾਨੀ ਨੂੰ ਨਮਨ ਕੀਤਾ।

# ਸੁਖਬੀਰ ਬਾਦਲ ਦਾ ਬੇਹੱਦ ਕਰੀਬੀ ਚਾਰਟਡ ਅਕਾਊਂਟੈਂਟ ਸਤਿੰਦਰ ਸਿੰਘ ਕੋਹਲੀ ਗ੍ਰਿਫ਼ਤਾਰ

ਚੰਡੀਗੜ੍ਹ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਪੰਜਾਬ ਪੁਲਸ ਨੇ ਵੱਡੀ ਕਾਰਵਾਈ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸੀ. ਏ. ਸਤਿੰਦਰ ਸਿੰਘ ਕੋਹਲੀ ਨੂੰ ਗ੍ਰਿਫਤਾਰ ਕਰ ਲਿਆ ਹੈ। ਕੋਹਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਡਿਟ ਨਾਲ ਸੰਬੰਧਤ ਕੰਮ ਵੀ ਦੇਖਦੇ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਗਬਨ ਮਾਮਲੇ ਵਿਚ ਪੁਲਸ ਵੱਲੋਂ ਇਹ ਪਹਿਲੀ ਗ੍ਰਿਫ਼ਤਾਰੀ ਕੀਤੀ ਗਈ ਹੈ। ਇਥੇ ਇਹ ਖਾਸ ਤੌਰ 'ਤੇ ਦੱਸਣਯੋਗ ਹੈ ਕਿ ਅੰਮ੍ਰਿਤਸਰ ਪੁਲਸ ਨੇ ਸਤਿੰਦਰ ਸਿੰਘ ਸਮੇਤ 16 ਹੋਰ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਦੱਸ ਦੇਈਏ ਕਿ ਕੋਹਲੀ ਦੀ ਕੰਪਨੀ ਐਸਐਸ ਕੋਹਲੀ ਐਂਡ ਐਸੋਸੀਏਟ ਫਰਮ ਨੂੰ 2009 'ਚ ਐਸਜੀਪੀਸੀ ਦੇ ਅੰਦਰੂਨੀ ਆਡਿਟ ਅਤੇ ਖਾਤਿਆਂ ਨੂੰ ਕੰਪਿਊਟਰਾਈਜ਼ ਕਰਨ ਅਤੇ ਉਸਦਾ ਕੰਮ ਦੇਖਣ ਲਈ 3.5 ਲੱਖ ਰੁਪਏ ਮਹੀਨੇ ਵਜੋਂ ਦਿੱਤੇ ਜਾਂਦੇ ਸਨ। ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੁਆਰਾ ਬਣਾਈ ਗਈ ਜਾਂਚ ਕਮੇਟੀ ਦੀ ਰਿਪੋਰਟ 'ਚ ਪਾਇਆ ਗਿਆ ਸੀ ਕਿ ਐਸਐਸ ਕੋਹਲੀ ਐਂਡ ਐਸੋਸੀਏਟ ਫਰਮ ਨੇ ਇਸ ਸਬੰਧੀ ਕੇਵਲ ਇੱਕ ਕੰਮ ਕੀਤਾ ਸੀ, ਜਦ ਕਿ ਉਸ ਨੂੰ ਚਾਰ ਕੰਮਾਂ ਲਈ ਪੈਸੇ ਅਦਾ ਕੀਤੇ ਗਏ ਸਨ।

ਇਸ ਕਰਕੇ 2020 'ਚ ਸੁਪਰੀਮ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਜੀ ਵੱਲੋਂ ਗਠਿਤ



ਕੀਤੀ ਗਈ ਜਾਂਚ ਕਮੇਟੀ ਨੇ ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਸਨ ਅਤੇ ਨਾਲ ਹੀ ਫੈਸਲਾ ਦਿੱਤਾ ਸੀ ਕਿ ਉਨ੍ਹਾਂ ਵੱਲੋਂ ਮਸੂਲੀ ਕੀਤੀ ਗਈ ਭੁਗਤਾਨ 'ਚੋਂ ਕੁੱਲ 75 ਪ੍ਰਤੀਸ਼ਤ ਰਾਸ਼ੀ ਵਾਪਸ ਕਰਨੀ ਪਵੇਗੀ। ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦੇ ਗੁੰਮ ਹੋਣ ਦਾ ਮਾਮਲਾ ਸਾਲ 2020 ਵਿੱਚ ਪਹਿਲੀ ਵਾਰ ਲੋਕਾਂ ਸਾਹਮਣੇ ਆਇਆ। ਹਾਲਾਂਕਿ ਜਦੋਂ ਇਹ ਮਾਮਲਾ ਸਾਹਮਣੇ ਆਇਆ ਸੀ ਉਦੋਂ 267 ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਾਪਤਾ (ਜਿਹਨਾਂ ਦਾ ਕੋਈ ਰਿਕਾਰਡ ਨਹੀਂ) ਹੋਣ ਦੀ ਗੱਲ ਕੀਤੀ ਗਈ ਸੀ ਪਰ ਬਾਅਦ ਵਿੱਚ ਅਕਾਲ ਤਖ਼ਤ ਵੱਲੋਂ ਬਣਾਈ ਗਈ ਜਾਂਚ ਕਮੇਟੀ ਨੇ ਲਾਪਤਾ (ਜਿਹਨਾਂ ਦਾ ਕੋਈ ਰਿਕਾਰਡ ਨਹੀਂ) ਹੋਏ ਸਰੂਪਾਂ ਦੀ ਗਿਣਤੀ 328 ਦੱਸੀ।

ਇਸ 'ਚ ਸ਼੍ਰੋਮਣੀ ਕਮੇਟੀ ਦੇ 16 ਸਾਬਕਾ ਕਰਮਚਾਰੀਆਂ ਨੂੰ ਨਾਮਜ਼ਦ ਕੀਤਾ ਗਿਆ, ਜਿਨ੍ਹਾਂ ਵਿੱਚ ਸਾਬਕਾ ਮੁੱਖ ਸਕੱਤਰ ਰੂਪ ਸਿੰਘ, ਸਾਬਕਾ ਸਕੱਤਰ ਮਨਜੀਤ ਸਿੰਘ, ਗੁਰਬਚਨ ਸਿੰਘ, ਸਤਿੰਦਰ ਸਿੰਘ, ਨਿਸ਼ਾਨ ਸਿੰਘ, ਪਰਮਜੀਤ ਸਿੰਘ, ਗੁਰਮੁਖ ਸਿੰਘ, ਜੁਝਾਰ ਸਿੰਘ, ਬਾਜ ਸਿੰਘ, ਦਲਬੀਰ ਸਿੰਘ, ਕਮਲਜੀਤ ਸਿੰਘ, ਕੁਲਵੰਤ ਸਿੰਘ, ਜਸਪ੍ਰੀਤ ਸਿੰਘ, ਗੁਰਬਚਨ ਸਿੰਘ, ਸਤਿੰਦਰ ਸਿੰਘ ਅਤੇ ਅਮਰਜੀਤ ਸਿੰਘ ਸ਼ਾਮਲ ਹਨ। ਐੱਫਆਈਆਰ ਵਿੱਚ ਬੇਅਦਬੀ (295-1), ਧੋਖਾਧੜੀ ਅਤੇ ਸਾਜ਼ਿਸ਼ ਵਰਗੀਆਂ ਧਾਰਾਵਾਂ ਨੂੰ ਸ਼ਾਮਲ ਕੀਤਾ ਗਿਆ ।

# ਡਾ. ਭੀਮ ਰਾਓ ਅੰਬੇਡਕਰ ਜੀ ਦੇ ਪ੍ਰੀ ਨਿਰਵਾਣ ਦਿਵਸ ਨੂੰ ਸਮਰਪਿਤ ਸਮਾਗਮ ਸ੍ਰੀ ਗੁਰੂ ਰਵਿਦਾਸ ਟੈਂਪਲ ਰੀਓ ਲਿੰਡਾ (ਸੈਕਰਾਮੈਂਟੋ) ਵਿਖੇ ਕਰਵਾਏ ਗਏ

**• ਬਾਬਾ ਸਾਹਿਬ ਦੀ ਤਸਵੀਰ ਉੱਤੇ ਫੁੱਲ ਮਾਲਾ ਕੀਤੇ ਗਏ ਅਰਪਣ • ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਮੈਂਬਰਾਂ ਨੂੰ ਕੀਤਾ ਗਿਆ ਯਾਦ**


















ਐਤਵਾਰ 21 ਦਸੰਬਰ 2025 ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 69ਵੇਂ ਪ੍ਰੀ ਨਿਰਵਾਣ ਦਿਵਸ ਨੂੰ ਸਮਰਪਿਤ ਸਮਾਗਮ ਸ੍ਰੀ ਗੁਰੂ ਰਵਿਦਾਸ ਟੈਂਪਲ ਰੀਓ ਲਿੰਡਾ (ਸੈਕਰਾਮੈਂਟੋ) ਵਿਖੇ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਗਏ। ਇਸ ਹਫ਼ਤਾਵਾਰੀ ਦੀਵਾਨਾਂ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰੂਘਰ ਵਿਖੇ ਪਹੁੰਚ ਕੇ ਗੁਰੂਘਰ ਦੀਆ ਖੁਸ਼ੀਆਂ ਪ੍ਰਾਪਤ ਕੀਤੀਆ। ਪਿਛਲੇ ਦਿਨੀ ਵਿਛੋੜਾ ਦੇ ਗਏ ਮੈਂਬਰਾਂ ਨੂੰ ਯਾਦ ਕੀਤਾ ਗਿਆ ਜਿੰਨ੍ਹਾਂ ਵਿੱਚ ਸ਼੍ਰੀ ਮਹਿੰਦਰ ਲਾਲ, ਸ਼੍ਰੀ ਤਰਸੇਮ ਲਾਲ ਮਾਹੀ, ਸ਼੍ਰੀ ਰਜਿੰਦਰ ਸਿੰਘ ਰਿੰਕੂ ਅਤੇ ਬੀਬੀ ਕੁਲਜੀਤ ਕੌਰ ਭੁੱਟਾ ਜੀ ਨੂੰ ਯਾਦ ਕੀਤਾ ਗਿਆ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਹਜੂਰੀ ਰਾਗੀ ਜਥੇ ਭਾਈ ਗੁਰਦੀਪ ਸਿੰਘ, ਭਾਈ ਜੀਵਨ ਸਿੰਘ, ਭਾਈ ਅਮਰਜੀਤ ਸਿੰਘ ਵਲੋਂ ਕੀਰਤਨ ਦਰਬਾਰ ਸਜਾਏ ਗਏ। ਗੁਰੂ ਕੇ ਲੰਗਰ ਅਟੁੱਟ ਵਰਤੇ। ਸੇਵਾਦਾਰ ਪਿਛਲੇ ਕਈ ਦਿਨਾਂ ਤੋਂ ਇਨ੍ਹਾਂ ਸਮਗਮਾਂ ਦੀ ਤਿਆਰੀ ਵਿੱਚ ਲੱਗੇ ਹੋਏ ਸਨ। ਸਟੇਜ ਸੈਕਟਰੀ ਸ੍ਰੀ ਬਲਜੀਤ ਸਿੰਘ ਨੇ ਪ੍ਰਬੰਧਕ ਕਮੇਟੀ ਵੱਲੋ ਆਈਆਂ ਸੰਗਤਾਂ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹਾਜ਼ਰ ਸੰਗਤਾਂ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਵੱਲੋਂ ਬਾਬਾ ਸਾਹਿਬ ਜੀ ਦੀ ਤਸਵੀਰ ਉੱਤੇ ਫੁੱਲ ਭੇਟ ਕੀਤੇ ਗਏ ਅਤੇ ਬੁਲਾਰਿਆਂ ਜਿਨ੍ਹਾਂ ਵਿੱਚ ਸ਼੍ਰੀ ਹੰਸ ਰਾਜ ਕਾਜਲਾ, ਸ਼੍ਰੀ ਜੀਵਨ ਰੱਤੂ, ਸ਼੍ਰੀ ਰਾਜ ਸੂਦ, ਸ਼੍ਰੀ ਸੁਰਿੰਦਰ ਚੌਹਾਨ, ਸ਼੍ਰੀ ਬਲਦੇਵ ਬੱਧਣ, ਸ਼੍ਰੀ ਮਹਿੰਦਰ ਸਿੰਘ ਧਾਮੀ, ਡਾ ਪ੍ਰਦੀਪ ਨਾਗਲੇ, ਸ਼੍ਰੀ ਪਵਨ ਮਾਹੀ, ਸ਼੍ਰੀ ਸੁਰਿੰਦਰ ਸ਼ੀਮਾਰ ਨੇ ਡਾ ਬੀ ਆਰ ਅੰਬੇਡਕਰ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਸੰਖੇਪ ਭਾਸ਼ਣ, ਕਵਿਤਾਵਾ ਅਤੇ ਗੀਤਾ ਰਾਹੀ ਵਿਚਾਰ ਚਰਚਾਵਾਂ ਕੀਤੀਆ ਗਈਆਂ। ਬੱਚਿਆਂ ਜਿਨ੍ਹਾਂ ਵਿੱਚ ਗੁਰਪ੍ਰੀਤ ਕੌਰ, ਉੱਧੇ ਸੂਦ, ਹਰਨੂਰ ਸਿੰਘ ਸ਼ਾਮਲ ਸਨ ਨੇ ਬਾਬਾ ਸਾਹਿਬ ਦੇ ਮਹਾਨ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਬਾਬਾ ਸਾਹਿਬ ਨੂੰ ਸਮਰਪਿਤ ਹੁੰਦੇ ਹੋਏ ਸੰਗਤਾਂ ਨੇ ਨਵੀਂ ਬਿਲਡਿੰਗ ਦੀ ਇਮਾਰਤ ਲਈ ਮਾਇਆ ਵੀ ਇਕੱਤਰ ਕੀਤੀ ਗਈ।

ਇਹ ਸਮਾਗਮ Shir Guru Raivdass Temple Sacramento, Banger Family ਅਤੇ Desh Doaba ਦੇ YouTube ਅਤੇ Facebook Channel ਉੱਤੇ ਲਾਈਵ ਪ੍ਰਸਾਰਿਤ ਕੀਤੇ ਗਏ। ਇਸ ਪ੍ਰਸਾਰਣ ਦੇ ਲਈ ਸ੍ਰੀ ਅਜੇ ਪੜਵੱਗਾ, ਪ੍ਰਿੰਸ ਮੱਲ ਗੁਰੂਘਰ ਦੀ ਮੀਡੀਆ ਟੀਮ, ਸ੍ਰੀ ਪ੍ਰੇਮ ਚੁੰਬਰ ਮੁੱਖ ਸੰਪਾਦਕ ਦੇਸ਼ ਦੁਆਬਾ ਅੰਬੇਡਕਰ ਟਾਈਮਜ਼ ਅਤੇ ਸ਼੍ਰੀ ਸੰਦੀਪ ਬੰਗੜ ਦਾ ਵਿਸ਼ੇਸ਼ ਧੰਨਵਾਦ ਕਰਦੇ ਹਾਂ ।

# ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਸਮਾਗਮ ਸ੍ਰੀ ਗੁਰੂ ਰਵਿਦਾਸ ਟੈਂਪਲ ਰੀਓ ਲਿੰਡਾ (ਸੈਕਰਾਮੈਂਟੋ) ਵਿਖੇ ਕਰਵਾਏ ਗਏ









ਐਤਵਾਰ 28 ਦਸੰਬਰ 2025 ਨੂੰ ਮਹਾਨ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਸਮਾਗਮ ਸ੍ਰੀ ਗੁਰੂ ਰਵਿਦਾਸ ਟੈਂਪਲ ਰੀਓ ਲਿੰਡਾ (ਸੈਕਰਾਮੈਂਟੋ ) ਵਿਖੇ ਸ. ਜਗਪ੍ਰੀਤ ਸਿੰਘ ਦੇ ਪਰਿਵਾਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਗਏ। ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਹਜੂਰੀ ਰਾਗੀ ਜਥੇ ਭਾਈ ਗੁਰਦੀਪ ਸਿੰਘ, ਭਾਈ ਜੀਵਨ ਸਿੰਘ, ਭਾਈ ਮਨੋਹਰ ਸਿੰਘ, ਭਾਈ ਅਮਰਜੀਤ ਸਿੰਘ ਵਲੋਂ ਕੀਰਤਨ ਦਰਬਾਰ ਸਜਾਏ ਗਏ। ਕਥਾਵਾਚਕ ਭਾਈ ਬਲਜੀਤ ਸਿੰਘ ਖ਼ਾਲਸਾ ਨੇ ਸੰਗਤਾਂ ਨੂੰ ਸ਼ਨੀਵਾਰ ਅਤੇ ਐਤਵਾਰ ਨੂੰ ਗੁਰੂ ਇਤਹਾਸ ਨਾਲ ਜੋੜਿਆ। ਸ਼ਨੀਵਾਰ 27 ਦਸੰਬਰ ਸ਼ਾਮ ਦੇ ਦੀਵਾਨ ਵਿੱਚ ਭਾਈ ਬਖਸ਼ੀਸ਼ ਸਿੰਘ ਜਵੱਦੀ ਟਕਸਾਲ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਗੁਰੂ ਕੇ ਲੰਗਰ ਅਟੁੱਟ ਵਰਤੇ। ਸੇਵਾਦਾਰ ਪਿਛਲੇ ਕਈ ਦਿਨਾਂ ਤੋਂ ਇਨ੍ਹਾਂ ਸਮਗਮਾਂ ਦੀ ਤਿਆਰੀ ਵਿੱਚ ਲੱਗੇ ਹੋਏ ਸਨ।

ਇਹ ਸਮਾਗਮ Shir Guru Raivdass Temple Sacramento ਅਤੇ Desh Doaba ਦੇ YouTube ਅਤੇ Facebook Channel ਉੱਤੇ ਲਾਈਵ ਪ੍ਰਸਾਰਿਤ ਕੀਤੇ ਗਏ। ਇਸ ਪ੍ਰਸਾਰਣ ਦੇ ਲਈ ਸ੍ਰੀ ਅਜੇ ਪੜਵੱਗਾ, ਪ੍ਰਿੰਸ ਮੱਲ ਗੁਰੂਘਰ ਦੀ ਮੀਡੀਆ ਟੀਮ, ਸ੍ਰੀ ਪ੍ਰੇਮ ਚੁੰਬਰ ਮੁੱਖ ਸੰਪਾਦਕ ਦੇਸ਼ ਦੁਆਬਾ ਅੰਬੇਡਕਰ ਟਾਈਮਜ਼ ਦਾ ਵਿਸ਼ੇਸ਼ ਧੰਨਵਾਦ ਕਰਦੇ ਹਾਂ ।

ਰਿਪੋਰਟ ਰਾਜ ਸੂਦ


HAPPY NEW YEAR
2026
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਪ੍ਰਕਾਸ਼ ਗੁਰਪੁਰਬ ਅਤੇ ਨਵੇਂ ਸਾਲ ਦੀਆਂ
ਲੱਖ-ਲੱਖ ਵਧਾਈਆਂ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
Singh
Semiconductors
Semiconductors, Inc, 1501 Fulton Place, Fremont, CA 94539
Tel. : 510-490-4900

# 2025 ਦੀਆਂ ਸੁਆਦਲੀਆਂ ਤੇ ਬੇਸੁਆਦਲੀਆਂ ਯਾਦਾਂ

## ਅਨੇਕਾਂ ਚੁਣੌਤੀਆਂ ਨਾਲ ਜੂਝਦਾ ਰਿਹਾ ਪੰਜਾਬ ਚੋਣ ਖੇਤਰ ਵਿਚ ‘ਆਪ’ ਦੀ ਸਥਿਤੀ ਰਹੀ ਮਜ਼ਬੂਤ

ਹਰ ਬੀਤਣ ਵਾਲਾ ਸਾਲ ਬਹੁਤ ਸਾਰੀਆਂ ਖੱਟੀਆਂ-ਮਿੱਠੀਆਂ ਘਟਨਾਵਾਂ ਅਤੇ ਯਾਦਾਂ ਸਾਡੇ ਪੱਲੇ ਵਿਚ ਪਾ ਕੇ ਰੁਖ਼ਸਤ ਹੋ ਜਾਂਦਾ ਹੈ। ਇਸੇ ਕ੍ਰਮ ਵਿਚ ਸਾਲ 2025 ਵੀ ਰੁਖ਼ਸਤੀ ਲੈਣ ਵਾਲਾ ਹੈ। ਇਸ ਅਵਸਰ ’ਤੇ ਸੁਭਾਵਿਕ ਹੀ ਸਭ ਦੇ ਮਨ ਵਿਚ ਇਹ ਸੁਆਲ ਆਉਂਦਾ ਹੈ ਕਿ ਜ਼ਰਾ ਇਸ ਸਾਲ ਦੇ ਘਟਨਾਕ੍ਰਮ ’ਤੇ ਇਕ ਪਿਛਲਝਾਤ ਮਾਰ ਕੇ ਦੇਖੀਏ ਕਿ ਇਹ ਸਾਲ ਪੰਜਾਬ ਅਤੇ ਪੰਜਾਬੀਆਂ ਲਈ ਕਿਸ ਤਰ੍ਹਾਂ ਦਾ ਰਿਹਾ ਹੈ?

ਜਦੋਂ ਇਸ ਸਵਾਲ ਨੂੰ ਜ਼ਿਹਨ ਵਿਚ ਰੱਖ ਕੇ ਇਸ ਸਾਲ ਦੇ ਘਟਨਾਕ੍ਰਮ ’ਤੇ ਇਕ ਝਾਤ ਮਾਰਦੇ ਹਾਂ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਇਸ ਤੋਂ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬ ਅਤੇ ਪੰਜਾਬੀਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਅਣਗਿਣਤ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਚੁਣੌਤੀਆਂ ਵਿਚ ਗੈਂਗਸਟਰਵਾਦ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਅਮਨ ਕਾਨੂੰਨ ਦੀ ਸਥਿਤੀ, ਗੰਭੀਰ ਖੇਤੀ ਸੰਕਟ ਅਤੇ ਰੋਟੀ-ਰੋਜ਼ੀ ਦੀ ਭਾਲ ਵਿਚ ਪੰਜਾਬੀ ਨੌਜਵਾਨਾਂ ਦਾ ਜਾਇਜ਼-ਨਜਾਇਜ਼ ਢੰਗ ਨਾਲ ਵਿਦੇਸ਼ਾਂ ਨੂੰ ਹੋ ਰਿਹਾ ਪ੍ਰਵਾਸ ਆਦਿ ਸ਼ਾਮਿਲ ਹਨ। ਪੰਜਾਬ ਕਿਸੇ ਸਮੇਂ ਭਾਰਤ ਦਾ ਸਭ ਤੋਂ ਖ਼ੁਸ਼ਹਾਲ ਰਾਜ ਮੰਨਿਆ ਜਾਂਦਾ ਸੀ, ਪਰ ਪਿਛਲੇ ਕੁਝ ਸਾਲਾਂ ਤੋਂ ਖੇਤੀ ਸੰਕਟ ਕਾਰਨ ਅਤੇ ਰਾਜ ਵਿਚ ਬਹੁਤੀਆਂ ਸਨਅਤਾਂ ਨਾ ਲੱਗਣ ਕਾਰਨ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਲਗਾਤਾਰ ਘਟਦੇ ਗਏ ਹਨ। ਹੁਣ ਸਰਕਾਰ ਸਨਅਤੀ ਖੇਤਰ ਵਿਚ ਪੂੰਜੀ ਨਿਵੇਸ਼ ਵਧਾਉਣ ਲਈ ਯਤਨਸ਼ੀਲ ਹੈ। ਬੇਰੁਜ਼ਗਾਰੀ ਕਾਰਨ ਵੱਡੀ ਪੱਧਰ ’ਤੇ ਜਾਇਜ਼ ਨਾਜਾਇਜ਼ ਢੰਗ ਨਾਲ ਪੰਜਾਬ ਤੋਂ ਨੌਜਵਾਨ ਵਿਦੇਸ਼ਾਂ ਨੂੰ ਹਿਜਰਤ ਕਰ ਰਹੇ ਹਨ। ਹੁਣ ਵਿਦੇਸ਼ਾਂ ਵਿਚ ਵੀ ਉਥੋਂ ਦੇ ਸਥਾਨਕ ਕਾਰਨਾਂ ਕਰਕੇ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਦੀਆਂ ਸੰਭਾਵਨਾਵਾਂ ਸੁੰਗੜਦੀਆਂ ਜਾ ਰਹੀਆਂ ਹਨ। ਅਮਰੀਕਾ, ਕੈਨੇਡਾ, ਆਸਟ੍ਰੇਲੀਆ ਤੇ ਬਰਤਾਨੀਆ ਆਦਿ ਦੇਸ਼ਾਂ ਵਲੋਂ ਆਪਣੇ ਇਮੀਗ੍ਰੇਸ਼ਨ ਸੰਬੰਧੀ ਕਾਨੂੰਨ ਸਖ਼ਤ ਕੀਤੇ ਜਾ ਰਹੇ ਹਨ। ਸਿੱਖਿਆ ਹਾਸਿਲ ਕਰਨ ਦੇ ਨਾਂਅ ’ਤੇ ਵਿਦੇਸ਼ ਜਾਣ ਵਾਲੇ ਨੌਜਵਾਨਾਂ ਨੂੰ ਵੀ ਇਨ੍ਹਾਂ ਸਖ਼ਤ ਕੀਤੇ ਗਏ ਕਾਨੂੰਨਾਂ ਕਾਰਨ ਬਹੁਤ ਸਾਰੀਆਂ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਾਂ ਅਮਰੀਕਾ ਵਿਚ ਨਾਜਾਇਜ਼ ਢੰਗ ਨਾਲ ਗਏ ਭਾਰਤ ਸਮੇਤ ਹੋਰ ਦੇਸ਼ਾਂ ਦੇ ਲੋਕਾਂ ਦੇ ਜਹਾਜ਼ ਭਰ-ਭਰ ਕੇ ਵਾਪਸ ਭੇਜੇ ਹਨ। 6 ਫਰਵਰੀ ਨੂੰ ਇਕ ਅਜਿਹਾ ਹੀ ਜਹਾਜ਼ ਵਾਪਸ ਭੇਜੇ ਗਏ ਨੌਜਵਾਨਾਂ ਨੂੰ ਲੈ ਕੇ ਅੰਮ੍ਰਿਤਸਰ ਹਵਾਈ ਅੱਡੇ ’ਤੇ ਉਤਰਿਆ ਅਤੇ ਇਹ ਵੀ ਖ਼ਬਰਾਂ ਆਈਆਂ ਕਿ ਅਮਰੀਕਾ ਦਾ ਇਹ ਜਹਾਜ਼ ਮਾਲਵਾਹਕ ਸੀ ਅਤੇ ਨੌਜਵਾਨਾਂ ਨੂੰ ਹੱਥਕੜੀਆਂ ਲਗਾ ਕੇ ਅਤੇ ਜ਼ਮੀਨ ’ਤੇ ਬਿਠਾ ਕੇ ਵਾਪਸ ਲਿਆਂਦਾ ਗਿਆ ਸੀ। ਇਸ ਵਿਚ ਕਈ ਹੋਰਨਾਂ ਪ੍ਰਦੇਸ਼ਾਂ ਦੇ ਨਾਲ-ਨਾਲ ਪੰਜਾਬ ਦੇ ਨੌਜਵਾਨ ਵੀ ਚੋਖੀ ਗਿਣਤੀ ਵਿਚ ਸ਼ਾਮਿਲ ਸਨ। ਜਿਸ ਨਾਲ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਠੇਸ ਲੱਗੀ।

ਖੇਤੀ ਨਾਲ ਸੰਬੰਧਿਤ ਆਪਣੀਆਂ ਮੰਗਾਂ ਨੂੰ ਲੈ ਕੇ ਕਿਸਾਨ ਇਸ ਸਾਲ ਵੀ ਸੰਘਰਸ਼ ਕਰਦੇ ਨਜ਼ਰ ਆਏ। ਸੰਯੁਕਤ ਕਿਸਾਨ ਮੋਰਚਾ ਦੇ ਇਕ ਧੜੇ ਵਲੋਂ ਫ਼ਸਲਾਂ ਦੇ ਲਾਭਕਾਰੀ ਭਾਅ ਲੈਣ ਅਤੇ ਹੋਰ ਕਿਸਾਨੀ ਮੰਗਾਂ ਮੰਨਵਾਉਣ ਲਈ ਦਿੱਲੀ ਜਾਣ ਦਾ ਸੱਦਾ ਦਿੱਤਾ ਗਿਆ ਸੀ, ਪਰ ਹਰਿਆਣਾ ਅਤੇ ਕੇਂਦਰ ਸਰਕਾਰ ਨੇ ਮਿਲ ਕੇ ਕਿਸਾਨਾਂ ਨੂੰ ਅੱਗੇ ਨਾ ਜਾਣ ਦਿੱਤਾ ਅਤੇ ਕਿਸਾਨ ਸ਼ੰਭੂ ਅਤੇ ਖਨੌਰੀ ਦੇ ਬਾਰਡਰਾਂ ’ਤੇ ਧਰਨੇ ਮਾਰ ਕੇ ਬੈਠ ਗਏ ਜਿਸ ਕਾਰਨ ਪੰਜਾਬ ਤੋਂ ਦਿੱਲੀ ਵੱਲ ਜਾਣ-ਆਉਣ ਵਾਲੇ ਲੋਕਾਂ ਨੂੰ ਇਕ ਸਾਲ ਤੱਕ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਪੰਜਾਬ ਸਰਕਾਰ ਨੇ ਪੁਲਿਸ ਕਾਰਵਾਈ ਕਰਕੇ ਸ਼ੰਭੂ ਤੇ ਖਨੌਰੀ ਦੇ ਬਾਰਡਰਾਂ ਤੋਂ ਕਿਸਾਨ ਧਰਨੇ ਚੁਕਵਾ ਦਿੱਤੇ। ਕਿਸਾਨ ਸੰਗਠਨਾਂ ਵਲੋਂ ਦੋਸ਼ ਲਾਇਆ ਗਿਆ ਕਿ ਪੁਲਿਸ ਨੇ ਉਨ੍ਹਾਂ ਨਾਲ ਬੜੀ ਧੱਕੇਸ਼ਾਹੀ ਕੀਤੀ ਅਤੇ ਉਨ੍ਹਾਂ ਦਾ ਸਮਾਨ ਵੀ ਚੋਰੀ ਕਰ ਲਿਆ ਸੀ। ਇਸੇ ਦੌਰਾਨ ਕਿਸਾਨ ਸੰਗਠਨਾਂ ਅਤੇ ਕੇਂਦਰੀ ਮੰਤਰੀਆਂ ਦਰਮਿਆਨ ਕਿਸਾਨੀ ਮੰਗਾਂ ਲਈ ਚੰਡੀਗੜ੍ਹ ਵਿਚ ਕਈ ਮੀਟਿੰਗਾਂ ਹੋਈਆਂ, ਪਰ ਇਨ੍ਹਾਂ ਦਾ ਵੀ ਕੋਈ ਸਿੱਟਾ ਨਹੀਂ ਨਿਕਲ ਸਕਿਆ।

ਅਗਸਤ-ਸਤੰਬਰ ਦੇ ਮਹੀਨੇ ਵਿਚ ਪੰਜਾਬ ਵਿਚ ਭਿਆਨਕ ਹੜ੍ਹ ਆਏ, ਜਿਨ੍ਹਾਂ ਵਿਚ 50 ਦੇ ਲਗਭਗ ਲੋਕ ਮਾਰੇ ਗਏ। ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ, ਪਠਾਨਕੋਟ, ਹੁਸ਼ਿਆਰਪੁਰ, ਫਿਰੋਜ਼ਪੁਰ, ਫਾਜ਼ਿਲਕਾ ਅਤੇ ਤਰਨ ਤਾਰਨ ਦੇ ਜ਼ਿਲ੍ਹੇ ਵਿਸ਼ੇਸ਼ ਤੌਰ ’ਤੇ ਪ੍ਰਭਾਵਿਤ ਹੋਏ। ਇਨ੍ਹਾਂ ਹੜ੍ਹਾਂ ਨਾਲ 30 ਹਜ਼ਾਰ ਘਰਾਂ ਨੂੰ ਨੁਕਸਾਨ ਪਹੁੰਚਿਆ। 4.5 ਲੱਖ ਏਕੜ ਰਕਬੇ ਵਿਚੋਂ ਫ਼ਸਲਾਂ ਬਰਬਾਦ ਹੋ ਗਈਆਂ, ਇਸ ਤੋਂ ਇਲਾਵਾ ਸੜਕਾਂ ਅਤੇ ਹੋਰ ਬੁਨਿਆਦੀ ਢਾਂਚੇ ਦਾ ਵੀ ਭਾਰੀ ਨੁਕਸਾਨ ਹੋਇਆ। ਰਾਜ ਸਰਕਾਰ ਨੇ ਇਸ ਨੁਕਸਾਨ ਦਾ ਅੰਦਾਜ਼ਾ 13 ਹਜ਼ਾਰ 500 ਕਰੋੜ ਲਾਇਆ ਸੀ। ਇਸ ਨੁਕਸਾਨ ਦਾ ਜਾਇਜ਼ਾ ਲੈਣ ਲਈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਰਾਜ ਦਾ ਦੌਰਾ ਕੀਤਾ ਅਤੇ ਹੜ੍ਹ ਰਾਹਤ ਲਈ 1600 ਕਰੋੜ ਦਾ ਪੈਕੇਜ ਪੰਜਾਬ ਨੂੰ ਦੇਣ ਦਾ ਵੀ ਐਲਾਨ ਕੀਤਾ। ਇਸ ਸੰਬੰਧੀ ਰਾਜ ਸਰਕਾਰ ਦਾ ਦੋਸ਼ ਇਹ ਹੈ ਕਿ ਕੇਂਦਰ ਵਲੋਂ ਇਹ ਰਾਸ਼ੀ ਪੰਜਾਬ ਨੂੰ ਅੱਜ ਤਕ ਨਹੀਂ ਦਿੱਤੀ ਗਈ। ਦੂਜੇ ਪਾਸੇ ਕੇਂਦਰ ਸਰਕਾਰ ਦਾ ਪੱਖ ਇਹ ਹੈ ਕਿ ਵੱਖ-ਵੱਖ ਯੋਜਨਾਵਾਂ ਅਧੀਨ ਇਸ ਵਿਚੋਂ 800 ਕਰੋੜ ਦੀ ਰਾਸ਼ੀ ਪੰਜਾਬ ਨੂੰ ਦੇ ਦਿੱਤੀ ਗਈ ਹੈ ਪਰ ਪੰਜਾਬ ਸਰਕਾਰ ਇਸ ਦਾ ਲਗਾਤਾਰ ਖੰਡਨ ਕਰਦੀ ਆ ਰਹੀ ਹੈ।

ਇਹ ਸਾਰਾ ਸਾਲ ਪੰਜਾਬ ਨੂੰ ਗੈਂਗਸਟਰਾਂ, ਨਸ਼ੀਲੇ ਪਦਾਰਥਾਂ, ਹਥਿਆਰਾਂ ਦੇ ਤਸਕਰਾਂ ਅਤੇ ਪਾਕਿਸਤਾਨੀ ਸ਼ਹਿ ’ਤੇ ਰਾਜ ਨੂੰ ਅਸਥਿਰ ਕਰਨ ਵਾਲੀਆਂ ਸ਼ਕਤੀਆਂ ਦੀਆਂ ਕਾਰਵਾਈਆਂ ਦਾ ਵੀ ਨਿਰੰਤਰ ਸਾਹਮਣਾ ਕਰਨਾ ਪਿਆ। ਪੰਜਾਬ ਪੁਲਿਸ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਦਾਅਵਾ ਕੀਤਾ ਹੈ ਕਿ ਇਸ ਸਾਲ ਦੌਰਾਨ ਪੰਜਾਬ ਪੁਲਿਸ ਸਖ਼ਤ ਮਿਹਨਤ ਕਰਕੇ ਰਾਜ ਵਿਚ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਫੀ ਹੱਦ ਤੱਕ ਬਣਾਈ ਰੱਖਣ ਵਿਚ ਸਫ਼ਲ ਰਹੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ.ਐੱਸ.ਆਈ. ਦੀ ਸ਼ਹਿ ਪ੍ਰਾਪਤ ਅਨਸਰਾਂ ਵਿਰੁੱਧ ਕਾਰਵਾਈ ਕਰ ਕੇ 12 ਦਹਿਸ਼ਤਗਰਦੀ ਦੀਆਂ ਘਟਨਾਵਾਂ ਨੂੰ ਅਗਾਮੀ ਤੌਰ ’ਤੇ ਅਸਫ਼ਲ ਬਣਾਇਆ ਗਿਆ ਹੈ। ਅਜਿਹੇ 50 ਅਨਸਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਤੋਂ ਭਾਰੀ ਮਾਤਰਾ ਵਿਚ ਗ੍ਰਨੇਡ ਅਤੇ ਹੋਰ ਹਥਿਆਰ ਫੜੇ ਗਏ ਹਨ। ਨਸ਼ਿਆਂ ਵਿਰੁੱਧ ਪੰਜਾਬ ਪੁਲਿਸ ਵਲੋਂ ਪਿਛਲੇ ਤਿੰਨਾਂ ਸਾਲਾਂ ਤੋਂ ਚਲਾਈ ਗਈ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਦਾ ਪਿਛਲੇ ਦਿਨੀਂ ਜ਼ਿਕਰ ਕਰਦਿਆਂ, ਉਨ੍ਹਾਂ ਨੇ ਕਿਹਾ ਕਿ ਰਾਜ ਵਿਚ ਹੁਣ ਤੱਕ 41881 ਨਸ਼ਾ ਤਸਕਰਾਂ ਨੂੰ ਫੜਿਆ ਗਿਆ ਹੈ। ਉਨ੍ਹਾਂ ਤੋਂ 2021 ਕਿਲੋ ਹੈਰੋਇਨ, 698 ਕਿਲੋ ਅਫ਼ੀਮ, 26 ਕਿੱਲੋ ਆਈਸ, ਅਤੇ 55.78 ਲੱਖ ਨਸ਼ੀਲੀਆਂ ਗੋਲੀਆਂ ਫੜੀਆਂ ਗਈਆਂ ਹਨ। 508 ਸਮੱਗਲਰਾਂ ਤੋਂ 283 ਕਰੋੜ ਦੀ ਨਕਦੀ ਵੀ ਫੜੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਵਿਰੁੱਧ ਦਰਜ ਕੀਤੇ ਗਏ ਕੇਸਾਂ ਵਿਚ 88 ਫ਼ੀਸਦੀ ਦੋਸ਼ੀਆਂ ਨੂੰ ਸਜ਼ਾਵਾਂ ਵੀ ਹੋਈਆਂ ਹਨ।

ਪਰ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਹੋਰ ਅਪਰਾਧੀਆਂ ਵਿਰੁੱਧ ਪੰਜਾਬ ਸਰਕਾਰ ਵਲੋਂ ਵਿੱਢੀ ਗਈ ਮੁਹਿੰਮ ਦੀ ਕੁਝ ਹਲਕਿਆਂ ਵਲੋਂ ਇਸ ਪੱਖ ਤੋਂ ਆਲੋਚਨਾ ਵੀ ਹੋਈ ਹੈ ਕਿ ਪੁਲਿਸ ਦੋਸ਼ੀਆਂ ਨੂੰ ਫੜ ਕੇ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦੀ ਥਾਂ ’ਤੇ ਉਨ੍ਹਾਂ ਦੇ ਘਰ ਢਾਹ ਕੇ ਜਾਂ ਫਰਜ਼ੀ ਪੁਲਿਸ ਮੁਕਾਬਲੇ ਬਣਾ ਕੇ ਉਨ੍ਹਾਂ ਨਾਲ ਨਿਪਟਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਸਾਲ ਪੁਲਿਸ ਕੁੱਝ ਗ਼ਲਤ ਤਰ੍ਹਾਂ ਦੀਆਂ ਕਾਰਵਾਈਆਂ ਕਰਕੇ ਵੀ ਚਰਚਾ ਵਿਚ ਰਹੀ। ਪਟਿਆਲੇ ਵਿਚ ਕਰਨਲ ਬਾਠ ਅਤੇ ਉਸ ਦੇ ਪੁੱਤਰ ਨਾਲ ਇਕ ਢਾਬੇ ਦੇ ਬਾਹਰ ਪਾਰਕਿੰਗ ਨੂੰ ਲੈ ਕੇ ਪੈਦਾ ਹੋਏ ਵਿਵਾਦ ਸਦਕਾ ਪੁਲਿਸ ਦੇ ਕੁਝ ਅਧਿਕਾਰੀਆਂ ਵਲੋਂ ਉਨ੍ਹਾਂ ’ਤੇ ਹਮਲਾ ਕੀਤਾ ਗਿਆ ਜਿਸ ਦਾ ਮਾਮਲਾ ਹਾਈਕੋਰਟ ਵਿਚ ਵੀ ਪੁੱਜਾ ਅਤੇ ਹੁਣ ਇਸ ਕੇਸ ਵਿਚ ਸੀ.ਬੀ.ਆਈ. ਵਲੋਂ 4 ਪੁਲਿਸ ਅਧਿਕਾਰੀਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਕ ਡੀ.ਆਈ.ਜੀ. ’ਤੇ ਸੀ.ਬੀ.ਆਈ. ਵਲੋਂ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਮਾਰੇ ਗਏ ਛਾਪੇ ਦੌਰਾਨ ਉਸ ਦੇ ਘਰੋਂ ਅਤੇ ਬੈਂਕ ਲਾਕਰਾਂ ਵਿਚੋਂ 7.5 ਕਰੋੜ ਰੁਪਏ ਨਕਦ, ਸੋਨੇ ਦੇ ਗਹਿਣੇ ਅਤੇ ਹੋਰ ਕੀਮਤੀ ਸਮਾਨ ਬਰਾਮਦ ਹੋਇਆ। ਇਸ ਕਾਰਨ ਵੀ ਪੁਲਿਸ ਦੇ ਅਕਸ ਨੂੰ ਭਾਰੀ ਨੁਕਸਾਨ ਪੁੱਜਾ।

ਇਸ ਸਾਲ ਪੰਜਾਬ ਵਿਜੀਲੈਂਸ ਬਿਊਰੋ ਵਲੋਂ ਉੱਘੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਖਿਲਾਫ਼ ਆਮਦਨ ਤੋਂ ਵਧੇਰੇ ਜਾਇਦਾਦ ਬਣਾਉਣ ਦੇ ਦੋਸ਼ ਵਿਚ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੇ ਵੱਖ-ਵੱਖ ਅਦਾਲਤਾਂ ਵਿਚ ਜ਼ਮਾਨਤ ਕਰਵਾਉਣ ਦੇ ਯਤਨ ਕੀਤੇ ਪਰ ਸਫ਼ਲਤਾ ਨਾ ਮਿਲ ਸਕੀ। ਬਿਕਰਮ ਸਿੰਘ ਮਜੀਠੀਆ ਤੇ ਅਕਾਲੀ ਦਲ ਦਾ ਦੋਸ਼ ਹੈ ਕਿ ਉਨ੍ਹਾਂ ਦੇ ਖ਼ਿਲਾਫ਼ ਬਦਲਾ ਲੈਣ ਦੀ ਭਾਵਨਾ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਸਰਕਾਰ ਦਾ ਪੱਖ ਇਹ ਹੈ ਕਿ ਉਨ੍ਹਾਂ ਨੇ ਨਸ਼ਾ ਤਸਕਰੀ ਅਤੇ ਹੋਰ ਜਾਇਜ਼-ਨਾਜਾਇਜ਼ ਢੰਗਾਂ ਨਾਲ ਵੱਡੀ ਜਾਇਦਾਦ ਬਣਾਈ ਹੈ, ਇਸ ਕਾਰਨ ਉਨ੍ਹਾਂ ਦੇ ਖ਼ਿਲਾਫ਼ ਵਿਜੀਲੈਂਸ ਵਿਭਾਗ ਕਾਰਵਾਈ ਕਰ ਰਿਹਾ ਹੈ।

ਜੇਕਰ ਪੰਜਾਬ ਦੇ ਰਾਜਨੀਤਕ ਘਟਨਾਕ੍ਰਮ ’ਤੇ ਨਜ਼ਰ ਮਾਰੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਇਸ ਸਾਲ ਸੱਤਾਧਾਰੀ ਆਮ ਆਦਮੀ ਪਾਰਟੀ ਆਪਣਾ ਸਿਆਸੀ ਦਬਦਬਾ ਬਣਾਈ ਰੱਖਣ ਵਿਚ ਸਫ਼ਲ ਰਹੀ ਹੈ। ਇਸ ਸਾਲ ਪੰਜਾਬ ਵਿਚ 2 ਵਿਧਾਨ ਸਭਾ ਹਲਕਿਆਂ ਲੁਧਿਆਣਾ ਪੱਛਮੀ ਅਤੇ ਤਰਨ ਤਾਰਨ ਤੋਂ ਉਪ ਚੋਣਾਂ ਹੋਈਆਂ ਅਤੇ ਇਕ ਰਾਜ ਸਭਾ ਦੀ ਸੀਟ ਲਈ ਚੋਣ ਹੋਈ। ਇਹ ਤਿੰਨੋਂ ਸੀਟਾਂ ਜਿੱਤਣ ਵਿਚ ਆਮ ਆਦਮੀ ਪਾਰਟੀ ਸਫ਼ਲ ਰਹੀ ਹੈ। ਲੁਧਿਆਣਾ ਪੱਛਮੀ ਦੀ ਸੀਟ ਤੋਂ ਸਾਬਕ ਰਾਜ ਸਭਾ ਮੈਂਬਰ ਸੰਜੀਵ ਅਰੋੜਾ 10637 ਵੋਟਾਂ ਦੇ ਫਰਕ ਨਾਲ ਆਪਣੇ ਨੇੜੇ ਦੇ ਵਿਰੋਧੀ ਕਾਂਗਰਸੀ ਆਗੂ ਭਾਰਤ ਭੂਸ਼ਨ ਆਸ਼ੂ ਨੂੰ ਹਰਾਉਣ ਵਿਚ ਸਫ਼ਲ ਰਹੇ। ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਆਦਿ ਪਾਰਟੀਆਂ ਇਸ ਸੀਟ ’ਤੇ ਕੋਈ ਜ਼ਿਆਦਾ ਵੋਟਾਂ ਹਾਸਿਲ ਨਹੀਂ ਕਰ ਸਕੀਆਂ। ਇਸੇ ਤਰ੍ਹਾਂ ਤਰਨ ਤਾਰਨ ਦੀ ਉਪ ਚੋਣ ਵਿਚ ਵੀ ਆਮ ਆਦਮੀ ਪਾਰਟੀ ਦੇ ਆਗੂ ਹਰਮੀਤ ਸਿੰਘ ਸੰਧੂ 12000 ਤੋਂ ਵੱਧ ਵੋਟਾਂ ਦੇ ਫਰਕ ਨਾਲ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਉਮੀਦਵਾਰ ਸੁਖਵਿੰਦਰ ਕੌਰ ਨੂੰ ਹਰਾ ਕੇ ਜੇਤੂ ਰਹੇ। ਇਥੇ ਅਕਾਲੀ ਦਲ ਦੂਜੇ ਨੰਬਰ ’ਤੇ ਰਿਹਾ। ਕਾਂਗਰਸ ਆਪਸੀ ਫੁੱਟ ਅਤੇ ਆਗੂਆਂ ਦੇ ਵਾਦ-ਵਿਵਾਦ ਵਾਲੇ ਬਿਆਨਾਂ ਕਰਕੇ ਤੀਜੇ ਨੰਬਰ ’ਤੇ ਖ਼ਿਸਕ ਗਈ। ਰਾਜ ਤੋਂ ਇਸ ਸਾਲ ਰਾਜ ਸਭਾ ਦੀ ਹੋਈ ਇਕੋ-ਇਕ ਚੋਣ ਵਿਚ ਆਮ ਆਦਮੀ ਪਾਰਟੀ ਦੇ ਪ੍ਰਤੀਨਿਧ ਅਤੇ ਉੱਘੇ ਸਨਅਤਕਾਰ ਰਜਿੰਦਰ ਗੁਪਤਾ ਬਿਨਾਂ ਮੁਕਾਬਲਾ ਰਾਜ ਸਭਾ ਦੇ ਮੈਂਬਰ



ਸੱਤਾਧਾਰੀ ਆਮ ਆਦਮੀ ਪਾਰਟੀ ਨੇ ਇਸ ਸਾਲ ਦੋ ਵਿਧਾਨ ਸਭਾ ਉਪ ਚੋਣਾਂ ਤੇ ਇਕ ਰਾਜ ਸਭਾ ਦੀ ਸੀਟ ਅਤੇ ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ 79 ਫੀਸਦੀ ਸੀਟਾਂ ਜਿੱਤ ਕੇ ਆਪਣੀ ਰਾਜਨੀਤਕ ਸਥਿਤੀ ਮਜ਼ਬੂਤ ਬਣਾਈ ਰੱਖੀ। ਤਸਵੀਰ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਦੇ ਲੋਕਾਂ ਨੂੰ ਪ੍ਰਤੀ ਪਰਿਵਾਰ 10 ਲੱਖ ਦਾ ਸਿਹਤ ਬੀਮਾ ਦੇਣ ਦਾ ਐਲਾਨ ਕਰਦੇ ਹੋਏ।



ਪੰਜਾਬ ਕਾਂਗਰਸ ਆਪਸੀ ਮਤਭੇਦਾਂ ਕਾਰਨ ਇਸ ਸਾਲ ਪੰਜਾਬ ਵਿਧਾਨ ਸਭਾ ਦੀਆਂ ਦੋ ਉਪ ਚੋਣਾਂ ਜਿੱਤਣ ਵਿਚ ਵੀ ਅਸਫ਼ਲਰਹੀ ਅਤੇ ਜ਼ਿਲਭ੍ਹਾ ਪ੍ਰੀਸ਼ਦ ਚੋਣਾਂ ਵਿਚ ਵੀ ਪਾਰਟੀ ਦੀ ਕਾਰਗੁਜ਼ਾਰੀ ਤਸੱਲੀਜਨਕ ਨਹੀਂ ਰਹੀ। ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੇ ਕਈ ਬਿਆਨਾਂ ਕਾਰਨ ਚਰਚਾ ਵਿਚ ਬਣੇ ਰਹੇ।



ਸੁਖਬੀਰ ਸਿੰਘ ਬਾਦਲ ਇਸ ਵਾਰ ਸ਼੍ਰੋਮਣੀ ਅਕਾਲੀ (ਬ) ਦੇ ਮੁੜ ਤੋਂ ਪ੍ਰਧਾਨ ਬਣੇ। ਪੰਜਾਬ ਵਿਚ ਆਏ ਹੜ੍ਹਾਂ ਦੌਰਾਨ ਪੀੜਤਾਂ ਨੂੰ ਰਾਹਤ ਮੁਹੱਈਆ ਕਰਨ ਵਿਚ ਉਨ੍ਹਾਂ ਨੇ ਕਾਫ਼ੀ ਸਰਗਰਮੀ ਦਿਖਾਈ। ਤਰਨ ਤਾਰਨ ਦੀ ਉਪ ਚੋਣ ਵਿਚ ਉਨ੍ਹਾਂ ਦੀ ਪਾਰਟੀ ਦੂਜੇ ਨੰਬਰ ’ਤੇ ਰਹੀ।






ਪੰਜਾਬ ਸਰਕਾਰ ਨੇ ਇਸ ਸਾਲ ਸ਼ਹਿਰਾਂ ਦੇ ਵਿਕਾਸ ਅਤੇ ਲੋੜਵੰਦਾਂ ਨੂੰ ਘਰ ਦੇਣ ਦੇ ਨਾਂਅ ਹੇਠ 124 ਪਿੰਡਾਂ ਦੀ 65,553 ਏਕੜ ਜ਼ਮੀਨ ਐਕਵਾਇਰ ਕਰਨ ਦਾ ਫੈਸਲਾ ਕੀਤਾ ਸੀ, ਪਰ ਕਿਸਾਨਾਂ ਦੇ ਵਿਰੋਧ ਕਾਰਨ ਇਹ ਫੈਸਲਾ ਵਾਪਸ ਲੈਣਾ ਪਿਆ।



ਇਸ ਸਾਲ ਅੰਮ੍ਰਿਤਸਰ ਜ਼ਿਲ੍ਹੇ ਵਿਚ ਇਕ ਬੇਹੱਦ ਦੁਖਦਾਈ ਘਟਨਾ ਵਾਪਰੀ। 29 ਦੇ ਲਗਭਗ ਲੋਕ ਨਕਲੀ ਸ਼ਰਾਬ ਪੀਣ ਕਾਰਨ ਆਪਣੀਆਂ ਜ਼ਿੰਦਗੀਆਂ ਗਵਾ ਬੈਠੇ।

ਬਣਨ ਵਿਚ ਸਫ਼ਲ ਰਹੇ। ਰਾਜ ਸਭਾ ਦੀ ਇਹ ਸੀਟ ਸੰਜੀਵ ਗੁਪਤਾ ਵਲੋਂ ਲੁਧਿਆਣਾ ਤੋਂ ਵਿਧਾਨ ਸਭਾ ਉਪ ਚੋਣ ਜਿੱਤਣ ਕਾਰਨ ਖਾਲੀ ਹੋਈ ਸੀ। ਇਸੇ ਸਾਲ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਵੀ ਹੋਈਆਂ ਇਨ੍ਹਾਂ ਚੋਣਾਂ ਵਿਚੋਂ 70 ਫ਼ੀਸਦੀ ਸੀਟਾਂ ਸੱਤਾਧਾਰੀ ਆਮ ਆਦਮੀ ਪਾਰਟੀ ਜਿੱਤਣ ਵਿਚ ਕਾਮਯਾਬ ਹੋਈ ਹੈ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਚੋਣਾਂ ਵਿਚ ਸਾਰੇ ਦਾਅਵਿਆਂ ਦੇ ਬਾਵਜੂਦ ਕੋਈ ਜ਼ਿਆਦਾ ਬਿਹਤਰ ਕਾਰਗੁਜ਼ਾਰੀ ਨਹੀਂ ਦਿਖਾ ਸਕੇ। ਪੰਚਾਇਤ ਸੰਮਤੀ ਦੀਆਂ 'ਆਪ' ਨੇ 1531, ਕਾਂਗਰਸ ਨੇ 612, ਅਕਾਲੀ ਦਲ ਨੇ 445, ਭਾਜਪਾ ਨੇ 73, ਬਸਪਾ ਨੇ 28 ਤੇ ਆਜ਼ਾਦਾਂ ਨੇ 144 ਸੀਟਾਂ ਜਿੱਤੀਆਂ। ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਵਿਚ 'ਆਪ' ਨੇ 218, ਕਾਂਗਰਸ ਨੇ 62, ਅਕਾਲੀ ਦਲ ਨੇ 46, ਭਾਜਪਾ ਨੇ 7, ਬਸਪਾ ਨੇ 3 ਅਤੇ ਆਜ਼ਾਦਾਂ ਨੇ 10 ਸੀਟਾਂ ਜਿੱਤੀਆਂ। ਇਸ ਤਰ੍ਹਾਂ ਦਿਹਾਤੀ ਖੇਤਰਾਂ ਵਿਚ ਇਹ ਚੋਣਾਂ ਜਿੱਤ ਕੇ 'ਆਪ' ਨੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਆਪਣੀ ਦਾਅਵੇਦਾਰੀ ਮਜ਼ਬੂਤ ਕਰ ਲਈ ਹੈ। ਉਂਝ ਸਾਰੀਆਂ ਵਿਰੋਧੀ ਪਾਰਟੀਆਂ ਵਲੋਂ ਪੰਚਾਇਤ ਸਮਿਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਸੱਤਾਧਾਰੀ ਪਾਰਟੀ 'ਤੇ ਪੁਲਿਸ ਅਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦੇ ਦੋਸ਼ ਵੀ ਲਾਏ ਗਏ। ਇਸ ਸਾਲ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਕਈ ਫ਼ੈਸਲਿਆਂ ਕਾਰਨ ਵਾਦ-ਵਿਵਾਦਾਂ ਵਿਚ ਵੀ ਫਸੀ ਰਹੀ। ਇਸ ਵਲੋਂ ਸ਼ਹਿਰਾਂ ਦੇ ਵਿਕਾਸ ਅਤੇ ਲੋੜਵੰਦਾਂ ਨੂੰ ਘਰ ਮੁਹੱਈਆ ਕਰਨ ਦੇ ਨਾਂਅ 'ਤੇ 124 ਪਿੰਡਾਂ ਦੀ 65,553 ਏਕੜ ਜ਼ਮੀਨ ਇਕਵਾਇਰ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ। ਕਿਸਾਨਾਂ ਤੇ ਲੋਕਾਂ ਦੇ ਵਿਰੋਧ ਕਾਰਨ ਸਰਕਾਰ ਨੂੰ ਇਹ ਫ਼ੈਸਲਾ ਵਾਪਿਸ ਲੈਣਾ ਪਿਆ। ਹੁਣ ਸਰਕਾਰ ਵਲੋਂ ਮੁਹਾਲੀ ਦੇ ਆਲ਼ੇ-ਦੁਆਲ਼ੇ ਦੇ ਸ਼ਹਿਰੀ ਵਿਕਾਸ ਲਈ ਕੁਝ ਪਿੰਡਾਂ ਦੀ ਜ਼ਮੀਨ ਮੁੜ ਇਕਵਾਇਰ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ। ਜੇਕਰ ਇਸ ਸਾਲ ਪੰਜਾਬ ਸਰਕਾਰ ਦੇ ਕਿਸੇ ਫ਼ੈਸਲੇ ਨੂੰ ਵਧੇਰੇ ਲੋਕਪੱਖੀ ਮੰਨਿਆ ਜਾਏਗਾ ਤਾਂ ਉਹ ਇਹ ਹੈ ਕਿ ਸਰਕਾਰ ਨੇ ਪੰਜਾਬ ਦੇ ਹਰ ਵਿਅਕਤੀ ਨੂੰ 10 ਲੱਖ ਰੁਪਏ ਦਾ ਇਲਾਜ ਕਰਵਾਉਣ ਲਈ ਸਿਹਤ ਬੀਮੇ ਦੀ ਸਹੂਲਤ ਦੇਣ ਦਾ ਐਲਾਨ ਕੀਤਾ ਹੈ। ਆਉਣ ਵਾਲੇ ਸਮੇਂ ਵਿਚ ਇਹ ਪਤਾ ਲੱਗੇਗਾ ਕਿ ਇਸ ਯੋਜਨਾ 'ਤੇ ਕਿੰਨੀ ਕੁ ਕੁਸ਼ਲਤਾ ਨਾਲ ਅਮਲ ਹੁੰਦਾ ਹੈ।



ਵਿਛੜ ਗਈਆਂ ਸ਼ਖ਼ਸੀਅਤਾਂ : ਹਾਸਰਸ ਕਲਾਕਾਰ ਜਸਵਿੰਦਰ ਭੱਲਾ, ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼, ਮੈਰਾਥਨ ਦੌੜਾਂ ਦੇ ਅੰਤਰਰਾਸ਼ਟਰੀ ਜੇਤੂ ਫੌਜਾ ਸਿੰਘ, ਉਘੇ ਅਕਾਲੀ ਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ, ਨੌਜਵਾਨ ਗਾਇਕ ਤੇ ਫ਼ਿਲਮਕਾਰ ਰਾਜਵੀਰ ਸਿੰਘ ਜਵੰਦਾ

ਇਸ ਸਾਲ ਇਕ ਮਾੜੀ ਘਟਨਾ ਇਹ ਵਾਪਰੀ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਨਕਲੀ ਸ਼ਰਾਬ ਪੀਣ ਨਾਲ 20 ਲੋਕ ਮਾਰੇ ਗਏ। ਜ਼ਿਆਦਾਤਰ ਇਹ ਲੋਕ ਗਰੀਬ ਵਰਗ ਨਾਲ ਸੰਬੰਧਿਤ ਸਨ।

ਇਸ ਸਾਲ ਦੇ ਸਮੁੱਚੇ ਘਟਨਾਕ੍ਰਮ ਦੇ ਪੱਖ ਤੋਂ ਰਾਜ ਦੇ ਆਰਥਿਕ ਮਾਹਿਰਾਂ ਦੀ ਇਸ ਗੱਲ 'ਤੇ ਜ਼ਰੂਰ ਚਿੰਤਾ ਵਧ ਰਹੀ ਹੈ ਕਿ ਪੰਜਾਬ ਸਿਰ ਕਰਜ਼ੇ ਦਾ ਬੋਝ ਵਧ ਰਿਹਾ ਹੈ ਅਤੇ ਇਸ ਸਮੇਂ ਇਹ ਕਰਜ਼ਾ 4 ਲੱਖ ਕਰੋੜ ਦੇ ਨੇੜੇ-ਤੇੜੇ ਪਹੁੰਚ ਚੁੱਕਾ ਹੈ।

ਇਸ ਸਾਲ ਪੰਜਾਬ ਦੀਆਂ ਕੁਝ ਅਹਿਮ ਸ਼ਖ਼ਸੀਅਤਾਂ ਸਦੀਵੀ ਵਿਛੋੜਾ ਦੇ ਗਈਆਂ ਜਿਨ੍ਹਾਂ ਵਿਚ ਮੈਰਾਥਨ ਦੌੜਾਂ ਦੇ ਦੌੜਾਕ ਫ਼ੌਜਾ ਸਿੰਘ ਵੀ ਸ਼ਾਮਿਲ ਹਨ ਜਿਹੜੇ 114 ਸਾਲ ਦੀ ਉਮਰ ਵਿਚ ਇਕ ਹਾਦਸੇ ਦਾ ਸ਼ਿਕਾਰ ਹੋਣ ਕਰਕੇ ਸਦੀਵੀ ਵਿਛੋੜਾ ਦੇ ਗਏ। ਉੱਘ ਅਕਾਲੀ ਆਗੂ ਸ. ਸੁਖਦੇਵ ਸਿੰਘ ਢੀਂਡਸਾ ਦਾ ਵੀ 89 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ। ਪੰਜਾਬ ਦੇ ਪ੍ਰਸਿੱਧ ਹਾਸਰਸੀ ਕਲਾਕਾਰ ਜਸਵਿੰਦਰ ਭੱਲਾ 65 ਸਾਲ ਦੀ ਉਮਰ ਵਿਚ ਸਦੀਵੀ ਵਿਛੋੜਾ ਦੇ ਗਏ। ਕਲਾਕਾਰ ਅਤੇ ਗਾਇਕ ਰਾਜਵੀਰ ਜਵੰਦਾ (35) ਅਕਤੂਬਰ ਨੂੰ ਹਿਮਾਚਲ 'ਚ ਹੋਏ ਇਕ ਹਾਦਸੇ ਦਾ ਸ਼ਿਕਾਰ ਹੋਣ ਕਾਰਨ ਚੱਲ ਵਸੇ। ਇਨ੍ਹਾਂ ਵਿਛੋੜਿਆਂ ਨਾਲ ਪੰਜਾਬ ਤੇ ਪੰਜਾਬੀਆਂ ਨੂੰ ਗਹਿਰਾ ਧੱਕਾ ਲੱਗਾ।

# ਸਿੱਖ ਜਗਤ ਤੇ ਸਿੱਖ ਸੰਸਥਾਵਾਂ ਲਈ ਚੁਣੌਤੀਆਂ ਤੇ ਉਥਲ-ਪੁਥਲ ਵਾਲਾ ਰਿਹਾ '2025 ਦਾ ਵਰ੍ਹਾ'

ਅੰਮ੍ਰਿਤਸਰ : ਬੀਤ ਰਿਹਾ ਵਰ੍ਹਾ '2025' ਸਿੱਖ ਜਗਤ ਅਤੇ ਸਿੱਖ ਸੰਸਥਾਵਾਂ ਲਈ ਚੁਣੌਤੀਆਂ ਤੇ ਉਥਲ-ਪੁਥਲ ਵਾਲਾ ਰਿਹਾ ਹੈ। ਇਸ ਵਰ੍ਹੇ ਸ਼੍ਰੋਮਣੀ ਕਮੇਟੀ ਵਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਉਨ੍ਹਾਂ ਦੀਆਂ ਧਾਰਮਿਕ ਪਦਵੀਆਂ ਤੋਂ ਫਾਰਗ ਕੀਤੇ ਜਾਣ ਨੇ ਸਿੱਖ ਪੰਥ ਨੂੰ ਹੈਰਾਨ ਕਰ ਦਿੱਤਾ। ਕੁਝ ਹਫਤੇ ਪਹਿਲਾਂ 350 ਸਾਲਾ ਸ਼ਤਾਬਦੀ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਦੇ ਲੰਬੀ ਛੁੱਟੀ 'ਤੇ ਜਾਣ ਦੀ ਵੀ ਪੰਥਕ ਸਫ਼ਾਂ ਵਿਚ ਖਾਸੀ ਚਰਚਾ ਰਹੀ। ਅਗਸਤ ਮਹੀਨੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚੋਂ ਨਾਰਾਜ਼ ਹੋਏ ਕਈ ਸੀਨੀਅਰ ਟਕਸਾਲੀ ਅਕਾਲੀ ਆਗੂਆਂ ਵਲੋਂ ਅਕਾਲ ਤਖ਼ਤ ਸਾਹਿਬ ਵਲੋਂ ਗਠਿਤ ਭਰਤੀ ਕਮੇਟੀ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਅੰਮ੍ਰਿਤਸਰ ਵਿਖੇ ਸਥਾਪਨਾ ਕੀਤੀ ਗਈ, ਜਿਸ ਦੇ ਪਹਿਲੇ ਪ੍ਰਧਾਨ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਬਣਾਇਆ ਗਿਆ। ਇਸੇ ਸਾਲ ਹੀ ਮਾਰਚ ਮਹੀਨੇ ਸ਼੍ਰੋਮਣੀ ਕਮੇਟੀ ਵਲੋਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਬਾਬਾ ਟੇਕ ਸਿੰਘ ਧਨੌਲਾ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਨਿਯੁਕਤ ਕੀਤੇ ਗਏ, ਹਾਲਾਂਕਿ ਜਥੇਦਾਰ ਗੜਗੱਜ ਦੇ ਸੇਵਾ ਸੰਭਾਲ ਦੀ ਰਸਮ ਨੂੰ ਲੈ ਕੇ ਕਾਫੀ ਵਿਵਾਦ ਵੀ ਉੱਠਿਆ ਜਿਸ ਕਾਰਨ ਉਨ੍ਹਾਂ ਦੀ ਇਹ ਰਸਮ ਸ਼੍ਰੋਮਣੀ ਕਮੇਟੀ ਨੂੰ ਦੁਬਾਰਾ ਕਰਨੀ ਪਈ। ਫਰਵਰੀ ਮਹੀਨੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਸੱਤ ਮੈਂਬਰੀ ਭਰਤੀ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਦਿੱਤਾ ਅਸਤੀਫਾ ਪੰਥਕ ਹਲਕਿਆਂ ਵਿਚ ਕਾਫੀ ਚਰਚਾ ਦਾ ਵਿਸ਼ਾ ਰਿਹਾ, ਹਾਲਾਂਕਿ ਬਾਅਦ ਵਿਚ ਉਨ੍ਹਾਂ ਆਪਣਾ ਅਸਤੀਫਾ ਵਾਪਸ ਲੈ ਲਿਆ। ਇਸੇ ਸਾਲ ਨਵੰਬਰ ਮਹੀਨੇ ਹੀ ਐਡਵੋਕੇਟ ਧਾਮੀ ਨੂੰ ਸ਼੍ਰੋਮਣੀ ਕਮੇਟੀ ਦਾ ਲਗਾਤਾਰ ਪੰਜਵੀਂ ਵਾਰ ਪ੍ਰਧਾਨ ਚੁਣੇ ਜਾਣ ਦਾ ਵੱਡਾ ਮਾਣ ਵੀ ਪ੍ਰਾਪਤ ਹੋਇਆ। ਨਵੰਬਰ ਮਹੀਨੇ ਗੁਰੂ ਤੇਗ ਬਹਾਦਰ ਸਾਹਿਬ ਤੇ ਉਨ੍ਹਾਂ ਦੇ ਅਨਿੰਨਿ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇਸ਼ ਭਰ ਵਿਚ ਉਤਸ਼ਾਹ ਸਹਿਤ ਮਨਾਈ ਗਈ, ਪਰ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਸ਼ਤਾਬਦੀ ਸਾਂਝੇ ਤੌਰ 'ਤੇ ਮਨਾਉਣ ਦੀ ਥਾਂ ਆਹਮੋ-ਸਾਹਮਣੇ ਰਹੀਆਂ। ਦਿੱਲੀ ਸਿੱਖ ਗੁ: ਕਮੇਟੀ, ਤਖ਼ਤ ਸ੍ਰੀ ਪਟਨਾ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਕਮੇਟੀਆਂ ਵਲੋਂ ਵੀ ਵੱਖੋ ਵੱਖਰੇ ਤੌਰ 'ਤੇ ਸ਼ਹੀਦੀ ਸ਼ਤਾਬਦੀ ਸਮਾਗਮ ਕਰਵਾਏ ਗਏ। ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦਰਮਿਆਨ ਟਕਰਾਅ ਜਾਰੀ ਰਿਹਾ ਅਤੇ ਦੋਵਾਂ ਤਖ਼ਤ ਸਾਹਿਬਾਨ ਤੋਂ ਸਿੰਘ ਸਾਹਿਬਾਨ ਤੇ ਪੰਜ ਪਿਆਰੇ ਸਾਹਿਬਾਨ ਵਲੋਂ ਇਕ ਦੂਜੇ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਗਿਆ, ਹਾਲਾਂਕਿ ਬਾਅਦ ਵਿਚ ਇਹ ਮਾਮਲਾ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਯਤਨਾਂ ਸਦਕਾ ਹੱਲ ਕਰ ਲਿਆ ਗਿਆ। ਇਸੇ ਸਾਲ ਜਗਦੀਸ਼ ਸਿੰਘ ਝੀਂਡਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਇਸ ਵਰ੍ਹੇ ਪੰਜਾਬ ਵਿਚ ਆਏ ਹੜ੍ਹਾਂ ਦੌਰਾਨ ਸ਼੍ਰੋਮਣੀ ਕਮੇਟੀ ਸਮੇਤ ਹੋਰ ਸਿੱਖ ਸੰਸਥਾਵਾਂ ਤੇ ਸਮਾਜ ਸੇਵੀ ਸੰਸਥਾਵਾਂ ਵਲੋਂ ਹੜ੍ਹ ਪੀੜ੍ਹਤਾਂ ਲਈ ਕੀਤੇ ਰਾਹਤ ਕਾਰਜ ਵੀ ਸਰਾਹੁਣਯੋਗ ਰਹੇ। ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲੀ ਮਾਮਲੇ 'ਚ ਸਿੱਖ ਜਗਤ ਨੂੰ ਕੋਈ ਸਫ਼ਲਤਾ ਨਹੀਂ ਮਿਲ ਸਕੀ। ਭਾਰਤ ਸਰਕਾਰ ਵਲੋਂ ਆਪ੍ਰੇਸ਼ਨ ਸੰਧੂਰ ਤੋਂ ਬਾਅਦ ਨਵੰਬਰ ਮਹੀਨੇ ਸਿੱਖ ਜਥੇ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਪਾਕਿਸਤਾਨ ਜਾਣ ਦੀ ਪ੍ਰਵਾਨਗੀ ਤਾਂ ਮਿਲ ਗਈ, ਪਰ ਕਰਤਾਰਪੁਰ ਸਾਹਿਬ ਕੋਰੀਡੋਰ ਕੇਂਦਰ ਸਰਕਾਰ ਵਲੋਂ ਅਜੇ ਤੱਕ ਵੀ ਮੁੜ ਨਹੀਂ ਖੋਲ੍ਹਿਆ ਗਿਆ। ਇਸ ਸਾਲ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਮੇਤ, ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਦੇ ਆਪਣੀਆਂ ਭੁੱਲਾਂ ਗਲਤੀਆਂ ਲਈ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ 'ਤੇ ਧਾਰਮਿਕ ਤਨਖ਼ਾਹਾਂ ਲਗਾਈਆਂ ਗਈਆਂ ਤੇ ਵਲਟੋਹਾ 'ਤੇ ਅਕਾਲੀ ਦਲ ਮੈਂਬਰ ਬਣਨ 'ਤੇ 10 ਸਾਲ ਦੀ ਲੱਗੀ ਪਾਬੰਦੀ ਹਟਾ ਲਈ ਗਈ। ਸਿੱਖ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੇ ਗ਼ੈਰ ਅੰਮ੍ਰਿਤਧਾਰੀ ਮੈਂਬਰਾਂ ਦਾ ਮਾਮਲਾ ਵੀ ਅਕਾਲ ਤਖ਼ਤ ਸਾਹਿਬ ਪੁੱਜਾ ਜਿਸ ਸੰਬੰਧੀ ਜਥੇ: ਗੜਗੱਜ ਵਲੋਂ ਅਗਲੀ ਸੁਣਵਾਈ 5 ਜਨਵਰੀ 2026 ਤੈਅ ਕੀਤੀ ਗਈ ਹੈ। ਪੰਜਾਬ ਸਰਕਾਰ ਵਲੋਂ ਸ਼ਹੀਦੀ ਸ਼ਤਾਬਦੀ ਮੌਕੇ ਸ੍ਰੀ ਨਗਰ ਵਿਖੇ ਕਰਵਾਇਆ ਸਭਿਆਚਾਰਕ ਸਮਾਗਮ ਤੇ ਸੈਮੀਨਾਰ ਵੀ ਚਰਚਾ ਵਿਚ ਰਿਹਾ ਤੇ ਕੈਬਨਿਟ ਮੰਤਰੀ ਬੈਂਸ ਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫਰ ਨੂੰ ਧਾਰਮਿਕ ਤਨਖ਼ਾਹ ਭੁਗਤਣੀ ਪਈ। ਮਾਰਚ 'ਚ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾ ਨਿਯਮਾਂ ਬਣਾਏ ਜਾਣ ਦੀ ਮੰਗ ਨੂੰ ਲੈ ਕੇ ਸੰਗਤਾਂ ਸਮੇਤ ਵਿਰੋਧ ਕਰਨ ਪੁੱਜੇ। ਸੰਨ੍ਹ 2020 ਦਾ 328 ਪਾਵਨ ਸਰੂਪਾਂ ਦਾ ਪੁਰਾਣਾ ਮਾਮਲਾ ਵੀ ਇਸ ਸਾਲ ਉਦੋਂ ਮੁੜ ਚਰਚਾ ਵਿਚ ਆਇਆ ਜਦੋਂ 7 ਦਸੰਬਰ ਨੂੰ ਪੰਜਾਬ ਸਰਕਾਰ ਵਲੋਂ ਇਸ ਮਾਮਲੇ ਵਿਚ ਐੱਫ. ਆਈ. ਆਰ. ਦਰਜ ਕਰਕੇ ਮਾਮਲੇ ਦੀ ਜਾਂਚ ਲਈ ਇਕ 'ਸਿੱਟ' ਵੀ ਬਣਾ ਦਿੱਤੀ ਗਈ। ਪੰਜਾਬ ਸਰਕਾਰ ਵਲੋਂ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਅਵਸਰ 'ਤੇ ਤਿੰਨ ਤਖ਼ਤ ਸਾਹਿਬਾਨ ਵਾਲੇ ਸ਼ਹਿਰਾਂ ਅੰਮ੍ਰਿਤਸਰ, ਸ੍ਰੀ ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦਿੱਤਾ ਗਿਆ। ਇਸ ਸਾਲ ਸ੍ਰੀ ਦਰਬਾਰ ਸਾਹਿਬ ਵਿਖੇ ਵਿਸਫੋਟਕ ਸਮੱਗਰੀ ਨਾਲ ਧਮਾਕੇ ਕਰਨ ਸੰਬੰਧੀ ਧਮਕੀ ਭਰੀਆਂ ਕਈ ਈਮੇਲ ਵੀ ਸ਼੍ਰੋਮਣੀ ਕਮੇਟੀ ਦਫਤਰ ਨੂੰ ਪ੍ਰਾਪਤ ਹੋਈਆਂ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਕਥਿਤ ਦੋਸ਼ ਤਹਿਤ ਜੇਲ੍ਹ ਯਾਤਰਾ ਕਰਨੀ ਪਈ। ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਸਮੇਤ ਕਈ ਜਥੇਬੰਦੀਆਂ ਵਲੋਂ ਭਾਰਤ ਸਰਕਾਰ ਵਲੋਂ ਐਲਾਨੇ ਵੀਰ ਬਾਲ ਦਿਵਸ ਦਾ ਨਾਂਅ ਬਦਲਣ ਦੀ ਮੰਗ ਇਸ ਸਾਲ ਵੀ ਜਾਰੀ ਰਹੀ। ਨਾਨਕਸ਼ਾਹੀ ਕੈਲੰਡਰ ਵਿਵਾਦ ਇਸ ਸਾਲ ਵੀ ਜਾਰੀ ਰਿਹਾ ਤੇ ਇਸ ਵਰ੍ਹੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਜਨਵਰੀ ਅਤੇ ਦਸੰਬਰ ਮਹੀਨੇ ਦੌਰਾਨ ਦੋ ਵਾਰ ਮਨਾਇਆ ਗਿਆ, ਪਰ 27 ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਵਾਲੇ ਦਿਨ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਦੂਜੀ ਵਾਰ ਆਉਣ ਕਰਕੇ ਸੰਗਤਾਂ ਨੂੰ ਇਹ ਪ੍ਰਕਾਸ਼ ਪੁਰਬ ਮਨਾਉਣ ਵਿਚ ਕਾਫੀ ਦੁਬਿਧਾ ਦਾ ਸਾਹਮਣਾ ਕਰਨਾ ਪਿਆ। ਸੁਖਬੀਰ ਸਿੰਘ ਬਾਦਲ ਮੁੜ ਅਕਾਲੀ ਦਲ ਦੇ ਪ੍ਰਧਾਨ ਬਣੇ ਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਇਸ ਸਾਲ ਵੀ ਡਿਬਰੂਗੜ੍ਹ ਜੇਲ੍ਹ ਵਿਚੋਂ ਰਿਹਾਈ ਨਹੀਂ ਹੋ ਸਕੀ। ਇਸ ਵਰ੍ਹੇ ਦੇ ਸ਼ੁਰੂ ਵਿਚ ਸਾਬਕਾ ਹਜ਼ੂਰੀ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਨੂੰ ਕੇਂਦਰ ਸਰਕਾਰ ਵਲੋਂ ਪਦਮ ਸ੍ਰੀ ਸਨਮਾਨ ਪ੍ਰਦਾਨ ਕੀਤਾ ਗਿਆ।



# ਡਾਵਾਂਡੋਲ ਕੂਟਨੀਤੀ ਦਾ ਵਰ੍ਹਾ - 2025

ਡਾ. ਜਸਬੀਰ ਸਿੰਘ ਔਲਖ

ਸਾਲ 2025 ਦੇ ਸ਼ੁਰੂ ਵਿੱਚ ਡੋਨਲਡ ਟਰੰਪ ਦੇ ਮੁੜ ਸੱਤਾ ਵਿੱਚ ਆਉਣ 'ਤੇ ਮੀਡੀਆ ਦਾ ਇੱਕ ਹਿੱਸਾ ਭਾਰਤ ਨੂੰ ਵਿਸ਼ਵ ਗੁਰੂ ਵਜੋਂ ਪ੍ਰਚਾਰਨ ਲੱਗਿਆ ਸੀ। ਅਮਰੀਕਾ, ਬਰਤਾਨੀਆ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਯੂਰੋਪੀਅਨ ਯੂਨੀਅਨ ਨਾਲ ਦੁਵੱਲੇ ਵਪਾਰਕ ਸਮਝੌਤਿਆਂ ਦੀ ਮ੍ਰਿਗ ਤ੍ਰਿਸ਼ਨਾ ਪਾਲੀ ਗਈ। ਸਾਲ 2024 ਦੇ ਅਖ਼ੀਰ ਵਿੱਚ ਬੰਗਲਾਦੇਸ਼ ਦੀ ਮੁਹੰਮਦ ਯੂਨਸ ਸਰਕਾਰ ਨਾਲ ਗੱਲਬਾਤ ਨੇ ਦੁਵੱਲੇ ਸਬੰਧਾਂ ਨੂੰ ਸੁਖਦ ਮੋੜ ਦੇਣ ਦੀ ਆਸ ਬੰਨ੍ਹਾਈ। ਬਾਲਾਕੋਟ ਅਪਰੇਸ਼ਨ ਅਤੇ ਜੰਮੂ-ਕਸ਼ਮੀਰ ਦੀ ਮੁੜ ਵੰਡ ਤੋਂ ਬਾਅਦ ਸਰਕਾਰ ਨੂੰ ਜਾਪਿਆ ਸੀ ਕਿ ਦਹਿਸ਼ਤਗਰਦੀ ਖ਼ਤਮ ਹੋ ਗਈ ਹੈ, ਪਰ 2025 ਦੇ ਅੰਤ ਤੱਕ ਭਾਰਤੀ ਕੂਟਨੀਤੀ ਡਿੱਕ-ਡੋਲੇ ਖਾਂਦੀ ਨਜ਼ਰ ਆਈ। ਬਰਤਾਨੀਆ, ਓਮਾਨ ਅਤੇ ਨਿਊਜ਼ੀਲੈਂਡ ਨਾਲ ਭਾਰਤ ਦੇ ਦੁਵੱਲੇ ਵਪਾਰਕ ਸਮਝੌਤੇ ਸਿਰੇ ਚੜ੍ਹ ਗਏ, ਪਰ ਅਮਰੀਕਾ ਅਤੇ ਯੂਰੋਪੀਅਨ ਯੂਨੀਅਨ ਦੇ ਮਾਮਲੇ ਵਿੱਚ ਬਿਆਨਬਾਜ਼ੀ ਤੋਂ ਇਲਾਵਾ ਕੁਝ ਵੀ ਨਹੀਂ ਦਿਸਦਾ। ਬਰਤਾਨੀਆ ਨਾਲ ਹੋਏ ਵਪਾਰ ਸਮਝੌਤੇ ਤੋਂ ਬਾਅਦ ਹੀ ਇੱਕ ਬਰਤਾਨਵੀ ਸੰਸਦੀ ਕਮੇਟੀ ਨੇ 'ਟਰਾਂਸਨੈਸ਼ਨਲ ਰਿਪਰੈਸ਼ਨ ਇਨ ਯੂ ਕੇ' ਨਾਂ ਦੀ ਰਿਪੋਰਟ ਜਾਰੀ ਕੀਤੀ ਕਿ ਵਿਸ਼ਵ ਦੀਆਂ ਕੁਝ ਸਰਕਾਰਾਂ ਵੱਲੋਂ ਬਰਤਾਨਵੀ ਨਾਗਰਿਕਾਂ ਨੂੰ ਡਰਾਉਣ, ਉਨ੍ਹਾਂ ਦੀ ਆਵਾਜ਼ ਦਬਾਉਣ ਅਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਵਧ ਰਹੀਆਂ ਹਨ। ਇਸ ਰਿਪੋਰਟ ਵਿੱਚ ਭਾਰਤ ਸਮੇਤ ਕੁੱਲ ਬਾਰਾਂ ਦੇਸ਼ਾਂ ਦੇ ਨਾਮ ਸਨ। ਇਹ ਰਿਪੋਰਟ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਉੱਥੋਂ ਦੀ ਪਾਰਲੀਮੈਂਟ ਵਿਚਲੀ ਉਸ ਤਕਰੀਰ ਦੀ ਪ੍ਰੋੜਤਾ ਕਰਦੀ ਹੈ, ਜਿਸ ਵਿੱਚ ਉਨ੍ਹਾਂ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ 'ਭਾਰਤੀ ਏਜੰਟਾਂ' ਦੀ ਸ਼ਮੂਲੀਅਤ ਬਾਰੇ 'ਨਿੱਗਰ ਸੂਚਨਾ' ਹੋਣ ਦਾ ਦਾਅਵਾ ਕੀਤਾ ਸੀ। ਕੈਨੇਡਾ ਦੇ ਦੋਸ਼ਾਂ ਬਾਰੇ ਭਾਰਤ ਸਰਕਾਰ ਨੇ ਹਮਲਾਵਰ ਰੁਖ਼ ਅਖਤਿਆਰ ਕੀਤਾ ਪਰ ਬਰਤਾਨਵੀ ਸੰਸਦੀ ਰਿਪੋਰਟ ਅਤੇ ਗੁਰਪਤਵੰਤ ਸਿੰਘ ਪੰਨੂ ਦੇ ਮਾਮਲਿਆਂ ਵਿੱਚ ਸਰਕਾਰੀ ਖ਼ਾਮੋਸ਼ੀ ਭੇਤ ਬਣੀ ਰਹੀ। ਇਨ੍ਹਾਂ ਮਾਮਲਿਆਂ ਵਿੱਚ ਹੀ ਨਹੀਂ ਸਗੋਂ 'ਵਾਸ਼ਿੰਗਟਨ ਪੋਸਟ' ਵੱਲੋਂ ਅਪਰੈਲ 2024 ਵਿੱਚ ਕੀਤੇ ਖੁਲਾਸੇ ਕਿ ਆਸਟਰੇਲੀਆ ਵਿੱਚੋਂ ਦੋ ਭਾਰਤੀ ਅਧਿਕਾਰੀਆਂ ਨੂੰ ਜਾਸੂਸੀ ਦੇ ਦੋਸ਼ ਵਿੱਚ ਕੱਢਿਆ ਗਿਆ ਸੀ, ਬਾਰੇ ਵੀ ਸਰਕਾਰ ਚੁੱਪ ਰਹੀ। ਇਹ ਖ਼ਾਮੋਸ਼ੀ ਜਰਮਨੀ ਵਿੱਚ ਦੋ ਕਥਿਤ ਭਾਰਤੀ ਏਜੰਟਾਂ ਮਨਮੋਹਨ ਸਿੰਘ ਅਤੇ ਕੰਵਲਜੀਤ ਕੌਰ ਨੂੰ ਜਾਸੂਸੀ ਦੇ ਦੋਸ਼ ਵਿੱਚ ਕੈਦ ਅਤੇ ਜੁਰਮਾਨੇ ਦੀ ਸਜ਼ਾ ਬਾਰੇ ਵੀ ਕਾਇਮ ਰਹੀ। ਹਾਲਾਂਕਿ ਕੁਵੈਤ ਵਿੱਚ ਅੱਠ ਭਾਰਤੀ ਨੇਵੀ ਅਧਿਕਾਰੀਆਂ ਨੂੰ ਇਜ਼ਰਾਈਲ ਲਈ ਜਾਸੂਸੀ ਦੇ ਦੋਸ਼ ਹੇਠ ਹੋਈ ਮੌਤ ਦੀ ਸਜ਼ਾ ਰੱਦ ਕਰਵਾਉਣ ਵਿੱਚ ਭਾਰਤ ਸਰਕਾਰ ਕਾਮਯਾਬ ਰਹੀ। ਇਨ੍ਹਾਂ ਘਟਨਾਵਾਂ ਨੇ ਭਾਰਤ ਦੇ ਇੱਕ ਜ਼ਿੰਮੇਵਾਰ ਮੁਲਕ ਹੋਣ ਦੇ ਰੁਤਬੇ ਨੂੰ ਸੱਟ ਮਾਰੀ।

ਮੋਦੀ- ਸ਼ੀ ਜਿਨਪਿੰਗ ਨਾਲ ਸਤੰਬਰ 2025 ਵਿੱਚ ਸ਼ੰਘਾਈ ਸਹਿਯੋਗ ਸੰਮੇਲਨ ਤੇ ਵੱਡੀ ਪੱਧਰ 'ਤੇ ਪ੍ਰਚਾਰੇ ਗਏ ਫੋਟੋ ਸ਼ੈਸਨਾਂ ਦੇ ਬਾਵਜੂਦ ਆਪਸੀ ਸਬੰਧਾਂ ਵਿੱਚ ਗਰਮਜੋਸ਼ੀ ਦੀ ਘਾਟ ਰੜਕਦੀ ਹੈ। ਤੀਰਥ ਯਾਤਰਾ ਸਬੰਧੀ ਵੀਜ਼ਾ ਸ਼ਰਤਾਂ ਕੁਝ ਨਰਮ ਹੋਈਆਂ ਪਰ ਹਿੰਦ-ਚੀਨ ਸਰਹੱਦ 'ਤੇ ਬਣਿਆ ਜਮੂਦ ਬਰਕਰਾਰ ਰਿਹਾ। ਅਰੁਣਾਚਲ ਪ੍ਰਦੇਸ਼ ਦੀ ਇੱਕ ਯਾਤਰੀ ਨੂੰ ਨਵੰਬਰ 2025 ਵਿੱਚ ਸ਼ੰਘਾਈ ਹਵਾਈ ਅੱਡੇ 'ਤੇ ਘੰਟਿਆਂਬੱਧੀ ਰੋਕਣ ਅਤੇ ਜ਼ਲੀਲ ਕਰਨ ਦੀ ਘਟਨਾ ਨੇ ਚੀਨ ਨਾਲ ਰਿਸ਼ਤਿਆਂ ਦੀ ਪੋਲ ਖੋਲ੍ਹ ਦਿੱਤੀ। 1971 ਤੋਂ ਬਾਅਦ ਭਾਰਤ ਨੇ ਕਦੇ ਵੀ ਪਾਕਿਸਤਾਨ ਨਾਲ ਜੁੜੇ ਮਾਮਲੇ ਵਿੱਚ ਅਮਰੀਕਾ ਅਤੇ ਚੀਨ ਨੂੰ ਇਕੱਠੇ ਨਹੀਂ ਵੇਖਿਆ। ਜਿੱਥੇ ਭਾਰਤ ਨੂੰ ਰੂਸ ਨਾਲ ਆਪਣੇ ਸਬੰਧਾਂ ਦੀ ਰੱਖਿਆ ਕਰਨ ਦੇ ਨਾਲ ਨਾਲ ਪਾਕਿ-ਚੀਨ ਗੱਠਜੋੜ ਨਾਲ ਵੀ ਨਜਿੱਠਣਾ ਪੈ ਰਿਹਾ ਹੈ। ਇਉਂ 'ਅਬ ਕੀ ਬਾਰ - ਟਰੰਪ ਸਰਕਾਰ' ਅਤੇ 'ਨਮਸਤੇ ਟਰੰਪ' ਵਰਗੇ ਜੁਮਲੇ, ਜੁਮਲੇ ਹੀ ਰਹਿ ਗਏ। ਟਰੰਪ ਪ੍ਰਸ਼ਾਸਨ ਦੇ ਟੈਰਿਫਾਂ, ਕਰੜੀਆਂ ਆਵਾਸ ਨੀਤੀਆਂ, ਭਾਰਤੀਆਂ ਨੂੰ ਬੇੜੀਆਂ ਵਿੱਚ ਜਕੜ ਕੇ ਭਾਰਤ ਭੇਜਣ ਅਤੇ ਸਰਕਾਰ ਦੀ ਚੁੱਪ ਨੇ ਸਰਕਾਰ ਦੀ ਕੂਟਨੀਤੀ ਦੇ ਦਾਅਵੇ ਖੋਖਲੇ ਸਾਬਿਤ ਕਰ ਦਿੱਤੇ। ਅਪਰੇਸ਼ਨ 'ਸਿੰਧੂਰ' ਰੋਕਣ ਬਾਰੇ ਡੋਨਲਡ ਟਰੰਪ ਦੇ ਦਰਜਨਾਂ ਵਾਰ ਦਿੱਤੇ ਬਿਆਨਾਂ ਦਾ ਸਰਕਾਰ ਹਾਲੇ ਤੱਕ ਡਟ ਕੇ ਖੰਡਨ ਕਰਨ ਦੀ ਹਿੰਮਤ ਨਹੀਂ ਕਰ ਸਕੀ। ਇਸ ਤੋਂ ਇਲਾਵਾ ਪਹਿਲਗਾਮ ਦਹਿਸ਼ਤੀ ਹਮਲੇ ਮਗਰੋਂ ਭਾਰਤ ਇਸ ਵਿੱਚ ਪਾਕਿਸਤਾਨ ਦੀ ਸ਼ਮੂਲੀਅਤ ਬਾਰੇ ਕੋਈ ਪੱਕਾ ਸਬੂਤ ਜਾਂ ਡੋਜ਼ੀਅਰ ਵਿਸ਼ਵ ਭਾਈਚਾਰੇ ਸਾਹਮਣੇ ਰੱਖਣ 'ਚ ਵੀ ਨਾਕਾਮ ਰਿਹਾ। ਇਸ ਦੇ ਸਿੱਟੇ ਵਜੋਂ ਚੀਨ, ਤੁਰਕੀ ਅਤੇ ਅਜ਼ਰਬਾਇਜਾਨ ਵਰਗੇ



੫੦-ਹਰਿਮੰਦਰ ਸਾਹਿਬ, ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਿਆਂ ਗੁੰਬਦਾਂ ਉੱਪਰ ਸੋਨਾ ਚੜ੍ਹਾਉਣ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਜੀ ਨੇ ਕੀਤੀ ਸੀ। ਗੁਰੂ ਸਾਹਿਬ ਦਾ ਫੁਰਮਾਨ ਸੀ ਕਿ ਗੁਰਦੁਆਰਾ ਸਾਹਿਬ ਦੀ ਸ਼ਾਨ ਬਹੁਤ ਜ਼ਰੂਰੀ ਹੈ। ਜਿਤਨੇ ਵੀ ਇਤਿਹਾਸਿਕ ਅਸਥਾਨ ਹਨ ਉਹਨਾਂ ਦੇ ਗੁੰਬਦ ਤੇ ਪੱਥਰ ਲੱਗਾ ਹੁੰਦਾ ਹੈ ਜਿਸ ਤਰ੍ਹਾਂ ਤਖਤ ਸੀ ਦਮਦਮਾ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ਼੍ਰੀ ਅਨੰਦਪੁਰ ਸਾਹਿਬ ਤੋ ਇਲਾਵਾ ਗੁਰਦੁਆਰਾ ਰਕਾਬ ਗੰਜ ਦਿੱਲੀ, ਗੁਰਦੁਆਰਾ ਬਾਬਾ ਬੁੱਢਾ ਜੀ, ਟਾਹਲੀਆਣਾ ਸਾਹਿਬ ਰਾਏਕੋਟ, ਗੁਰਦੁਆਰਾ ਗੁਰੂਸਰ ਕਾਉਂਕੇ, ਮਹਿਤੀਆਣਾ ਸਾਹਿਬ, ਦੂਖ ਨਿਵਾਰਨ ਸਾਹਿਬ ਲੁਧਿਆਣਾ, ਗੁਰਦੁਆਰਾ ਤਖਤੂਪੁਰਾ ( 3 ਪਾਤਸ਼ਾਹੀਆਂ ਦੇ ਚਰਨ ਪਏ ਹੋਏ ਹਨ), ਮਨੀਕਰਨ ਸਾਹਿਬ, ਗੁਰਦੁਆਰਾ ਕਰਤਾਰਪੁਰ ਸਾਹਿਬ ਪਾਕਿਸਤਾਨ,ਗੁਰਦੁਆਰਾ ਖਡੂਰ ਸਾਹਿਬ, ਗੁਰਦੁਆਰਾ ਸੁਲਤਾਨ ਪੁਰ ਲੋਧੀ, ਗੁਰਦੁਆਰਾ ਛੇਹਰਟਾ ਸਾਹਿਬ ਆਦਿ।

(ਚਲਦਾ)

# ਦਸਤਾਰ ਦੀ ਅਹਿਮੀਅਤ ਅਤੇ ਨੈਤਿਕਤਾ

ਸਤਨਾਮ ਸਿੰਘ ਚਾਹਲ



ਸਿੱਖ ਦਸਤਾਰ ਦੁਨੀਆ ਦੇ ਸਭ ਤੋਂ ਵੱਧ ਪਛਾਣੇ ਜਾਣ ਵਾਲੇ ਅਤੇ ਸਤਿਕਾਰਯੋਗ ਧਾਰਮਿਕ ਨਿਸ਼ਾਨਾਂ ਵਿੱਚੋਂ ਇੱਕ ਹੈ। ਇਹ ਹਿੰਮਤ, ਅਨੁਸ਼ਾਸਨ, ਇਮਾਨਦਾਰੀ, ਕੁਰਬਾਨੀ ਅਤੇ ਕਮਜ਼ੋਰਾਂ ਦੀ ਰੱਖਿਆ ਕਰਨ ਅਤੇ ਮਨੁੱਖਤਾ ਦੀ ਸੇਵਾ ਕਰਨ ਦੇ ਨੈਤਿਕ ਫਰਜ਼ ਦਾ ਪ੍ਰਤੀਕ ਹੈ। ਵਿਸ਼ਵ ਯੁੱਧ ਦੇ ਮੈਦਾਨਾਂ ਤੋਂ ਲੈ ਕੇ ਆਧੁਨਿਕ ਸ਼ਹਿਰਾਂ ਦੀਆਂ ਗਲੀਆਂ ਤੱਕ, ਦਸਤਾਰਧਾਰੀ ਸਿੱਖਾਂ ਨੇ ਬਹਾਦਰੀ, ਸਖ਼ਤ ਮਿਹਨਤ ਅਤੇ ਨਿਰਸਵਾਰਥ ਸੇਵਾ ਰਾਹੀਂ ਵਿਸ਼ਵਵਿਆਪੀ ਸਤਿਕਾਰ ਪ੍ਰਾਪਤ ਕੀਤਾ ਹੈ। ਫਿਰ ਵੀ, ਹਾਲ ਹੀ ਦੇ ਸਾਲਾਂ ਵਿੱਚ ਇੱਕ ਪਰੇਸ਼ਾਨ ਕਰਨ ਵਾਲੀ ਹਕੀਕਤ ਸਾਹਮਣੇ ਆਈ ਹੈ।

ਦਸਤਾਰ ਪਹਿਨਣ ਵਾਲੇ ਬਹੁਤ ਘੱਟ ਵਿਅਕਤੀ ਵੱਖ-ਵੱਖ ਦੇਸ਼ਾਂ ਵਿੱਚ ਗੰਭੀਰ ਅਪਰਾਧਾਂ ਵਿੱਚ ਸ਼ਾਮਲ ਹੋਏ ਹਨ, ਜਿਸ ਨਾਲ ਵਿਸ਼ਵ ਸਿੱਖ ਭਾਈਚਾਰੇ ਨੂੰ ਸ਼ਰਮਿੰਦਗੀ ਅਤੇ ਭਾਵਨਾਤਮਕ ਦਰਦ ਹੋਇਆ ਹੈ। ਜਦੋਂ ਕਿ ਉਨ੍ਹਾਂ ਦੇ ਕੰਮ ਸਿਰਫ਼ ਉਨ੍ਹਾਂ ਦੀ ਨਿੱਜੀ ਪਛਾਣ ਨੂੰ ਦਰਸਾਉਂਦੇ ਹਨ, ਸਮੁੱਚੇ ਸਿੱਖ ਪੰਥ ਦੀ ਨਹੀਂ।

ਕੈਨੇਡਾ ਵਿੱਚ ਖ਼ਾਸ ਕਰਕੇ ਬ੍ਰਿਟਿਸ਼ ਕੋਲੰਬੀਆ ਅਤੇ ਓਂਟਾਰੀਓ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਕਈ ਸੰਗਠਿਤ ਅਪਰਾਧ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ ਜਿਸ ਵਿੱਚ ਪੰਜਾਬੀ ਸਿੱਖ ਪਿਛੋਕੜ ਵਾਲੇ ਵਿਅਕਤੀ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਕੁਝ ਖੁੱਲ੍ਹ ਕੇ ਦਸਤਾਰ ਪਹਿਨਦੇ ਸਨ। ਇਨ੍ਹਾਂ ਉੱਚ-ਪ੍ਰੋਫਾਈਲ ਗ੍ਰਿਫ਼ਤਾਰੀਆਂ ਨੂੰ ਵੱਡੇ ਪੱਧਰ 'ਤੇ ਮੀਡੀਆ ਕਵਰੇਜ ਮਿਲੀ ਅਤੇ ਬਹੁਤ ਸਾਰੇ ਮਾਮਲਿਆਂ ਵਿੱਚ ਦਸਤਾਰ ਅਪਰਾਧ ਦੀ ਬਜਾਏ ਇੱਕ ਕੇਂਦਰੀ ਦ੍ਰਿਸ਼ਟੀਗਤ ਕੇਂਦਰ ਬਣ ਗਈ। ਨਤੀਜੇ ਵਜੋਂ ਬੇਕਸੂਰ ਸਿੱਖ ਨੌਜਵਾਨਾਂ ਨੂੰ ਵਧਦੀ ਨਸਲੀ ਪ੍ਰੋਫ਼ਾਈਲਿੰਗ, ਸ਼ੱਕ ਅਤੇ ਧੱਕੇਸ਼ਾਹੀ ਦਾ ਸਾਹਮਣਾ ਕਰਨਾ ਪਿਆ, ਇਸ ਤੱਥ ਦੇ ਬਾਵਜੂਦ ਕਿ ਜ਼ਿਆਦਾਤਰ ਸਿੱਖ ਕੈਨੇਡੀਅਨ ਕਾਨੂੰਨ ਦੀ ਪਾਲਣਾ ਕਰਨ ਵਾਲੇ ਪੇਸ਼ੇਵਰ, ਕਾਮੇ, ਉੱਦਮੀ ਅਤੇ ਭਾਈਚਾਰਕ ਵਾਲੰਟੀਅਰ ਹਨ। ਸਿੱਖ ਸੰਗਠਨਾਂ ਨੇ ਵਾਰ-ਵਾਰ ਇਨ੍ਹਾਂ ਅਪਰਾਧਾਂ ਦੀ ਨਿੰਦਾ ਕੀਤੀ, ਫਿਰ ਵੀ ਉਨ੍ਹਾਂ ਦੀ ਸਾਖ ਨੂੰ ਨੁਕਸਾਨ ਪਹੁੰਚਿਆ।

ਸੰਯੁਕਤ ਰਾਜ ਅਮਰੀਕਾ ਵਿੱਚ ਇਸੇ ਤਰ੍ਹਾਂ ਦੇ ਨਮੂਨੇ ਸਾਹਮਣੇ ਆਏ। ਕੈਲੀਫੋਰਨੀਆ, ਟੈਕਸਾਸ ਅਤੇ ਮੱਧ-ਪੱਛਮ ਦੇ ਕੁਝ ਹਿੱਸਿਆਂ ਵਿੱਚ ਅਧਿਕਾਰੀਆਂ ਨੇ ਡਰੱਗ ਸਪਲਾਈ ਚੇਨਾਂ, ਮਨੁੱਖੀ ਤਸਕਰੀ ਦੇ ਰਿੰਗਾਂ ਅਤੇ ਕੁਝ ਦਸਤਾਰਧਾਰੀ ਵਿਅਕਤੀਆਂ ਨਾਲ ਸਬੰਧਤ ਵਿੱਤੀ ਧੋਖਾਧੜੀ ਦੀਆਂ ਕਾਰਵਾਈਆਂ ਨੂੰ ਉਜਾਗਰ ਕਰ ਦਿੱਤਾ। ਮੀਡੀਆ ਨੇ ਇੱਕ ਵਾਰ ਫਿਰ ਅਪਰਾਧਕ ਨੈੱਟਵਰਕਾਂ ਨਾਲੋਂ ਧਾਰਮਿਕ ਪਛਾਣ ਨੂੰ ਵਧੇਰੇ ਉਜਾਗਰ ਕੀਤਾ। ਇਸ ਨੇ ਆਮ ਲੋਕਾਂ ਵਿੱਚ ਡਰ ਅਤੇ ਗ਼ਲਤਫਹਿਮੀ ਪੈਦਾ ਕੀਤੀ ਹੈ ਅਤੇ ਆਮ ਸਿੱਖ ਅਮਰੀਕੀਆਂ ਲਈ ਜੀਵਨ ਹੋਰ ਵੀ ਮੁਸ਼ਕਲ ਬਣਾ ਦਿੱਤਾ ਜਿਨ੍ਹਾਂ ਦਾ ਇਨ੍ਹਾਂ ਅਪਰਾਧਾਂ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਸ ਦੇ ਨਾਲ ਹੀ ਹਜ਼ਾਰਾਂ ਦਸਤਾਰਧਾਰੀ ਸਿੱਖ ਅਮਰੀਕੀ ਫੌਜ, ਕਾਨੂੰਨ ਲਾਗੂ ਕਰਨ, ਸਿਹਤ ਸੰਭਾਲ, ਆਵਾਜਾਈ ਅਤੇ ਕਾਰੋਬਾਰ ਵਿੱਚ ਸਨਮਾਨ ਨਾਲ ਸੇਵਾ ਕਰਦੇ ਹਨ, ਫਿਰ ਵੀ ਉਨ੍ਹਾਂ ਦੇ ਸਕਾਰਾਤਮਕ ਯੋਗਦਾਨਾਂ ਨੂੰ ਅਪਰਾਧਕ ਸੁਰਖੀਆਂ ਵਾਂਗ ਘੱਟ ਹੀ ਧਿਆਨ ਮਿਲਦਾ ਹੈ।

ਯੂਰਪ ਵਿੱਚ ਖ਼ਾਸ ਕਰਕੇ ਇਟਲੀ, ਸਪੇਨ ਅਤੇ ਯੂਨਾਈਟਿਡ ਕਿੰਗਡਮ ਵਿੱਚ ਸਿੱਖ ਪਰਵਾਸੀ ਖੇਤੀਬਾੜੀ, ਲੌਜਿਸਟਿਕਸ ਅਤੇ ਨਿਰਮਾਣ ਵਿੱਚ ਆਪਣੀ ਸਖ਼ਤ ਮਿਹਨਤ ਲਈ ਵਿਆਪਕ ਤੌਰ 'ਤੇ ਜਾਣੇ ਜਾਂਦੇ ਹਨ। ਹਾਲਾਂਕਿ, ਨਸ਼ੀਲੇ ਪਦਾਰਥਾਂ ਦੀ ਵੰਡ, ਮਜ਼ਦੂਰਾਂ ਦਾ ਸ਼ੋਸ਼ਣ, ਮਨੁੱਖੀ ਤਸਕਰੀ ਅਤੇ ਸੰਗਠਿਤ ਵਿੱਤੀ ਅਪਰਾਧ ਲਈ ਪਗੜੀਧਾਰੀ ਸਿੱਖਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੇ ਮਾਮਲੇ ਪਰਵਾਸੀ ਸਿੱਖ ਵਿਰੋਧੀ ਬਿਰਤਾਂਤਾਂ ਵਿੱਚ ਸਨਸਨੀਖੇਜ਼ ਰਾਜਨੀਤਿਕ ਸਾਧਨ ਬਣ ਗਏ ਹਨ। ਕੁਝ ਦੇਸ਼ਾਂ ਵਿੱਚ ਸੱਜੇ-ਪੱਖੀ ਸਮੂਹਾਂ ਨੇ ਇਨ੍ਹਾਂ ਦੁਰਲੱਭ ਘਟਨਾਵਾਂ ਦੀ ਵਰਤੋਂ ਸਾਰੇ ਸਿੱਖਾਂ ਵਿਰੁੱਧ ਨਫ਼ਰਤ ਫੈਲਾਉਣ ਲਈ ਕੀਤੀ, ਜਦੋਂ ਕਿ ਜ਼ਿਆਦਾਤਰ ਸਿੱਖ ਮਜ਼ਦੂਰਾਂ ਦੁਆਰਾ ਦਰਪੇਸ਼ ਗਰੀਬੀ, ਸ਼ੋਸ਼ਣ ਅਤੇ ਅਣਮਨੁੱਖੀ ਕੰਮ ਕਰਨ ਦੀਆਂ ਸਥਿਤੀਆਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ।

ਨਿਊਜ਼ੀਲੈਂਡ ਅਤੇ ਆਸਟਰੇਲੀਆ ਵਰਗੇ ਸ਼ਾਂਤੀਪੂਰਨ ਦੇਸ਼ਾਂ ਵਿੱਚ ਵੀ ਹਿੰਸਕ ਅਪਰਾਧਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਦੋਸ਼ੀ ਠਹਿਰਾਏ ਗਏ ਪਗੜੀਧਾਰੀ ਸਿੱਖ ਵਿਅਕਤੀਆਂ ਨਾਲ ਜੁੜੇ ਕੁਝ ਬਹੁਤ ਜ਼ਿਆਦਾ ਪ੍ਰਚਾਰਿਤ ਮਾਮਲਿਆਂ ਨੇ ਜਨਤਾ ਨੂੰ ਹੈਰਾਨ ਕਰ ਦਿੱਤਾ। ਉੱਥੋਂ ਦੇ ਸਿੱਖ ਭਾਈਚਾਰਿਆਂ ਨੇ ਤੇਜ਼ੀ ਨਾਲ ਕਾਰਵਾਈ ਕੀਤੀ, ਅਪਰਾਧਾਂ ਦੀ ਖੁੱਲ੍ਹ ਕੇ ਨਿੰਦਾ ਕੀਤੀ ਅਤੇ ਸਮਾਜ ਨੂੰ ਭਰੋਸਾ ਦਿਵਾਉਣ ਲਈ ਅਧਿਕਾਰੀਆਂ ਨਾਲ ਸਹਿਯੋਗ ਕੀਤਾ। ਫਿਰ ਵੀ ਨੈਤਿਕ ਝਟਕਾ ਗੰਭੀਰ ਸੀ ਕਿਉਂਕਿ ਪੱਗ ਰਵਾਇਤੀ ਤੌਰ 'ਤੇ ਸੁਰੱਖਿਆ ਅਤੇ ਮਾਣ ਨਾਲ ਜੁੜੀ ਹੋਈ ਹੈ, ਇਸ ਨੂੰ ਅਚਾਨਕ ਰਾਸ਼ਟਰੀ ਸੁਰਖੀਆਂ ਵਿੱਚ ਅਪਰਾਧਕ ਵਿਵਹਾਰ ਨਾਲ ਜੋੜਿਆ ਜਾ ਰਿਹਾ ਸੀ। ਦੱਖਣੀ-ਪੂਰਬੀ ਏਸ਼ੀਆ ਦੇ ਕੁਝ ਹਿੱਸਿਆਂ ਵਿੱਚ, ਮਲੇਸ਼ੀਆ ਅਤੇ ਥਾਈਲੈਂਡ ਸਮੇਤ ਜਿੱਥੇ ਸਿੱਖ ਇੱਕ ਛੋਟੀ ਘੱਟ ਗਿਣਤੀ ਹਨ, ਅੰਤਰਰਾਸ਼ਟਰੀ ਡਰੱਗ ਕੋਰੀਅਰ ਕਾਰਵਾਈਆਂ ਵਿੱਚ ਪਗੜੀਧਾਰੀ ਵਿਅਕਤੀਆਂ ਦੀਆਂ ਗ੍ਰਿਫ਼ਤਾਰੀਆਂ ਨੇ ਨਿਰਦੋਸ਼ ਸਿੱਖ ਯਾਤਰੀਆਂ ਲਈ ਹਵਾਈ ਅੱਡਿਆਂ 'ਤੇ ਜਾਂਚ ਵਧਾ ਦਿੱਤੀ। ਇਸੇ ਤਰ੍ਹਾਂ, ਕੁਝ ਮੱਧ ਪੂਰਬੀ ਦੇਸ਼ਾਂ ਵਿੱਚ ਸਿੱਖ ਪਰਵਾਸੀ ਕਾਮਿਆਂ ਨੂੰ ਗੈਰ-ਕਾਨੂੰਨੀ ਪੈਸੇ ਭੇਜਣ ਵਾਲੇ ਨੈੱਟਵਰਕਾਂ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਵਿੱਤੀ ਧੋਖਾਧੜੀ ਨਾਲ ਸਬੰਧਤ ਕੁਝ ਗ੍ਰਿਫ਼ਤਾਰੀਆਂ ਤੋਂ ਬਾਅਦ ਸਮਾਜਿਕ ਬੇਆਰਾਮੀ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਇਲਾਕਿਆਂ ਵਿੱਚ ਜਿੱਥੇ ਸਿੱਖ ਪਹਿਲਾਂ ਹੀ ਸਮਾਜਿਕ ਘੱਟ ਗਿਣਤੀਆਂ ਵਜੋਂ ਰਹਿੰਦੇ ਹਨ, ਉੱਥੇ ਉਨ੍ਹਾਂ ਖਿਲਾਫ਼ ਇੱਕ ਵੀ ਅਪਰਾਧਕ ਮਾਮਲਾ ਵਿਆਪਕ ਡਰ ਅਤੇ ਕਲੰਕ ਪੈਦਾ ਕਰ ਸਕਦਾ ਹੈ।

ਦਰਦ ਹੋਰ ਵੀ ਵਧ ਜਾਂਦਾ ਹੈ ਜਦੋਂ ਗ਼ਲਤ ਕੰਮ ਸਿਰਫ਼ ਸੜਕੀ ਅਪਰਾਧ ਤੱਕ ਸੀਮਤ ਨਹੀਂ ਹੁੰਦਾ ਬਲਕਿ ਧਾਰਮਿਕ ਅਤੇ ਭਾਈਚਾਰਕ ਸੰਸਥਾਵਾਂ ਵਿੱਚ ਵੀ ਦਾਖਲ ਹੁੰਦਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਸਿੱਖ ਸੰਗਠਨਾਂ ਦੇ ਅੰਦਰ ਵਿੱਤੀ ਭ੍ਰਿਸ਼ਟਾਚਾਰ, ਧਾਰਮਿਕ ਦਾਨਾਂ ਦੀ ਦੁਰਵਰਤੋਂ, ਡਰਾਉਣ-ਧਮਕਾਉਣ ਅਤੇ ਸ਼ਕਤੀ ਦੀ ਦੁਰਵਰਤੋਂ ਦੇ ਦੋਸ਼ ਸਾਹਮਣੇ ਆਏ ਅਤੇ ਕਈ ਸਾਬਤ ਵੀ ਹੋਏ। ਜਦੋਂ ਧਾਰਮਿਕ ਲੀਡਰਸ਼ਿਪ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਪੱਗ ਵਾਲੇ ਹਨ, ਉਹ ਨਿੱਜੀ ਲਾਭ ਲਈ ਸੰਗਤ ਦੇ ਵਿਸ਼ਵਾਸ ਨਾਲ ਵਿਸ਼ਵਾਸਘਾਤ ਕਰਦੇ ਹਨ, ਤਾਂ ਨੁਕਸਾਨ ਸਿਰਫ਼ ਕਾਨੂੰਨੀ ਨਹੀਂ ਹੁੰਦਾ; ਇਹ ਅਧਿਆਤਮਕ ਵੀ ਹੁੰਦਾ ਹੈ। ਅਜਿਹੀਆਂ ਕਾਰਵਾਈਆਂ ਕੁਰਬਾਨੀ ਅਤੇ ਸੇਵਾ 'ਤੇ ਬਣੇ ਅਦਾਰਿਆਂ ਵਿੱਚ ਵਿਸ਼ਵਾਸ ਨੂੰ ਖਰਾਬ ਕਰਦੀਆਂ ਹਨ।

ਇਹ ਸਪੱਸ਼ਟ ਤੌਰ 'ਤੇ ਕਿਹਾ ਜਾਣਾ ਚਾਹੀਦਾ ਹੈ ਕਿ ਇਹ ਵਿਅਕਤੀ ਸਿੱਖ ਧਰਮ ਦੀ ਨੁਮਾਇੰਦਗੀ ਨਹੀਂ ਕਰਦੇ। ਸਿੱਖ ਸਿਧਾਂਤ ਨਸ਼ਾ, ਸ਼ੋਸ਼ਣ, ਬੇਈਮਾਨੀ, ਹਿੰਸਾ ਅਤੇ ਭ੍ਰਿਸ਼ਟਾਚਾਰ ਨੂੰ ਸਖ਼ਤੀ ਨਾਲ ਵਰਜਿਤ ਕਰਦੇ ਹਨ। ਸਿੱਖ ਪਛਾਣ ਕਾਨੂੰਨ ਤੋਂ ਛੋਟ ਨਹੀਂ ਦਿੰਦੀ ਅਤੇ ਪੱਗ ਕਿਸੇ ਨੂੰ ਵੀ ਨੈਤਿਕ ਜਵਾਬਦੇਹੀ ਤੋਂ ਨਹੀਂ ਬਚਾਉਂਦੀ। ਜਦੋਂ ਕੋਈ ਪੱਗ ਬੰਨ੍ਹ ਕੇ ਅਪਰਾਧ ਕਰਦਾ ਹੈ ਤਾਂ ਇਹ ਸਿਵਲ ਕਾਨੂੰਨ ਅਤੇ ਸਿੱਖ ਕਦਰਾਂ-ਕੀਮਤਾਂ ਦਾ ਦੋਹਰਾ ਵਿਸ਼ਵਾਸਘਾਤ ਹੁੰਦਾ ਹੈ।

ਇਸ ਦੇ ਨਾਲ ਹੀ ਸਿੱਖ ਭਾਈਚਾਰੇ ਨੂੰ ਅਸਹਿਜ ਅੰਦਰੂਨੀ ਸੱਚਾਈ ਦਾ ਸਾਹਮਣਾ ਵੀ ਕਰਨਾ ਪਵੇਗਾ। ਨਸਲਵਾਦ ਅਤੇ ਪੱਖਪਾਤ ਤੋਂ ਭਾਈਚਾਰੇ ਦਾ ਬਚਾਅ ਕਰਨਾ ਜ਼ਰੂਰੀ ਹੈ, ਪਰ ਅਪਰਾਧੀਆਂ ਦਾ ਬਚਾਅ ਸਿਰਫ਼ ਇਸ ਲਈ ਨਹੀਂ ਕਰਨਾ ਚਾਹੀਦਾ ਹੈ ਕਿਉਂਕਿ ਉਹ ਸਾਡੀ ਧਾਰਮਿਕ ਪਛਾਣ ਨੂੰ ਸਾਂਝਾ ਕਰਦੇ ਹਨ, ਇਹ ਖ਼ਤਰਨਾਕ ਰੁਝਾਨ ਹੈ। ਚੁੱਪ, ਇਨਕਾਰ ਜਾਂ ਅੰਨ੍ਹੀ ਵਫ਼ਾਦਾਰੀ ਸਿਰਫ਼ ਉਨ੍ਹਾਂ ਤਾਕਤਾਂ ਨੂੰ ਮਜ਼ਬੂਤ ਕਰਦੀ ਹੈ ਜੋ ਸਿੱਖ ਸਮਾਜ ਨੂੰ ਅੰਦਰੋਂ ਨੁਕਸਾਨ ਪਹੁੰਚਾਉਂਦੀਆਂ ਹਨ। ਪੱਗ ਦੀ ਸੱਚੀ ਸੁਰੱਖਿਆ ਭਾਵਨਾਤਮਕ ਬਚਾਅ ਵਿੱਚ ਨਹੀਂ, ਸਗੋਂ ਨਿਡਰ ਸਵੈ-ਸੁਧਾਰ ਵਿੱਚ ਹੈ। ਪੱਗ ਸਿਰਫ਼ ਪਹਿਰਾਵੇ ਦਾ ਇੱਕ ਕੱਪੜਾ ਨਹੀਂ ਹੈ, ਇਹ ਇੱਕ ਜੀਵਨ ਭਰ ਦਾ ਨੈਤਿਕ ਇਕਰਾਰਨਾਮਾ ਹੈ।

ਇਹ ਸੱਚਾਈ, ਸੰਜਮ, ਨਿਮਰਤਾ ਅਤੇ ਸੇਵਾ ਦੀ ਬਹੁਤ ਹੀ ਉੱਚ ਪੱਧਰ 'ਤੇ ਮੰਗ ਕਰਦੀ ਹੈ। ਜਦੋਂ ਕੁਝ ਲੋਕ ਲਾਲਚ, ਅਪਰਾਧ ਜਾਂ ਸ਼ਕਤੀ ਲਈ ਇਸ ਪਵਿੱਤਰ ਪ੍ਰਤੀਕ ਦੀ ਦੁਰਵਰਤੋਂ ਕਰਦੇ ਹਨ ਤਾਂ ਉਹ ਸਿੱਖ ਪਛਾਣ ਦੇ ਅਧਿਆਤਮਕ ਅਰਥ ਨੂੰ ਕਮਜ਼ੋਰ ਕਰਦੇ ਹਨ ਅਤੇ ਉਨ੍ਹਾਂ ਲੋਕਾਂ ਨੂੰ ਗੋਲਾ ਬਾਰੂਦ ਦਿੰਦੇ ਹਨ ਜੋ ਪਹਿਲਾਂ ਹੀ ਰੂੜ੍ਹੀਵਾਦੀ ਅਤੇ ਨਫ਼ਰਤ ਕਰਨ ਦੇ ਕਾਰਨਾਂ ਦੀ ਭਾਲ ਕਰਦੇ ਹਨ। ਇਸ ਦਾ ਹੱਲ ਮਜ਼ਬੂਤ ਭਾਈਚਾਰਕ ਅਨੁਸ਼ਾਸਨ, ਪਾਰਦਰਸ਼ੀ ਲੀਡਰਸ਼ਿਪ, ਗਲਤ ਕੰਮਾਂ ਦੀ ਬੇਝਿਜਕ ਨਿੰਦਾ ਅਤੇ ਨੌਜਵਾਨ ਪੀੜ੍ਹੀ ਦੀ ਸਿੱਖਿਆ ਵਿੱਚ ਹੈ। ਸਿੱਖ ਨੌਜਵਾਨਾਂ ਨੂੰ ਸਿਖਾਇਆ ਜਾਣਾ ਚਾਹੀਦਾ ਹੈ ਕਿ ਪੱਗ ਦਾ ਸਨਮਾਨ ਚਰਿੱਤਰ ਤੋਂ ਆਉਂਦਾ ਹੈ, ਦਿੱਖ ਤੋਂ ਨਹੀਂ; ਕੁਰਬਾਨੀ ਤੋਂ, ਨਾਅਰੇ ਤੋਂ ਨਹੀਂ; ਸੇਵਾ ਤੋਂ, ਰੁਤਬੇ ਤੋਂ ਨਹੀਂ। ਕੇਵਲ ਤਦ ਹੀ ਸਿੱਖ ਪੰਥ ਆਪਣੀ ਵਿਸ਼ਵਵਿਆਪੀ ਸਾਖ ਅਤੇ ਆਪਣੀ ਪਵਿੱਤਰ ਵਿਰਾਸਤ ਦੋਵਾਂ ਦੀ ਰੱਖਿਆ ਕਰ ਸਕਦਾ ਹੈ।

**ਅਵਤਾਰ ਪੁਰਬ ’ਤੇ ਵਿਸ਼ੇਸ਼**

# ਸਰਬੰਸ ਦਾਨੀ :ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਿਹਾਰ ਸੂਬੇ ਦੇ ਪ੍ਰਸਿੱਧ ਸ਼ਹਿਰ ਪਟਨਾ ਜਿਸ ਦਾ ਉਸ ਸਮੇਂ ਨਾਂ ਪਾਟਲੀਪੁਤਰ ਸੀ ਵਿੱਚ 22 ਦਸੰਬਰ ਸੰਨ 1666 ਈ. ਪੋਹ ਸੁਦੀ ਸਤਵੀਂ ਵਾਲੇ ਦਿਨ ਅਵਤਾਰ ਧਾਰਿਆ। ਉਨ੍ਹਾਂ ਦੇ ਪਿਤਾ ਨੌਵੇਂ ਗੁਰੂ ਤੇਗ ਬਹਾਦਰ ਜੀ ਸਨ ਅਤੇ ਦਾਦਾ ਛੇਵੇਂ ਗੁਰੂ ਸ੍ਰੀ ਹਰਿ ਗੋਬਿੰਦ ਜੀ ਸਨ। ਮਾਤਾ ਦਾ ਨਾਂ ਮਾਤਾ ਗੁਜਰੀ ਸੀ। ਬਾਲ ਗੁਰੂ ਗੋਬਿੰਦ ਰਾਇ ਪੰਜ ਛੇ ਸਾਲ ਪਟਨਾ ਰਹੇ। ਇੱਥੇ ਇਨ੍ਹਾਂ ਦੇ ਕਈ ਕੌਤਕ ਪ੍ਰਸਿੱਧ ਹਨ। ਇੱਥੇ ਹੀ ਬੰਗਾਲੀ, ਹਿੰਦੀ, ਪੰਜਾਬੀ, ਫਾਰਸੀ, ਸੰਸਕ੍ਰਿਤ, ਬ੍ਰਜੀ ਆਦਿ ਬੋਲੀਆਂ ਸਿਖੀਆਂ।

ਗੁਰੂ ਤੇਗ਼ ਬਹਾਦਰ ਜੀ 1671 ਈ. ਦੇ ਸ਼ੁਰੂ ਵਿੱਚ ਪ੍ਰਵਾਰ ਨੂੰ ਪਟਨਾ ਛੱਡ ਕੇ ਵੈਸਾਖੀ ਦੇ ਕਰੀਬ ਆਨੰਦਪੁਰ (ਮਾਖੋਵਾਲ) ਪੁੱਜ ਗਏ। ਛੇਤੀ ਹੀ ਉਨ੍ਹਾਂ ਪ੍ਰਵਾਰ ਨੂੰ ਵਾਪਸ ਮੰਗਵਾਇਆ। ਇੱਥੇ ਹੀ ਔਰੰਗਜ਼ੇਬ ਤੋਂ ਦੁੱਖੀ ਕਸ਼ਮੀਰੀ ਪੰਡਿਤਾਂ ਦੀ ਵਿੱਥਿਆ ਸੁਣ ਕੇ ਗੁਰੂ ਜੀ 7 ਸਾਲ ਦੇ ਬਾਲਕ ਗੁਰੂ ਗੋਬਿੰਦ ਰਾਇ ਜੀ ਨੂੰ ਗੁਰ-ਗੱਦੀ ਸੌਂਪ ਕੇ ਕੁਝ ਮੁੱਖੀ ਸਿੱਖਾਂ ਸਮੇਤ ਮਾਲਵਾ ਅਤੇ ਦਿੱਲੀ ਨੂੰ ਰਵਾਨਾ ਹੋਏ। ਡਾ. ਦੀਵਾਨ ਸਿੰਘ ਨੇ ਆਪਣੀ ਪੁਸਤਕ ‘ਦਸਮ ਗੁਰੂ ਜੀਵਨ ਤੇ ਸ਼ਖ਼ਸ਼ੀਅਤ’ ਵਿਚ ਵਿਸਥਾਰ ਨਾਲ ਲਿਖਦੇ ਹੋਏ ਇਹ ਸਮਾਂ 1673 ਈ. ਦਾ ਲਿਖਿਆ ਹੈ। ਦੋ ਕੁ ਸਾਲ ਗੁਰੂ ਜੀ ਨੇ ਦੇਸ਼ਾਟਨ ਵਿੱਚ ਬਿਤਾਏ। ਜਦ ਗੁਰੂ ਜੀ ਆਗਰੇ ਠਹਿਰੇ ਹੋਏ ਸਨ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਦਿੱਲੀ ਲਿਆਂਦਾ ਗਿਆ। ਉਨ੍ਹਾਂ ਨੂੰ ਕਰਾਮਾਤ ਵਿਖਾਉਣ ਜਾਂ ਇਸਲਾਮ ਧਰਮ ਧਾਰਨ ਲਈ ਕਿਹਾ ਗਿਆ।ਗੁਰੂ ਜੀ ਨੇ ਦੋਵਾਂ ਗਲ ਤੋਂ ਇਨਕਾਰ ਕਰ ਦਿੱਤਾ ਤੇ ਕਿਰਪਾਨ ਨੂੰ ਹੀ ਕਰਾਮਾਤ ਦਸਿਆ।ਅਖੀਰ ਔਰੰਗਜ਼ੇਬ ਦੇ ਹੁਕਮ ਨਾਲ ਉਨ੍ਹਾਂ ਨੂੰ ਅਤੇ ਭਾਈ ਮਤੀਦਾਸ ਜੀ, ਭਾਈ ਦਿਆਲ ਦਾਸ ਜੀ, ਭਾਈ ਸਤੀ ਦਾਸ ਜੀ ਆਦਿ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਹ ਸਾਕਾ 1675 ਈ. ਵਿਚ ਜਦ ਗੁਰੂ ਗੋਬਿੰਦ ਰਾਇ 9 ਸਾਲ ਦੇ ਸਨ ਉਸ ਸਮੇਂ ਵਾਪਰਿਆ। ਸਿੱਖ ਕੌਮ ਦੀ ਇਹ ਦੂਜੀ ਸ਼ਹੀਦੀ ਸੀ, ਜੋ ਕਿ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ (1606 ਈ.) ਤੋਂ 69 ਸਾਲ ਪਿੱਛੋਂ ਵਾਪਰੀ ।

1675 ਤੋਂ 1688 ਈ. ਦਾ ਸਮਾਂ ਸਿੱਖ ਸ਼ਕਤੀ ਦੇ ਸੰਗਠਨ ਦਾ ਸਮਾਂ ਸੀ। ਸੈਨਿਕ ਅਤੇ ਬੀਰ ਰਸੀ ਜੋਸ਼ ਵਧਾਉਣ ਲਈ ਰਣਜੀਤ ਨਗਾਰਾ ਤਿਆਰ ਕਰਵਾਇਆ ਗਿਆ। ਜਿਸ ਦੀ ਆਵਾਜ਼ ਸਾਰੇ ਪਹਾੜੀ ਰਾਜਾਂ ਵਿੱਚ ਗੂੰਜ ਉੱਠੀ। ਇੱਕ ਸਿੱਖ ਦੁਨੀ ਚੰਦ ਕਾਬਲ ਤੋਂ ਇੱਕ ਬਹੁਤ ਸੁੰਦਰ ਅਤੇ ਕੀਮਤੀ ਸ਼ਮਿਆਨਾ ਬਣਵਾ ਕੇ ਲਿਆਇਆ ਤੇ ਗੁਰੂ ਜੀ ਨੂੰ ਭੇਟ ਕੀਤਾ, ਜਿਸ ਦੀ ਕੀਮਤ ਢਾਈ ਲੱਖ ਰੁਪਏ ਸੀ। ਆਸਾਮ ਦਾ ਰਾਜਾ ਰਤਨ ਰਾਏ ਬਹੁਤ ਕੀਮਤੀ ਤੋਹਫੇ ਜਿਨ੍ਹਾਂ ਵਿੱਚ ਇੱਕ ਸੁੰਦਰ ਹਾਥੀ, ਇੱਕ ਤਖ਼ਤ, ਪੰਜ ਵਧੀਆ ਤੇ ਸਜੇ ਸਜਾਏ ਘੋੜੇ, ਇੱਕ ਅਦੁੱਤੀ ਹਥਿਆਰ ਜਿਸ ਵਿੱਚੋਂ ਪੰਜ ਹਥਿਆਰ ਨਿਕਲਦੇ ਸਨ ਅਤੇ ਹੋਰ ਕਿੰਨਾਂ ਕੀਮਤੀ ਸਾਜੋ-ਸਾਮਾਨ ਸੀ।

ਗੁਰੂ ਸਾਹਿਬ ਦੀ ਸ਼ਕਤੀ ਵੱਧਦੀ ਵੇਖ ਕੇ ਬਿਲਾਸਪੁਰ ਦਾ ਰਾਜਾ ਭੀਮ ਚੰਦ ਈਰਖਾ ਦੀ ਅੱਗ ਵਿੱਚ ਸੜਨ ਲੱਗ ਪਿਆ। ਜਿਸ ਦਾ ਸਿੱਟਾ ਪਹਿਲੀ ਲੜਾਈ ਭੰਗਾਲੀ ਦੇ ਯੁੱਧ ਦਾ ਕਾਰਨ ਬਣੀ ਜੋ 1688 ਈ.ਵਿਚ ਲੜੀ ਗਈ। 1677 ਈ. ਵਿੱਚ ਆਪ ਦੀ ਸ਼ਾਦੀ ਲਾਹੌਰ ਦੇ ਸਿੱਖ ਭਾਈ ਭਿਖੀਆ ਦੀ ਲੜਕੀ ਬੀਬੀ ਜੀਤੋ ਨਾਲ ਅਨੰਦਪੁਰ ਸਾਹਿਬ ਹੋਈ। ਪ੍ਰੰਤੂ ਮੈਕਾਲਿਫ ਦਾ ਵਿਚਾਰ ਹੈ ਕਿ ਜੀਤੋ ਜੀ ਦਾ ਨਾਂ ਹੀ ਸੁੰਦਰੀ ਸੀ। ਪਰ ਪ੍ਰੋਫ਼ੈਸਰ ਜੇ ਐਸ ਗਰੇਵਾਲ ਅਤੇ ਪ੍ਰੋਫ਼ੈਸਰ ਐਸ ਐਸ ਬੱਲ ਅਨੁਸਾਰ ਦੂਜੀ ਸ਼ਾਦੀ 15 ਮਈ 1685 ਈ. ਵਿਚ ਅਨੰਦਪੁਰ ਵਿਚ ਬਜਵਾੜੇ ਦੇ ਸਿੱਖ ਸੋਨੀ ਦੀ ਲੜਕੀ ਸੁੰਦਰੀ ਨਾਲ (ਮਾਮਾ ਕਿਰਪਾਲ ,ਦਾਦੀ


ਡਾ. ਚਰਨਜੀਤ ਸਿੰਘ ਗੁਮਟਾਲਾ
001-9375739812

ਮਾਤਾ ਨਾਨਕੀ, ਮਾਤਾ ਗੁਜਰੀ ਜੀ ਦੇ ਮਜ਼ਬੂਰ ਕਰਨ ਤੇ) ਇਸ ਲਈ ਕੀਤੀ ਗਈ ਕਿ ਪਹਿਲੀ ਸ਼ਾਦੀ (ਜੀਤੋ ਜੀ) ਵਾਲੀ ਵਿਚੋਂ ਕੋਈ ਔਲਾਦ ਨਹੀਂ ਸੀ ।

1685 ਈ. ਵਿੱਚ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ ‘ਤੇ ਆਪਣੀ ਸੈਨਾ ਤੇ ਪ੍ਰਵਾਰ ਸਮੇਤ ਆਪ ਨਾਹਨ ਚਲੇ ਗਏ। ਰਾਜੇ ਦੀ ਬੇਨਤੀ ਕਰਨ ‘ਤੇ ਜਮਨਾ ਕੰਢੇ ਰਮਣੀਕ ਥਾਂ ‘ਤੇ 12 ਦਿਨਾਂ ਵਿੱਚ ਹੀ ਕਿਲ੍ਹਾ ਤਿਆਰ ਕਰਵਾਇਆ ਜਿਸ ਦਾ ਨਾਂ ਪਾਉਂਟਾ (ਪੈਰ ਰੱਖਣ ਦੀ ਥਾਂ) ਰੱਖਿਆ। ਏਥੇ ਆਪ ਤਿੰਨ ਸਾਲ ਰਹੇ ਤੇ ਬਹੁਤ ਸਾਰਾ ਸਾਹਿਤ ਰਚਿਆ।1688 ਈ. ਇੱਥੇ ਰਹਿੰਦਿਆਂ ਸਭ ਤੋਂ ਵੱਡੀ ਘਟਨਾ ਭੰਗਾਣੀ ਦਾ ਯੁੱਧ ਹੋਇਆ, ਜਿਸ ਵਿਚ ਗੁਰੂ ਜੀ ਦੀ ਸੈਨਾ ਨੂੰ ਬੜੀ ਭਾਰੀ ਜਿੱਤ ਹੋਈ ।

ਪਾਉਂਟਾ ਸਾਹਿਬ ਵਿੱਚ ਹੀ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਸੰਨ 1687 ਵਿੱਚ ਜਨਮ ਹੋਇਆ। ਭੰਗਾਣੀ ਦੇ ਯੁੱਧ ਤੋਂ ਬਾਅਦ 1688 ਈ. ਵਿੱਚ ਗੁਰੂ ਸਾਹਿਬ ਆਨੰਦਪੁਰ ਵਾਪਿਸ ਆ ਗਏ। ਗੁਰੂ ਜੀ ਦੇ ਬਾਕੀ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਵੀ ਇੱਥੇ ਹੀ ਹੋਇਆ। 1690 ਈ. ਨਦੌਣ ਦੀ ਲੜਾਈ ਹੋਈ।

ਗੁਰੂ ਜੀ ਨੇ ਸਿੱਖਾਂ ਨੂੰ ਨਿਆਰਾ ਰੂਪ ਦੇਣ ਲਈ 1699 ਦੀ ਵਿਸਾਖੀ ਨੂੰ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਖ਼ਾਲਸਾ ਪੰਥ ਦੀ ਸਾਜਣਾ ਨਾਲ ਪਹਾੜੀ ਰਾਜਿਆਂ ਵਿੱਚ ਗੁਰੂ ਜੀ ਪ੍ਰਤੀ ਈਰਖਾ ਹੋਰ ਵੱਧ ਗਈ। ਸੂਬਾ ਸਰਹੰਦ ਨੇ ਦਸ ਹਜ਼ਾਰ ਫੌਜ ਸਮੇਤ ਜਰਨੈਲ ਅਦੀਨਾ ਬੇਗ ਅਤੇ ਪੈਂਦਾ ਖ਼ਾਨ ਨੂੰ ਆਨੰਦਪੁਰ ‘ਤੇ ਹਮਲਾ ਕਰਨ ਲਈ ਭੇਜਿਆ। ਇਸ ਵਿੱਚ ਜਿੱਤ ਗੁਰੂ ਜੀ ਦੀ ਹੀ ਹੋਈ।

ਇਨ੍ਹਾਂ ਦਿਨਾਂ ਵਿੱਚ ਰੁਹਤਾਸ ਦੇ ਇੱਕ ਸਿੱਖ ਨੇ ਆਪਣੀ ਲੜਕੀ ਸਾਹਿਬ ਦੀ ਸ਼ਾਦੀ ਗੁਰੂ ਜੀ ਨਾਲ ਇੱਕ ਪ੍ਰਣ ਅਨੁਸਾਰ ਕੀਤੀ। ਗੁਰੂ ਜੀ ਨੇ ਅੰਮ੍ਰਿਤ ਛਕਾ ਕੇ ਉਸ ਦਾ ਨਾਂ ਸਾਹਿਬ ਕੌਰ ਰੱਖਿਆ। ਇਸੇ ਸਮੇਂ ਭਾਈ ਰਾਮ ਕੁੰਵਰ (ਬਾਬਾ ਬੁੱਢਾ ਜੀ ਦੇ ਵੰਸ਼ਜ) ਨੂੰ ਗੁਰੂ ਜੀ ਨੇ ਅੰਮ੍ਰਿਤ ਛਕਾਇਆ ਤੇ ਉਸ ਦਾ ਨਾਂ ਭਾਈ ਗੁਰਬਖਸ਼ ਸਿੰਘ ਰੱਖਿਆ। ਇਸੇ ਲੜਾਈ ਦੌਰਾਨ ਭਾਈ ਘਨ੍ਹਈਆ ਵਾਲਾ ਪ੍ਰਸੰਗ ਵਾਪਰਿਆ।

ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦਾ ਨਿਸ਼ਾਨਾ ਆਨੰਦਪੁਰ ਸੀ। ਲਗਾਤਾਰ 8 ਮਹੀਨੇ ਤੋਂ ਆਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਗਿਆ। ਬਿਕ੍ਰਮੀ ਸੰਮਤ 1762 ਦੀ 6-7 ਪੋਹ ਦੀ ਦਰਮਿਆਨੀ ਰਾਤ ਨੂੰ ਆਨੰਦ ਗੜ ਦਾ ਕਿਲ੍ਹਾ ਖਾਲੀ ਕਰਨ ਤੋਂ ਬਾਅਦ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨੇ ਚੁੱਕੀਆਂ ਕਸਮਾਂ ਨੂੰ ਤੋੜ ਕੇ ਕੀਰਤਪੁਰ ਸਾਹਿਬ ਪਾਰ ਕਰਦਿਆਂ ਹੀ ਸਿੱਖ ਫੌਜਾਂ ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਜੰਗ ਹੋਈ, ਕਾਫੀ ਸਿੰਘ ਸ਼ਹੀਦ ਹੋ ਗਏ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਵਿਛੜ ਗਿਆ।

ਉਨ੍ਹਾਂ ਦੇ ਮਾਤਾ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਰੋਪੜ ਵੱਲ ਨੂੰ ਗਏ। ਜਿੱਥੋਂ ਇੱਕ ਪੁਰਾਣਾ ਨੌਕਰ ਗੰਗੂ ਬ੍ਰਾਮਣ ਉਨ੍ਹਾਂ ਨੂੰ ਆਪਣੇ ਪਿੰਡ ਖੇੜੀ ਲੈ ਗਿਆ। ਰਾਤ ਨੂੰ ਮਾਤਾ ਜੀ ਪਾਸੋਂ ਜੇਵਰ ਤੇ ਨਕਦੀ ਚੁਰਾ ਲਈ ਤੇ ਹਜ਼ਮ ਕਰਨ ਲਈ ਉਨ੍ਹਾਂ ਵਿਰੁੱਧ ਮੋਰਿੰਡੇ ਚੌਧਰੀ ਨੂੰ ਖ਼ਬਰ ਕਰ ਦਿੱਤੀ। ਉਸ ਨੇ ਉਨ੍ਹਾਂ ਦੇ ਸੂਬੇਦਾਰ ਸਰਹੰਦ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਵਜ਼ੀਰ ਖਾਂ ਨੇ ਆਪਣੇ ਵਜ਼ੀਰ ਸੁੱਚਾ ਨੰਦ ਖ਼ਤਰੀ ਦੇ ਜ਼ੋਰ ਦੇਣ ‘ਤੇ ਦੋਵਾਂ ਮਾਸੂਮ ਬੱਚਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਮਾਤਾ ਜੀ ਬੱਚਿਆਂ ਦਾ ਦੁੱਖ ਨਾ ਸਹਾਰਦੇ ਹੋਏ ਸ਼ਹਾਦਤ ਪਾ ਗਏ।

ਅਗਲਾ ਟਾਕਰਾ 8 ਪੋਹ ਨੂੰ 1762 (ਸੰਨ 1705) ਚਮਕੌਰ ਦੀ ਗੜ੍ਹੀ ਤੇ ਭਾਰੀ ਜੰਗ ਹੋਇਆ। ਇਸ ਜੰਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਪੁੱਤਰ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ , ਹੋਰਨਾਂ ਚਾਲੀ ਕੁ ਸਿੰਘਾਂ ਸਮੇਤ ਲੜਦਿਆਂ ਸ਼ਹੀਦ ਹੋ ਗਏ। ਇਸ ਤੋਂ ਬਾਅਦ 30 ਪੋਹ 1762 ਬਿਕ੍ਰਮੀ (ਸੰਨ 1705ਈ.) ਵਿੱਚ ਖਿਦਰਾਣਾ ਦੀ ਢਾਬ ਤੇ ਸੂਬਾ ਸਰਹਿੰਦ ਦੀ ਦਸ ਹਜ਼ਾਰ ਮੁਗ਼ਲਾ ਫੌਜ ਨਾਲ ਜੰਗ ਲੜੀ। ਇੱਥੇ ਚਾਲੀ ਸਿੰਘਾਂ ਵਲੋਂ ਲਿਖਿਆ ਗਿਆ ਬੇਦਾਵਾ ਗੁਰੂ ਜੀ ਨੇ ਪਾੜ ਦਿੱਤਾ। ਇਸ ਕਰ ਕੇ ਇਸ ਨੂੰ ਚਾਲੀ ਮੁਕਤਿਆ ਦੀ ਮੁਕਤੀ ਕਾਰਨ ਮੁਕਤਸਰ ਕਿਹਾ ਜਾਣ ਲੱਗਾ।

ਚਮਕੌਰ ਤੋਂ ਗੁਰੂ ਜੀ ਇਕੱਲੇ ਆਪਣੇ ਤਿੰਨ ਸਿੱਖਾਂ ਨਾਲੋਂ ਵਿਛੜ ਕੇ ਮਾਛੀਵਾੜੇ ਜਾ ਪੁੱਜੇ। ਮਾਛੀਵਾੜੇ ਉਨ੍ਹਾਂ ਦੇ ਤਿੰਨ ਸਾਥੀ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਵੀ ਆ ਮਿਲੇ। ਇੱਥੇ ਹੀ ਉਨ੍ਹਾਂ ਦੇ ਸ਼ਰਧਾਲੂ ਪਠਾਨ ਨਬੀ ਖ਼ਾਨ ਤੇ ਗ਼ਨੀ ਖ਼ਾਨ ਆ ਮਿਲੇ। ਜਿਨ੍ਹਾਂ ਨੇ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਗੁਰੂ ਜੀ ਨੂੰ ‘ਉੱਚ ਦਾ ਪੀਰ’ ਬਣਾਇਆ ਅਤੇ ਨੀਲੀ ਪੁਸ਼ਾਕ ਪਹਿਨਾ ਕੇ ਪਾਲਕੀ ਵਿੱਚ ਸਵਾਰ ਕਰਕੇ ਮੁਗ਼ਲ ਫੌਜਾਂ ਤੋਂ ਬਚਦੇ ਹੋਏ ਕਾਫੀ ਦੂਰ ਚਲੇ ਗਏ।ਗੁਰੂ ਜੀ ਇਸ ਵਿਉਂਤ ਨਾਲ ਜਗਰਾਉਂ ਤੇ ਰਾਏਕੋਟ ਹੁੰਦੇ ਹੋਏ ਜੱਟਪੁਰੇ ਪੁੱਜੇ। ਇੱਥੋਂ ਦੇ ਮੁਸਲਮਾਨ ਹਾਕਮ ਰਾਏ ਕਲ੍ਹਾ ਨੇ ਗੁਰੂ ਜੀ ਦੀ ਪੂਰੀ ਸਹਾਇਤਾ ਕੀਤੀ। ਰਾਏ ਕਲ੍ਹਾ ਨੇ ਗੁਰੂ ਜੀ ਦੇ ਕਹਿਣ ‘ਤੇ ਸਰਹੰਦ ਤੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰੀ ਜੀ ਦੀ ਖ਼ਬਰ ਮੰਗਵਾਈ। ਜਦ ਮਾਹੀ ਨਾਮੀ ਹਰਕਾਰਾ ਇਹ ਅਤੀ ਦੁੱਖਦਾਈ ਖ਼ਬਰ ਲਿਆਇਆ ਤਾਂ ਉਸ ਵੇਲੇ ਗੁਰੂ ਜੀ ਜੰਗਲ ਵਿੱਚ ਬੈਠੇ ਹੋਏ ਸਨ। ਗੁਰੂ ਜੀ ਨੇ ਇੱਕ ਕਾਹੀ ਦਾ ਬੂਟਾ ਪੁੱਟਦੇ ਹੋਏ ਫਰਮਾਇਆ ਕਿ ਜਿਸ ਤਰ੍ਹਾਂ ਇਹ ਬੂਟਾ ਪੁੱਟਿਆ ਗਿਆ ਹੈ, ਉਸੇ ਤਰ੍ਹਾਂ ਮੁਗ਼ਲ ਹਕੂਮਤ ਦੀਆਂ ਛੇਤੀ ਹੀ ਜੜ੍ਹਾਂ ਪੁੱਟੀਆਂ ਜਾਣਗੀਆਂ।

ਇਸ ਉਪਰੰਤ ਮੌਜੂਦਾ ਮੁਕਤਸਰ ਦੀ ਥਾਂ ‘ਤੇ ਮੁਗ਼ਲਾਂ ਨਾਲ ਮੁੜ ਮੁਠਭੇੜ ਹੁੰਦੀ ਹੈ, ਜਿੱਥੇ ਚਾਲੀ ਸਿੰਘ ਜੋ ਬੇਦਾਵਾ ਦੇ ਗਏ ਸਨ ਮੁਗਲ ਫੌਜਾਂ ਨਾਲ ਬੜੀ ਬਹਾਦਰੀ ਨਾਲ ਲੜਦੇ ਸ਼ਹੀਦੀ ਪ੍ਰਾਪਤ ਕਰਦੇ ਹਨ।ਗੁਰੂ ਜੀ ਨੇ ਇਸ ਲੜਾਈ ਨੂੰ ਉੱਚੇ ਟਿੱਬੇ ਤੋਂ ਵੇਖਿਆ।ਗੁਰੂ ਜੀ ਨੇ ਇਕੱਲੇ ਇਕੱਲੇ ਸਿੰਘ ਨੂੰ ਆਪਣੀ ਗੋਦ ਵਿਚ ਲਿਆ ਤੇ ਬੇਦਾਵਾ ਪਾੜ ਕੇ ਉਨ੍ਹਾਂ ਨੂੰ ਮੁਕਤੇ ਆਖ ਕੇ ਨਿਵਾਜਿਆ। ਇੱਥੇ ਹੁਣ ‘ਮੁਕਤਸਰ’ ਆਬਾਦ ਹੈ। ਮੁਕਤਸਰ ਤੋਂ ਬਾਅਦ ਗੁਰੂ ਜੀ ਤਲਵੰਡੀ ਸਾਬੋ ਪੁੱਜੇ। ਜਿੱਥੇ ਉਹ 9 ਮਹੀਨੇ ਰਹੇ ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਅਤੇ ਇਸ ਨੂੰ ਹੁਣ ਵਾਲਾ ਸੰਪੂਰਨ ਰੂਪ ਬਖ਼ਸ਼ਿਆ ਅਤੇ ‘ਗੁਰੂ ਕੀ ਕਾਂਸ਼ੀ’ ਆਖ ਕੇ ਵਡਿਆਇਆ। ਤਲਵੰਡੀ ਵਿੱਚ ਹੀ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਜੀ ਦਿੱਲੀ ਤੋਂ ਆ ਕੇ ਗੁਰੂ ਜੀ ਨੂੰ ਮਿਲੇ ਅਤੇ ਉਨ੍ਹਾਂ ਦਾ ਏਥੇ ਹੀ ਪਤਾ ਲੱਗਾ।

ਤਲਵੰਡੀ ਸਾਬੋ ਜਾਂਦਿਆ ਜਦ ਗੁਰੂ ਜੀ ਦੀਸੇ ਠਹਿਰੇ ਹੋਏ ਸਨ ਤਾਂ ਔਰੰਗਜ਼ੇਬ ਵਲੋਂ ਉਨ੍ਹਾਂ ਨੂੰ ਇੱਕ ਸ਼ਾਹੀ ਪੱਤਰ ਪੁੱਜਾ ਜਿਸ ਵਿੱਚ ਉਨ੍ਹਾਂ ਨੂੰ ਦੱਖਣ ਵਿੱਚ ਕਿਆਮ ਕਰਦੇ ਬਾਦਸ਼ਾਹ ਨੂੰ ਮਿਲਣ ਦਾ ਸੱਦਾ ਸੀ। ਸ਼ਾਹੀ ਪੱਤਰ ਦੇ ਉੱਤਰ ਵਿੱਚ ਗੁਰੂ ਜੀ ਨੇ ਫ਼ਾਰਸੀ ਕਵਿਤਾ ਵਿੱਚ ਇੱਕ ਲੰਮਾ ਪੱਤਰ ਲਿਖਿਆ, ਜਿਸ ਦਾ ਨਾਂ ‘ਜ਼ਫ਼ਰਨਾਮਾ’ (ਜਿੱਤ ਦਾ ਪੱਤਰ) ਰੱਖਿਆ ਗਿਆ। ਇਹ ਮਹਾਨ ਕਾਵਿ-ਪੱਤਰ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਰਾਹੀਂ ਔਰੰਗਜ਼ੇਬ ਵੱਲ ਭੇਜਿਆ ਗਿਆ। ਜਦ ਉਹ ਬਹੁਤ ਸਮਾਂ ਵਾਪਿਸ ਨਾ ਆਏ ਤਾਂ ਗੁਰੂ ਜੀ ਔਰੰਗਜੇਬ ਨੂੰ ਮਿਲਣ ਲਈ ਦਖਣ ਵਲ ਨੂੰ ਅਕਤੂਬਰ 1706 ਈ. ਵਿੱਚ ਆਪ ਰਵਾਨਾ ਹੋ ਗਏ।

ਫਰਵਰੀ 1707 ਈ ਵਿਚ ਜਦ ਗੁਰੂ ਜੀ ਬਘੇਰ ਦੇ ਨੇੜੇ ਪੁੱਜੇ ਤਾਂ ਬਾਦਸ਼ਾਹ ਦੇ ਦਿਹਾਂਤ ਦੀ ਖ਼ਬਰ ਮਿਲੀ। ਔਰੰਗਜ਼ੇਬ ਦੀ ਮੌਤ ਪਿੱਛੋਂ ਬਹਾਦਰ ਸ਼ਾਹ ਦਿੱਲੀ ਦੇ ਤਖ਼ਤ ’ਤੇ ਬਿਰਾਜਮਾਨ ਹੋ ਗਿਆ। ਆਗਰੇ ਵਿੱਚ ਗੁਰੂ ਜੀ ਬਹਾਦਰ ਸ਼ਾਹ ਨੂੰ ਮਿਲੇ। ਉਸ ਨੇ ਗੁਰੂ ਜੀ ਦਾ ਬਹੁਤ ਆਦਰ ਸਤਿਕਾਰ ਕੀਤਾ ਅਤੇ ਵੱਡਮੁੱਲਾ ‘ਖਿਲਅਤ’ ਪੇਸ਼ ਕੀਤਾ।ਗੁਰੂ ਜੀ ਵਜ਼ੀਰ ਖਾਂ ਨੂੰ ਦੰਡ ਦਿਵਾਉਣਾ ਚਾਹੁੰਦੇ ਸਨ ਪਰ ਉਹ ਇਸ ਗੱਲ ਨੂੰ ਟਾਲਦਾ ਰਿਹਾ। ਕਿਉਂਕਿ ਵਜ਼ੀਰ ਖ਼ਾਨ ਨੂੰ ਦੰਡ ਦੇਣ ਦਾ ਉਸ ਨੂੰ ਹੀਆ ਨਹੀਂ ਪੈਂਦਾ। ਉਹ ਚਾਹੁੰਦਾ ਸੀ ਕਿ ਆਪਣਾ ਰਾਜ ਚੰਗੀ ਤਰ੍ਹਾਂ ਸਥਾਪਤ ਕਰਕੇ ਕੋਈ ਅਜਿਹਾ ਕਦਮ ਉਠਾਏ। ਅੰਤ ਗੁਰੂ ਜੀ ਬਾਦਸ਼ਾਹ ਤੋਂ ਨਿਰਾਸ਼ ਹੋ ਕੇ ਉਸ ਦੀਆਂ ਫੌਜਾਂ ਨਾਲੋਂ ਵੱਖਰੇ ਹੋ ਕੇ ਨਾਦੇੜ ਚਲੇ ਗਏ।

ਨਾਦੇੜ ਵਿੱਚ ਰਹਿੰਦੇ ਇੱਕ ਸਾਧੂ ਬੈਰਾਗੀ ਲਛਮਨ ਦਾਸ ਜਾਂ ਮਾਧੋ ਦਾਸ ਨੂੰ ਗੁਰੂ ਜੀ ਨੇ ਪੂਰਨ ਮਰਯਾਦਾ ਅਨੁਸਾਰ ਅੰਮ੍ਰਿਤ ਛਕਾਇਆ ਅਤੇ ‘ਬੰਦਾ ਸਿੰਘ’ ਨਾਮ ਰੱਖਿਆ, ਜਿਸ ਦੀ ਉਮਰ 38 ਸਾਲ ਸੀ। ਫਿਰ ਉਸ ਨੂੰ ਥਾਪੜਾ ਜਾਂ ਅਸ਼ੀਰਵਾਦ ਦਿੱਤੀ ਤੇ ਕੁਝ ਸਿੰਘਾਂ ਦੇ ਨਾਲ ਪੰਜਾਬ ਵੱਲ ਰਾਜਸੀ ਕਰਤਵ ਦੀ ਪੂਰਤੀ ਲਈ ਭੇਜ ਦਿੱਤਾ। ਗੁਰੂ ਜੀ ਨੇ ਉਸ ਨੂੰ ਆਪਣੇ ਭੱਥੇ ਵਿੱਚੋਂ ਪੰਜ ਤੀਰ ਆਤਮਕ ਸਹਾਇਤਾ ਲਈ ਬਖਸ਼ੇ ਅਤੇ ਹੋਰ ਵੀ ਧਾਰਮਿਕ ਉਪਦੇਸ਼ ਤੇ ਕ੍ਰਿਪਾ ਨਾਲ ਨਿਹਾਲ ਕੀਤਾ,ਜਿਸ ਦੀ ਮਿਸਾਲ ਦੁਨੀਆਂ ਵਿੱਚ ਨਹੀਂ ਮਿਲਦੀ। ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਵਿੱਚ ਆਪਣੀ ਸਾਰੀ ਸੈਨਿਕ ਤੇ ਰਾਜਸੀ ਸ਼ਕਤੀ ਭਰ ਦਿੱਤੀ, ਜਿਸ ਨੇ ਭਾਰਤ ਦੀ ਹੋਣੀ ਅਤੇ ਇਤਿਹਾਸ ਬਦਲ ਕੇ ਰੱਖ ਦਿੱਤਾ।

ਗੁਰੂ ਜੀ ਨੇ ਸਰੀਰਕ ਅੰਤ ਨੇੜੇ ਜਾਣ ਕੇ ਕੱਤਕ ਸੁਦੀ ਪੰਜ 1765 ਬਿਕ੍ਰਮੀ (7 ਅਕਤੂਬਰ 1708 ਈ.) ਦੀ ਰਾਤ ਦੇ ਤੀਜੇ ਪਹਿਰ ਸਿੰਘਾਂ ਨੂੰ ਇਕੱਤਰ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸਦਾ ਲਈ ਖ਼ਾਲਸੇ ਦਾ ਆਤਮਕ ਆਗੂ ਅਤੇ ਗੁਰੂ ਥਾਪ ਕੇ ਜੋਤੀ ਜੋਤ ਸਮਾ ਗਏ। ਇਸ ਪਵਿੱਤਰ ਸਥਾਨ ‘ਤੇ ‘ਸੱਚਖੰਡ ਸ੍ਰੀ ਹਜ਼ੂਰ ਸਾਹਿਬ’ ਜਾਂ ‘ਅਬਚਲ ਨਗਰ’ ਦਾ ਪ੍ਰਸਿੱਧ ਗੁਰਦੁਆਰਾ ਅਤੇ ਤਖ਼ਤ ਸਾਹਿਬ ਸੁਸ਼ੋਭਿਤ ਹੈ।

ਪੰਜਾਬ ਆ ਕੇ ਬਾਬਾ ਬੰਦਾ ਸਿੰਘ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ।ਖਾਲਸਾ ਰਾਜ ਕਾਇਮ ਕੀਤਾ। ਜਮੀਨ ਵਾਹੀਕਾਰ ਦੀ ਕਰ ਦਿੱਤੀ।ਭਾਵੇਂ ਕਿ ਉਹ ਆਪਣਾ ਰਾਜ ਕਾਇਮ ਨਾ ਰਖ ਸਕਿਆ ਪਰ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ।ਬਾਦ ਵਿਚ ਮਿਸਲਾਂ ਦਾ ਰਾਜ ਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ, ਜਿਸ ਨੇ ਅਫ਼ਗਾਨ ਹਮਲਾਵਰਾਂ ਦੇ ਹਮਲਿਆਂ ਤੋਂ ਭਾਰਤ ਨੂੰ ਛੁਟਕਾਰਾ ਦੁਆਇਆ। ਗੁਰੂ ਸਾਹਿਬਾਨ ਦੀਆਂ ਘਾਲਣਾ ਦਾ ਸਿੱਟਾ ਹੀ ਹੈ ਕਿ ਅੱਜ ਸਿੱਖ ਸਾਰੀ ਦੁਨੀਆਂ ਵਿਚ ਆਨੰਦਮਾਣ ਰਹਿ ਹਨ ਤੇ ਨਾਮਣਾ ਖੱਟ ਰਹਿ ਹਨ।



# ਠੰਢ ਦੌਰਾਨ ਜ਼ੁਕਾਮ-ਫਲੂ ਦਾ ਵੱਧਿਆ ਅੰਕੜਾ

*''ਫਲੂ ਦੀ ਹਾਲਤ 'ਚ ਜ਼ਿਆਦਾ ਠੰਢ ਮਹਿਸੂਸ ਹੋਣਾ, ਛਿੱਕਾਂ, ਨੱਕ ਵਿੱਚੋਂ ਲਗਾਤਾਰ ਪਾਣੀ ਵਗਣਾ, ਮਾਸਪੇਸ਼ੀ-ਜੋੜਾਂ ਅੰਦਰ ਦਰਦ ਰਹਿਣਾ, ਥਕਾਵਟ ਸ਼ੁਰੂ ਹੋ ਜਾਂਦੀ ਹੈ। ਲਾਪ੍ਰਵਾਹੀ ਹਾਲਤ ਬਿਗਾੜ ਸਕਦੀ ਹੈ''-ਡਾ. ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਸੋਸ਼ਲ ਐਕਟੀਵਿਸਟ. ਪੀ.ਐਫ.ਏ ਕੈਨੇਡੀਅਨ ਰੈੱਡ ਕਰਾਸ. ਰਾਈਟਰ ''ਸੇਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ''*




ਘੱਟ ਤਾਪਮਾਨ 'ਤੇ ਠੰਢ ਦੌਰਾਨ ਫਲੂ-ਜ਼ੂਕਾਮ ਦਾ ਸੀਜ਼ਨ ਚਲ ਰਿਹਾ ਹੈ। ਇਸ ਸਾਲ ਫਲੂ ਰੋਗੀਆਂ ਦਾ ਅੰਕੜਾ ਤੇਜ਼ੀ ਨਾਲ ਵਧਿਆ ਹੈ। ਅੰਦਾਜ਼ਨ 47 ਮਿਲੀਅਨ ਤੋਂ ਵੱਧ ਦੇ ਅੰਕੜੇ ਮੁਤਾਬਿਕ, 610,000 ਤੋਂ ਵੀ ਜ਼ਿਆਦਾ ਲੋਕਾਂ ਦਾ ਹਸਪਤਾਲ 'ਚ ਦਾਖਲ ਹੋਣ ਵਾਲੀ ਖਬਰ ਸਾਹਮਣੇ ਆਈ ਹੈ। ਜੋ ਕਿ ਇੱਕ ਚਿੰਤਾ ਦਾ ਵਿਸ਼ਾ ਹੈ। ਹਰ ਉਮਰ ਦਾ ਵਿਅਕਤੀ ਇਸ ਦੇ ਘੇਰੇ 'ਚ ਆ ਰਿਹਾ ਹੈ। ਹਰ ਸਾਲ ਇਸ ਦਾ ਪੀਕ ਸਮਾਂ ਨਵੰਬਰ ਤੋਂ ਫਰਵਰੀ ਤੱਕ ਦੇਖਿਆ ਜਾਂਦਾ ਹੈ। ਛੋਟੇ ਬੱਚੇ ਅਤੇ ਕਮਜ਼ੋਰ ਇਮੀਊਨਿਟੀ ਵਾਲੇ ਛੇਤੀ ਜ਼ੂਕਾਮ-ਫਲੂ ਦੇ ਸ਼ਿਕਾਰ ਹੋ ਜਾਂਦੇ ਹਨ। ਲਾਪ੍ਰਵਾਹੀ ਕਈ ਬਾਰ ਮੌਤ ਦਾ ਕਾਰਨ ਵੀ ਬਣ ਜਾਂਦੀ ਹੈ।

ਠੰਢੇ ਮੌਸਮ ਦੌਰਾਨ ਜ਼ੂਕਾਮ-ਫਲੂ ਲਈ ਵਾਇਰਸ ਨੂੰ ਜਿੰਮੇਵਾਰ ਮੰਨਿਆ ਜਾਂਦਾ ਹੈ। ਜ਼ੂਕਾਮ ਦੀ ਹਾਲਤ 'ਚ ਨੱਕ ਬੰਦ, ਸਾਹ ਲੈਣ 'ਚ ਮੁਸ਼ਕਲ, ਸੁਆਦ ਤੇ ਖੁਸ਼ਬੂ ਮਹਿਸੂਸ ਨਾ ਹੋਣਾ, ਅੱਖਾਂ 'ਚ ਜਲਨ, ਸਾਇਨਸ ਦੀ ਸ਼ਿਕਾਇਤ, ਖੰਘ 'ਤੇ ਸਿਰ-ਪੀੜ, ਗਲੇ ਅੰਦਰ ਦਰਦ ਦੇ ਨਾਲ ਬੁਖਾਰ ਵੀ ਹੋ ਜਾਂਦਾ ਹੈ। ਫਲੂ ਜ਼ੂਕਾਮ ਤੋਂ ਅਲੱਗ ਕਿਸਮ ਦਾ ਅਤੇ ਅਚਾਨਕ ਹੋ ਜਾਂਦਾ ਹੈ। ਫਲੂ ਦੀ ਹਾਲਤ 'ਚ ਜ਼ਿਆਦਾ ਠੰਢ ਮਹਿਸੂਸ ਹੋਣਾ, ਛਿੱਕਾਂ, ਨੱਕ ਵਿੱਚੋਂ ਲਗਾਤਾਰ ਪਾਣੀ ਵਗਣਾ, ਮਾਸਪੇਸ਼ੀ-ਜੋੜਾਂ ਅੰਦਰ ਦਰਦ ਰਹਿਣਾ, ਥਕਾਵਟ ਸ਼ੁਰੂ ਹੋ ਜਾਂਦੀ ਹੈ। ਬੱਚਿਆਂ ਅਤੇ ਸੀਨੀਅਰਸ ਨੂੰ ਉਲਟੀਆਂ 'ਤੇ ਦਸਤ ਵੀ ਲੱਗ ਸਕਦੇ ਹਨ।



ਫਲੂ ਠੀਕ ਹੋਣ ਨੂੰ 2 ਹਫਤੇ ਵੀ ਲੱਗ ਸਕਦੇ ਹਨ। ਕੰਪਲੀਕੇਸ਼ਨਜ਼ ਦੀ ਹਾਲਤ 'ਚ ਸਾਈਨਸ 'ਤੇ ਕੰਨ ਦੀ ਇਨਫੈਕਸ਼ਨ, ਫਲੂ ਵਾਇਰਸ-



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਬੈਕਟੀਰੀਆ ਅਟੈਕ ਨਾਲ ਦਿਲ ਦੀ ਸੂਜਨ, ਦਿਮਾਗ ਦੀ ਕਮਜ਼ੋਰੀ ਨਾਲ ਫਲੂ ਬਿਗੜ ਕੇ ਜਾਨਲੇਵਾ ਰੋਗ ਨਮੂਨੀਆ ਦੀ ਸ਼ਕਲ ਵੀ ਲੈ ਸਕਦਾ ਹੈ। ਫਲ੍ਹ ਦੇ ਵਾਇਰਸ ਗਲਾ ਅਤੇ ਫੇਫੜਿਆਂ 'ਤੇ ਅਟੈਕ ਕਰਦੇ ਹਨ। ਜ਼ੂਕਾਮ 60-85% ਰਾਈਨੋਵਾਇਰਸ ਦੀ ਇਨਫੈਕਸ਼ਨ ਅਤੇ ਇਨਫਲੂਐਨਜ਼ਾ 'ਤੇ ਪੈਰਾ-ਇਨਫਲੂਐਨਜ਼ਾ ਵਾਇਰਸ, ਸਾਹ ਲੈਣ ਵਾਲੇ ਸਿੰਸੀਟੀਅਲ ਵਾਇਰਸ, ਐਂਟੀਵਾਇਰਸ 'ਤੇ ਐਡਨੋਵਾਇਰਸ ਦੀ ਇਨਫੈਕਸ਼ਨ ਕਾਰਨ ਵੀ ਹੋ ਸਕਦਾ ਹੈ। ਇਹ ਵਾਇਰਸ ਉਦੋਂ ਫੈਲਦਾ ਹੈ ਜਦੋਂ ਲੋਕ ਫਲੂ, ਖਾਂਸੀ, ਛਿੱਕਾਂ ਮਾਰਨ ਦੇ ਨਾਲ ਗੱਲਾਂ ਕਰਦੇ ਹੋਏ, ਵਾਇਰਸ ਨਾਲ ਬੂੰਦਾਂ ਨੂੰ ਹਵਾ 'ਚ ਭੇਜਦੇ ਹਨ। ਫਲੂ ਵਾਇਰਸ ਇਨਫੈਕਟਿਡ ਵਸਤਾਂ ਨੂੰ ਛੂਹਣ ਨਾਲ ਅਤੇ ਆਪਣੇ ਮੂੰਹ ਨੱਕ 'ਤੇ ਅੱਖਾਂ ਟੱਚ ਕਰਨ ਨਾਲ ਹੋ ਸਕਦਾ ਹੈ। ਘੱਟ ਨਮੀ ਵਾਇਰਲ ਫੈਲਾਅ ਵੱਧਾ ਦਿੰਦੀ ਹੈ। ਖੁਸ਼ਕ ਹਵਾ ਛੋਟੀ ਵਾਇਰਲ ਬੂੰਦਾਂ ਨੂੰ ਦੂਰ ਤੱਕ ਫੈਲਾਉਂਦੀ ਹੈ। ਗੰਭੀਰ ਐਕਸਪੋਜ਼ਰ ਨਾਲ ਸਰੀਰ ਦਾ ਤਾਪਮਾਨ ਬਿਗੜ ਸਕਦਾ ਹੈ।

**ਜ਼ੂਕਾਮ-ਫਲੂ ਦੌਰਾਨ ਰੱਖੋ ਖਿਆਲ:**




- ਫਲੂ-ਜ਼ੂਕਾਮ ਦੇ ਲੱਛਣ ਸ਼ੁਰੂ ਹੁੰਦੇ ਹੀ ਬਿਨਾ ਦੇਰੀ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਆਪਣਾ ਇਲਾਜ਼ ਸ਼ੁਰੂ ਕਰੋ। ਹਰ ਸਾਲ ਸੀਜ਼ਨ ਦੌਰਾਨ ਡਾਕਟਰੀ ਸਲਾਹ ਨਾਲ ਫਲੂ-ਵੈਕਸੀਨ ਕਰਾਓ।
- ਪਰਸਨਲ ਹਾਈਜ਼ੀਨ ਯਾਨਿ ਹੱਥਾਂ ਲਈ ਸੇਨੀਟਾਈਜ਼ਰ ਇਸਤੇਮਾਲ ਕਰੋ। ਨੱਕ-ਮੂੰਹ ਨੂੰ ਮਾਸਕ ਨਾਲ ਢੱਕ ਕੇ ਰੱਖੋ।
- ਅਨਰਜ਼ੀ ਲਈ 2-3 ਬਾਰ ਗਰਮਾ-ਗਰਮ ਚਿਕਨ ਅਤੇ ਮਿਕਸ ਵੈਜ਼ੀਟੇਬਲ ਸੂਪ ਪੀਓ। ਸੂਲ ਸਰੀਰ ਅੰਦਰ ਚਿੱਟੇ ਲਹੂ ਦੀ ਇੱਕ ਕਿਸਮ ਨਿਉਟਰੋਫਿਲਸ ਦੀ ਗਤੀ ਨੂੰ ਘਟਾ ਕੇ ਇਨਫੈਕਸ਼ਨ ਤੋਂ ਬਚਾ ਸਕਦਾ ਹੈ। ਘੱਟ ਸੋਡੀਅਮ, ਸੂਪ ਸਰੀਰ ਨੂੰ ਹਾਈਡ੍ਰੇਟ ਕਰਨ 'ਚ ਹੈਲਪ ਕਰਦਾ ਹੈ।
- ਬਿਮਾਰੀ ਦੀ ਹਾਲਤ 'ਚ ਤਾਜ਼ਾ ਅਦਰਕ, ਚੁਟਕੀ ਕਾਲੀ ਮਿਰਚ, ਇੱਕ ਚਮਚ ਸ਼ਹਿਦ ਮਿਕਸ ਕਰਕੇ ਭੋਜਨ ਤੋਂ ਅੱਧਾ ਘੰਟਾ ਪਹਿਲਾਂ ਗਰਮ ਪਾਣੀ ਨਾਲ ਲੈ ਸਕਦੇ ਹੋ।
- ਵਿਟਾਮਿਨ-ਸੀ ਵਾਲੇ ਪਦਾਰਥ ਨਿੰਬੂ, ਆਂਵਲਾ, ਅੰਗੂਰ, ਸੰਤਰਾ, ਸਟਰਾਬਰੀ, ਰਸਬੇਰੀ, ਅਤੇ ਪਾਲਕ ਸਾਗ, ਬਿਮਾਰੀ ਨਾਲ ਲੜਨ ਦੀ ਤਾਕਤ ਦਿੰਦਾ ਹੈ। ਠੰਢ ਦੌਰਾਣ ਸਪਲੀਮੈਂਟ ਵਿਟਾਮਿਨ-ਸੀ ਦੀ ਵਰਤੋਂ ਨਾਲ ਸਾਹ ਨਲੀ ਦੀ ਇਨਫੈਕਸ਼ਨ ਤੋਂ ਬਚਾਅ ਕੀਤਾ ਜਾ ਸਕਦਾ ਹੈ।
- ਗਲੇ ਦੀ ਦਰਦ ਅਤੇ ਖਰਾਸ਼ ਘੱਟ ਕਰਨ ਲਈ, ਗਰਮ ਨਮਕ-ਪਾਣੀ ਜਾਂ ਮੇਡੀਕੇਟਿਡ ਦਵਾਈ ਨਾਲ ਗਾਰਗਲਸ (ਗਰਾਰੇ) 3-4 ਬਾਰ ਕਰਨ ਨਾਲ ਆਰਾਮ ਮਿਲਦਾ ਹੈ।
- ਬੰਦ ਨੱਕ ਖੋਲਣ ਲਈ 4-5 ਬਾਰ ਭਾਫ (ਸਟੀਮ) ਲਵੋਂ। ਕਾਟਨ ਬਾਲ 'ਤੇ ਯੁਕਲਿਪਟਸ ਤੇਲ ਦੀ ਬੂੰਦ ਪਾ ਕੇ ਇਨਹੇਲ ਕਰਦੇ ਰਹੋ।
- ਡੇਲੀ ਗਰਮ ਸ਼ਾਵਰ ਲੈਣ ਨਾਲ ਵੀ ਰਾਹਤ ਮਿਲਦੀ ਹੈ।
- ਆਯੁਰਵੈਦਿਕ ਦੇਸੀ ਚਾਹ ਪੀ ਸਕਦੇ ਹੋ। ਲੋਂਗ, ਛੋਟੀ ਇਲਾਚੀ, ਮਿਸਰੀ ਚੂਸਦੇ ਰਹੋ। ਕੈਮਿਸਟ ਤੋਂ ਚੂਸਨ ਵਾਲੀਆਂ ਕਫ-ਟੇਬਲੇਟਸ, ਸਿਰਪ ਵੀ ਲੈ ਸਕਦੇ ਹੋ।

ਨੋਟ: ਬਿਮਾਰੀ ਦੌਰਾਣ ਕੋਈ ਵੀ ਦਵਾਈ ਆਪਣੀ ਮਰਜ਼ੀ ਨਾਲ ਨਾ ਲਵੋਂ। ਫਲੂ-ਜ਼ੂਕਾਮ ਦੇ ਲੱਛਣ ਸ਼ੁਰੂ ਹੁੰਦੇ ਹੀ ਬਿਨਾ ਦੇਰੀ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰੋ।









# ਆਨਲਾਈਨ ਰਿਸ਼ਤੇ ਬਨਾਮ ਅਸਲ ਰਿਸ਼ਤੇ



**ਅਸ਼ਵਨੀ ਚਤਰਥ**

ਅਜੋਕੇ ਸਮਾਜਿਕ ਜੀਵਨ ਵਿੱਚ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਨੇ ਜਿੱਥੇ ਲੋਕਾਂ ਵਿੱਚ ਸਮੇਂ ਦੀ ਅਤੇ ਭੂਗੋਲਿਕ ਦੂਰੀ ਘਟਾਈ ਹੈ, ਉੱਥੇ ਹੀ ਅਸਲ ਰਿਸ਼ਤਿਆਂ ਵਿਚਲੇ ਨਿੱਘ ਨੂੰ ਖੋਰਾ ਵੀ ਲਾਇਆ ਹੈ। ਅਜਿਹੇ ਤਕਨੀਕੀ ਸਾਧਨਾਂ ਨੇ ਪਰਿਵਾਰਕ ਮੈਂਬਰਾਂ ਵਿੱਚ ਅਨੇਕਾਂ ਤਰੀਕਿਆਂ ਨਾਲ ਬੇਭਰੋਸਗੀ ਵਾਲੇ ਹਾਲਾਤ ਵੀ ਪੈਦਾ ਕੀਤੇ ਹਨ। ਪੁਰਾਣੇ ਸਮਿਆਂ ਵਿੱਚ ਲੋਕਾਂ ਵਿੱਚ ਆਪਸੀ ਮੋਹ-ਪਿਆਰ ਅਤੇ ਮੁਹੱਬਤ ਹੁੰਦੀ ਸੀ। ਲੋਕ ਇੱਕ-ਦੂਜੇ ਨੂੰ ਮਿਲਣ ਦੀ ਤਾਂਘ ਰੱਖਦੇ ਸਨ। ਉਨ੍ਹਾਂ ਸਮਿਆਂ ਵਿੱਚ ਲੋਕਾਂ ਵਿੱਚ ਦਿਖਾਵਟੀ ਰਿਸ਼ਤੇ ਨਹੀਂ ਸਨ ਸਗੋਂ ਭਾਵਨਾ-ਭਰਪੂਰ ਅਤੇ ਰੂਹਾਂ ਦੇ ਅਸਲ ਰਿਸ਼ਤੇ ਹੁੰਦੇ ਸਨ। ਲੋਕ ਇੱਕ-ਦੂਜੇ ਨੂੰ ਮਿਲ ਕੇ ਦੁੱਖ-ਸੁੱਖ ਫਰੋਲਿਆ ਕਰਦੇ ਸਨ। ਉਨ੍ਹਾਂ ਦਾ ਆਪਸ ਵਿੱਚ ਮਿਲ ਕੇ ਘੰਟਿਆਂ ਬੱਧੀ ਗੱਲਾਂ ਕਰਦੇ ਰਹਿਣਾ, ਆਮ ਗੱਲ ਹੁੰਦੀ ਸੀ। ਦਰਅਸਲ, ਲੋਕ ਇੱਕ-ਦੂਜੇ ਨੂੰ ਦਿਲੋਂ ਪਿਆਰ ਕਰਦੇ ਸਨ ਅਤੇ ਦਿਲ ਦੀਆਂ ਗੱਲਾਂ ਸਾਂਝੀਆਂ ਕਰਦੇ ਸਨ, ਪਰ ਕਦੇ ਵੀ ਦਿਲਾਂ ਨਾਲ ਖੇਡਿਆ ਨਹੀਂ ਸੀ ਕਰਦੇ। ਉਨ੍ਹਾਂ ਸਮਿਆਂ ਵਿੱਚ ਇੱਕ-ਦੂਜੇ ਨੂੰ ਸਨੇਹੇ ਭੇਜਣ ਜ਼ਰੀਏ ਤਾਂ ਭਾਵੇਂ ਅੱਜ ਦੀ ਤਰ੍ਹਾਂ ਜ਼ਿਆਦਾ ਤੇਜ਼ ਨਹੀਂ ਸੀ ਹੁੰਦੇ, ਪਰ ਇੱਕ ਦੂਜੇ ਤੋਂ ਕੋਹਾਂ ਦੂਰ ਬੈਠੇ ਹੋਣ ਦੇ ਬਾਵਜੂਦ ਉਨ੍ਹਾਂ ਅੰਦਰ ਦਿਲਾਂ ਦੀ ਸਾਂਝ ਜ਼ਰੂਰ ਹੁੰਦੀ ਸੀ। ਕਦੇ ਕਦਾਈਂ ਹੀ ਇੱਕ ਦੂਜੇ ਨਾਲ ਚਿੱਠੀ ਜਾਂ ਖ਼ਤ ਰਾਹੀਂ ਖਤੋ-ਖਿਤਾਬਤ ਕੀਤੀ ਜਾਂਦੀ ਸੀ, ਪਰ ਇਨ੍ਹਾਂ ਚਿੱਠੀਆਂ-ਖ਼ਤਾਂ ਵਿੱਚ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਦਿਲੋਂ ਅਤੇ ਭਾਵਨਾ ਨਾਲ ਭਰਪੂਰ ਹੁੰਦਾ ਸੀ।

ਅਜੋਕੇ ਸਮੇਂ ਵਿੱਚ ਇਲੈੱਕਟ੍ਰਾਨਿਕ ਸਾਧਨਾਂ ਨਾਲ ਦੂਰ-ਦੁਰਾਡੇ ਬੈਠੇ ਰਿਸ਼ਤੇਦਾਰਾਂ ਨਾਲ ਵੀ ਗੱਲਾਂ-ਬਾਤਾਂ ਕਰਨਾ ਤਾਂ ਭਾਵੇਂ ਆਸਾਨ ਹੋ ਗਿਆ ਹੈ, ਪਰ ਗੱਲਾਂ ਵਿੱਚ ਪਹਿਲੇ ਸਮਿਆਂ ਵਾਲੀ ਦਿਲਾਂ ਦੀ ਤੇਹ ਅਤੇ ਸਨੇਹ ਨਹੀਂ ਰਿਹਾ। ਅੱਜ ਆਦਮੀ ਕੋਲ ਅਨੇਕਾਂ ਐਸੇ ਸਾਧਨ ਉਪਲੱਬਧ ਹਨ ਜੋ ਕਿ ਝੱਟ-ਪੱਟ ਹੀ ਦੂਜੇ ਬੰਦੇ ਤੱਕ ਪਹੁੰਚ ਕਰਾ ਦਿੰਦੇ ਹਨ। ਜਿਵੇਂ ਕਿ ਆਡੀਓ ਅਤੇ ਵੀਡੀਓ ਕਾਲਾਂ ਰਾਹੀਂ ਹਜ਼ਾਰਾਂ ਕਿਲੋਮੀਟਰ ਦੂਰ ਬੈਠੇ ਸੱਜਣਾਂ-ਮਿੱਤਰਾਂ ਨਾਲ ਮਿੰਟਾਂ-ਸਕਿੰਟਾਂ ਵਿੱਚ ਗੱਲ ਕਰਨੀ ਸੌਖੀ ਹੋ ਗਈ ਹੈ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਡਿਜੀਟਲ ਯੁੱਗ ਵਿੱਚ ਇੱਕ ਦੂਜੇ ਨਾਲ ਸੰਪਰਕ ਬਣਾਏ ਜਾਣ ਲਈ ਅਪਣਾਏ ਜਾਂਦੇ ਇਨ੍ਹਾਂ ਤਕਨੀਕੀ ਢੰਗ ਤਰੀਕਿਆਂ ਦੇ ਦੌਰ ਵਿੱਚ ਨਿੱਜੀ, ਘਰੇਲੂ ਅਤੇ ਸਮਾਜਿਕ ਰਿਸ਼ਤਿਆਂ ਦੀ ਅਹਿਮੀਅਤ ਕਿਤੇ ਜ਼ਿਆਦਾ ਘੱਟ ਗਈ ਹੈ। ਹੁਣ ਤਾਂ ਅਸਲ ਰਿਸ਼ਤਿਆਂ ਦੀ ਜਗ੍ਹਾ ਇੰਟਰਨੈੱਟ ਦੇ ਰਿਸ਼ਤਿਆਂ ਨੇ ਲੈ ਲਈ ਹੈ। ਇੰਟਰਨੈੱਟ ਦੇ ਰਿਸ਼ਤੇ ਉਹ ਰਿਸ਼ਤੇ ਹੁੰਦੇ ਹਨ ਜਿਹੜੇ ਕਿ ਆਨ-ਲਾਈਨ ਚੈਨਲਾਂ ਜਿਵੇਂ ਕਿ ਵਟ੍ਹਐਪ, ਫੇਸਬੁੱਕ, ਈ-ਮੇਲ ਜਾਂ ਵੀਡੀਓ ਕਾਨਫਰੰਸਿੰਗ ਆਦਿ ਰਾਹੀਂ ਬਣਾਏ ਜਾਂਦੇ ਹਨ। ਕਿਉਂਕਿ ਇਹ ਰਿਸ਼ਤੇ ਤਕਨੀਕੀ ਮਾਧਿਅਮਾਂ ਰਾਹੀਂ ਬਣਾਏ ਜਾਂਦੇ ਹਨ, ਇਸ ਲਈ ਇਨ੍ਹਾਂ ਨੂੰ ਤਕਨੀਕੀ ਰਿਸ਼ਤੇ ਵੀ ਕਹਿ ਦਿੱਤਾ ਜਾਂਦਾ ਹੈ।

ਇਸ ਗੱਲ 'ਚ ਕੋਈ ਦੋ ਰਾਇ ਨਹੀਂ ਕਿ ਇੰਟਰਨੈੱਟ ਦੇ ਰਿਸ਼ਤਿਆਂ ਦੇ ਆਪਣੇ ਕਈ ਫਾਇਦੇ ਹਨ। ਜੇਕਰ ਨਿੱਜੀ ਰਿਸ਼ਤਿਆਂ ਅਤੇ ਘਰੇਲੂ ਰਿਸ਼ਤਿਆਂ ਨੂੰ ਛੱਡ ਕੇ ਵਪਾਰਕ ਰਿਸ਼ਤਿਆਂ ਅਤੇ ਵਪਾਰਕ ਕੰਮਾਂ-ਕਾਰਾਂ ਦੀ ਗੱਲ ਕਰੀਏ ਤਾਂ ਇਸ ਖੇਤਰ ਨੂੰ ਪ੍ਰਫੁੱਲਿਤ ਕਰਨ ਵਿੱਚ ਇੰਟਰਨੈੱਟ ਦੇ ਰਿਸ਼ਤਿਆਂ ਨੇ ਬੇਹੱਦ ਸ਼ਲਾਘਾਯੋਗ ਯੋਗਦਾਨ ਪਾਇਆ ਹੈ। ਇਨ੍ਹਾਂ ਵਿੱਚੋਂ ਕੁਝ ਹਨ ਜਿਵੇਂ ਈ-ਕਾਮਰਸ, ਮੋਬਾਈਲ ਬੈਂਕਿੰਗ, ਆਨ-ਲਾਈਨ-ਕਲਾਸਾਂ, ਆਨ-ਲਾਈਨ ਗੇਮਿੰਗ ਰਿਸ਼ਤੇ, ਆਨ-ਲਾਈਨ ਵਪਾਰਕ ਰਿਸ਼ਤੇ, ਆਨ-ਲਾਈਨ ਗਾਹਕ ਜੋੜੂ ਰਿਸ਼ਤੇ, ਸਿਹਤ ਸੇਵਾਵਾਂ ਦੇਣ ਵਾਲਿਆਂ ਦੇ ਆਪਣੇ ਮਰੀਜ਼ਾਂ ਨਾਲ ਡਿਜੀਟਲ ਰਿਸ਼ਤੇ, ਆਨ-ਲਾਈਨ ਡੇਟਿੰਗ ਰਿਸ਼ਤੇ ਅਤੇ ਆਪਣੇ ਭਾਈਵਾਲਾਂ ਜਾਂ ਸਹਿਕਰਮੀਆਂ ਨਾਲ ਬਣਾਏ ਜਾਣ ਵਾਲੇ ਪੇਸ਼ੇਵਾਰਾਨਾ ਰਿਸ਼ਤੇ ਆਦਿ। ਈ-ਕਾਮਰਸ ਇੱਕ ਅਜਿਹਾ ਡਿਜੀਟਲ ਮਾਧਿਅਮ ਹੈ ਜਿਸ ਰਾਹੀਂ ਐਮਾਜ਼ਾਨ ਅਤੇ ਫਲਿਪਕਾਰਟ ਵਰਗੀਆਂ ਅਨੇਕਾਂ ਕੰਪਨੀਆਂ ਲੋਕਾਂ ਨੂੰ ਆਪਣੀਆਂ ਵਸਤਾਂ ਵੇਚਦੀਆਂ ਹਨ। ਮੋਬਾਈਲ ਬੈਂਕਿੰਗ ਦੁਆਰਾ ਆਦਮੀ ਆਪਣੇ ਘਰ 'ਚ ਹੀ ਬੈਠਾ ਦੂਜੇ ਆਦਮੀ ਨੂੰ ਰੁਪਈਆਂ ਦਾ ਭੁਗਤਾਨ ਕਰ ਸਕਦਾ ਹੈ। ਇਸ ਤੋਂ ਇਲਾਵਾ ਲੋਕ ਅੱਜ-ਕੱਲ੍ਹ ਬਾਜ਼ਾਰ ਵਿੱਚ ਆਫ-ਲਾਈਨ ਖਰੀਦਦਾਰੀ ਦਾ ਭੁਗਤਾਨ ਵੀ ਇੰਟਰਨੈੱਟ ਦੁਆਰਾ ਕਰਦੇ ਹਨ। ਇੱਕ ਅੰਦਾਜ਼ੇ ਮੁਤਾਬਕ ਪਿਛਲੇ ਦਸ ਕੁ ਸਾਲਾਂ ਵਿੱਚ ਆਨ-ਲਾਈਨ ਤਰੀਕੇ ਨਾਲ ਕੀਤੀ ਜਾਂਦੀ ਭੁਗਤਾਨਾਂ ਦੀ ਰਕਮ 100 ਗੁਣਾ ਤੱਕ ਵੱਧ ਚੁੱਕੀ ਹੈ। ਵਿਦਿਅਕ ਅਦਾਰਿਆਂ ਵੱਲੋਂ ਆਪਣੇ ਵਿਦਿਆਰਥੀਆਂ ਨੂੰ ਆਨ-ਲਾਈਨ ਕਲਾਸਾਂ ਦੁਆਰਾ ਹੀ ਪੜ੍ਹਾਈ ਦੇ ਲੈਕਚਰ ਦੇ ਦਿੱਤੇ ਜਾਂਦੇ ਹਨ। 2020 ਦੀ ਕੋਰੋਨਾ ਮਹਾਮਾਰੀ ਤੋਂ ਬਾਅਦ ਆਨ-ਲਾਈਨ ਕਲਾਸਾਂ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਇਸੇ ਤਰ੍ਹਾਂ ਜੀਵਨ ਬੀਮਾ ਕੰਪਨੀਆਂ, ਸਿਹਤ ਬੀਮਾ ਕੰਪਨੀਆਂ, ਮੋਬਾਈਲ ਸੇਵਾ ਕੰਪਨੀਆਂ ਅਤੇ ਗੈਸ ਸਪਲਾਈ ਕੰਪਨੀਆਂ ਲੋਕਾਂ ਨਾਲ ਇੰਟਰਨੈੱਟ ਮਾਧਿਅਮ ਰਾਹੀਂ ਆਪਣੇ ਸੰਪਰਕ ਬਣਾਉਂਦੀਆਂ ਹਨ ਅਤੇ ਇਸੇ ਮਾਧਿਅਮ ਰਾਹੀਂ ਧਨ ਦੇ ਭੁਗਤਾਨ ਨੂੰ ਪਹਿਲ ਦਿੰਦੀਆਂ ਹਨ।

ਅਜੋਕੇ ਸਮੇਂ ਵਿੱਚ ਨਿੱਜੀ ਅਤੇ ਸਮਾਜਿਕ ਰਿਸ਼ਤਿਆਂ ਨਾਲੋਂ ਡਿਜੀਟਲ-ਸਮਾਜਿਕ ਰਿਸ਼ਤਿਆਂ ਦੀ ਅਹਿਮੀਅਤ ਬਹੁਤ ਜ਼ਿਆਦਾ ਵਧ ਗਈ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਅਜੋਕੇ ਮਸ਼ੀਨੀ ਯੁੱਗ ਵਿੱਚ ਹਰੇਕ ਆਦਮੀ ਤਕਨੀਕ-ਯੁਕਤ ਪ੍ਰੰਤੂ ਦਿਲੀ ਭਾਵਨਾਵਾਂ ਤੋਂ ਸੱਖਣਾ ਹੋ ਚੁੱਕਿਆ ਹੈ। ਰੂਹ ਨਾਲ ਨਿਭਾਏ ਜਾਣ ਵਾਲੇ ਰਿਸ਼ਤੇ ਅਤੀਤ ਕਾਲ ਦੀ ਘਟਨਾ ਬਣ ਚੁੱਕੀ ਹੈ। ਨਾਲ ਦੀ ਨਾਲ ਇੰਟਰਨੈੱਟ ਦੇ ਰਿਸ਼ਤਿਆਂ ਵਿੱਚ ਭੂਗੋਲਿਕ ਦੂਰੀ ਕਾਫ਼ੀ ਹੱਦ ਤੱਕ ਘੱਟ ਜਾਂਦੀ ਹੈ ਅਤੇ ਰੁਪਏ-ਪੈਸੇ ਅਤੇ ਸਮੇਂ ਦੀ ਕਾਫ਼ੀ ਹੱਦ ਤੱਕ ਬੱਚਤ ਹੋ ਜਾਂਦੀ ਹੈ। ਭਾਵੇਂ ਤੁਸੀਂ ਸਰੀਰਕ ਤੌਰ 'ਤੇ ਇੱਕ ਦੂਜੇ ਕੋਲੋਂ ਜਿੰਨੀ ਮਰਜ਼ੀ ਦੂਰ ਬੈਠੇ ਹੋਵੋ ਤਾਂ ਵੀ ਇੱਕ ਦੂਜੇ ਦੇ ਸੰਪਰਕ ਵਿੱਚ ਰਹਿ ਸਕਦੇ ਹੋ। ਆਦਮੀ ਆਪਣੇ ਹਮ-ਵਿਚਾਰਾਂ ਵਾਲੇ ਅਤੇ ਆਪਣੇ ਸੁਭਾਅ ਨਾਲ ਰਲਦੇ-ਮਿਲਦੇ ਲੋਕਾਂ ਨਾਲ ਆਸਾਨੀ ਨਾਲ ਸਬੰਧ ਬਣਾ ਸਕਦਾ ਹੈ। ਇਸ ਤੋਂ ਇਲਾਵਾ ਡਿਜੀਟਲ ਪਲੈਟਫਾਰਮ ਗਿਆਨ ਪ੍ਰਾਪਤੀ ਅਤੇ ਵਿਦਿਆ ਹਾਸਲ ਕਰਨ ਦਾ ਵੀ ਇੱਕ ਸ਼ਾਨਦਾਰ ਮਾਧਿਅਮ ਬਣਿਆ ਹੋਇਆ ਹੈ। ਇੰਟਰਨੈੱਟ ਦੇ ਰਿਸ਼ਤੇ ਐਮਰਜੈਂਸੀ ਹਾਲਤਾਂ ਵਿੱਚ ਆਦਮੀ ਲਈ ਬਹੁਤ ਹੀ ਫ਼ਾਇਦੇਮੰਦ ਹੋ ਸਕਦੇ ਹਨ। ਜਿਵੇਂ ਅਚਨਚੇਤੀ ਹਾਲਤਾਂ ਵਿੱਚ ਕਿਸੇ ਨੂੰ ਖ਼ੂਨ ਦੀ ਲੋੜ ਪੈ ਜਾਵੇ ਤਾਂ ਅਜਿਹੀ ਅਵਸਥਾ ਵਿੱਚ ਫੌਰੀ ਸਹਾਇਤਾ ਪ੍ਰਾਪਤ ਕਰਨ ਦਾ ਡਿਜੀਟਲ ਪਲੈਟਫਾਰਮ ਤੋਂ ਵਧੀਆ ਅਤੇ ਤੇਜ਼ ਢੰਗ ਹੋਰ ਕੋਈ ਨਹੀਂ ਹੋ ਸਕਦਾ। ਇੰਟਰਨੈੱਟ ਦੇ ਰਿਸ਼ਤਿਆਂ ਦੀਆਂ ਅਨੇਕਾਂ ਚਣੌਤੀਆਂ ਵੀ ਹਨ। ਉਦਾਹਰਨ ਵਜੋਂ ਇੰਟਰਨੈੱਟ ਦੇ ਰਿਸ਼ਤੇ ਬਣਾ ਕੇ ਆਦਮੀ ਦੇ ਅਨੇਕਾਂ ਸੱਜਣ-ਮਿੱਤਰ ਅਤੇ ਸਹਿਯੋਗੀ ਤਾਂ ਜ਼ਰੂਰ ਬਣ ਜਾਂਦੇ ਹਨ, ਪਰ ਉਹ ਦੂਰ-ਦੁਰਾਡੇ ਹੋਣ ਕਰਕੇ ਅਤੇ ਨਿੱਜੀ ਸੰਪਰਕ ਵਿੱਚ ਨਾ ਹੋਣ ਕਰਕੇ ਉਹ ਲੋੜ ਪੈਣ 'ਤੇ ਆਦਮੀ ਦੇ ਕੰਮ ਨਹੀਂ ਆ ਸਕਦੇ। ਇਸ ਤਰ੍ਹਾਂ ਇੰਨੇ ਸੱਜਣ-ਮਿੱਤਰ ਹੋਣ ਦੇ ਬਾਵਜੂਦ ਆਦਮੀ ਇਕਲਾਪੇ ਅਤੇ ਅੱਡਰੇਪਣ ਦਾ ਸ਼ਿਕਾਰ ਹੋਇਆ ਰਹਿੰਦਾ ਹੈ। ਡਿਜੀਟਲ ਰਿਸ਼ਤਿਆਂ ਦੀ ਸਭ ਤੋਂ ਵੱਡੀ ਘਾਟ ਇਹ ਹੈ ਕਿ ਇਸ ਨਾਲ ਆਦਮੀ ਦੀ ਨਿੱਜਤਾ ਦਾ ਲੁਕਾਅ-ਛਿਪਾਅ ਨਹੀਂ ਰਹਿ ਜਾਂਦਾ। ਆਪਣੀਆਂ ਨਿੱਜੀ ਜਾਣਕਾਰੀਆਂ ਨੂੰ ਜਨਤਕ ਕਰਨ ਨਾਲ ਤੁਹਾਡੇ ਨਾਲ ਵਿੱਤੀ ਧੋਖੇਬਾਜ਼ੀਆਂ ਹੋ ਸਕਦੀਆਂ ਹਨ। ਨਿੱਜੀ ਰਿਸ਼ਤਿਆਂ ਦੀ ਬਜਾਏ ਇੰਟਰਨੈੱਟ ਰਿਸ਼ਤਿਆਂ ਉੱਤੇ ਨਿਰਭਰ ਕਰਨ ਨਾਲ ਅਸਲ ਜ਼ਿੰਦਗੀ ਦੀ ਭਾਵਨਾਤਮਕ ਸਾਂਝ ਗੁਆਚ ਜਾਂਦੀ ਹੈ। ਇਨ੍ਹਾਂ ਰਿਸ਼ਤਿਆਂ ਨਾਲ ਇੱਕ ਦੂਜੇ ਦੇ ਅੰਦਰੂਨੀ ਦੁੱਖਾਂ ਨੂੰ ਜਾਂ ਭਾਵਨਾਵਾਂ ਨੂੰ ਉਸ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ ਜਿਵੇਂ ਕਿ ਇੱਕ ਦੂਜੇ ਦੇ ਆਮ ?ਹਣੋ-ਸਾਮ ?ਹਣੇ ਬੈਠ ਕੇ ਅਤੇ ਇੱਕ ਦੂਜੇ ਦੇ ਚਿਹਰੇ ਨੂੰ ਵੇਖ ਕੇ ਸਮਝਿਆ ਜਾ ਸਕਦਾ। ਇੰਟਰਨੈੱਟ ਦੇ ਰਿਸ਼ਤੇ ਕਾਇਮ ਕਰਨ ਲਈ ਆਦਮੀ ਨੂੰ ਲੰਮਾ ਸਮਾਂ ਮੋਬਾਈਲ ਦੀਆਂ ਐਪਾਂ ਦੀ ਵਰਤੋਂ ਕਰਨੀ ਪੈਂਦੀ ਹੈ ਅਤੇ ਇਸ ਤਰ੍ਹਾਂ ਇੰਟਰਨੈੱਟ ਦੀ ਜ਼ਿਆਦਾ ਵਰਤੋਂ ਕਰਨ ਨਾਲ ਆਦਮੀ ਡਿਜੀਟਲ ਨਸ਼ੇ ਦਾ ਆਦੀ ਹੋ ਜਾਂਦਾ ਹੈ। ਜਦੋਂ ਅਸੀਂ ਕਿਸੇ ਨੂੰ ਨਿੱਜੀ ਤੌਰ 'ਤੇ ਆਪਣੇ ਸਾਹਮਣੇ ਮਿਲਦੇ ਹਾਂ ਤਾਂ ਉਸ ਦੇ ਚਿਹਰੇ ਦੀਆਂ ਭਾਵਨਾਵਾਂ ਅਤੇ ਸਰੀਰਕ ਹਾਵ-ਭਾਵ ਵੇਖ ਕੇ ਉਸ ਦਾ ਇਰਾਦਾ ਜਾਂ ਮਨਸ਼ਾ ਸਮਝ ਜਾਂਦੇ ਹਾਂ। ਡਿਜੀਟਲ ਰਿਸ਼ਤਿਆਂ ਵਿੱਚ ਇਹ ਸਾਰਾ ਕੁਝ ਸੰਭਵ ਨਹੀਂ ਹੁੰਦਾ। ਇੱਕ ਗੱਲ ਹੋਰ ਕਿ ਨਿੱਜੀ ਤੌਰ 'ਤੇ ਮਿਲ ਕੇ ਬਣੇ ਰਿਸ਼ਤਿਆਂ ਵਿੱਚ ਹੱਥ ਮਿਲਾਉਣ ਨਾਲ ਅਤੇ ਗਲਵੱਕੜੀ ਪਾਉਣ ਨਾਲ ਰਿਸ਼ਤਿਆਂ ਵਿੱਚ ਨਿੱਘ ਪੈਦਾ ਹੁੰਦਾ ਹੈ ਜੋ ਕਿ ਡਿਜੀਟਲ ਰਿਸ਼ਤਿਆਂ ਵਿੱਚ ਸੰਭਵ ਨਹੀਂ ਹੁੰਦਾ ਹੈ। ਨਿੱਜੀ ਤੌਰ 'ਤੇ ਮਿਲ ਕੇ ਅਸੀਂ ਆਪਣੀ ਭਾਵਨਾਤਮਕ ਬੁੱਧੀ ਦੀ ਵਰਤੋਂ ਕਰਕੇ ਸਾਹਮਣੇ ਵਾਲੇ ਆਦਮੀ ਨੂੰ ਸਮਝਣ ਅਤੇ ਉਸ ਨੂੰ ਆਪਣੇ ਅਨੁਸਾਰ ਢਾਲਣ ਵਿੱਚ ਸਫਲ ਹੋ ਜਾਂਦੇ ਹਾਂ ਜੋ ਕਿ ਇੰਟਰਨੈੱਟ ਦੇ ਰਿਸ਼ਤਿਆਂ ਵਿੱਚ ਸੰਭਵ ਨਹੀਂ ਹੁੰਦਾ। ਵੈਸੇ ਵੀ ਆਨ-ਲਾਈਨ ਰਿਸ਼ਤਿਆਂ ਵਿੱਚ ਆਪਣੀਆਂ ਭਾਵਨਾਵਾਂ ਨੂੰ ਕੰਟਰੋਲ ਵਿੱਚ ਰੱਖਣਾ ਅਤੇ ਦੂਜੇ ਦੀਆਂ ਭਾਵਨਾਵਾਂ ਨੂੰ ਸਮਝ ਪਾਉਣਾ ਮੁਸ਼ਕਿਲ ਹੁੰਦਾ ਹੈ।


NAME OF CHANGE

I, Kulwinder Singh Gill, RESIDENT H.NO.25, VILLAGE WARHA MANSOOR WALA “TEHSIL ZIRA, FEROZEPUR PIN: 142050, PUNJAB, INDIA, PRESENTLY RESIDING AT 4316 norval ave Lancaster, ca ,93536 USA. HAS CHANGED MY NAME FROM Kulwinder Singh Gill TO Kulwinder singh. ALL CONCERNED PLEASE NOTE.

ਨਾਂ ਦੀ ਬਦਲੀ

ਮੈਂ, ਕੁਲਵਿੰਦਰ ਸਿੰਘ ਗਿੱਲ, ਵਾਸੀ ਮਕਾਨ ਨੰ. 25, ਪਿੰਡ ਵਾਰ੍ਹਾ ਮਨਸੂਰ ਵਾਲਾ, ਤਹਿਸੀਲ ਜ਼ੀਰਾ, ਫਿਰੋਜ਼ਪੁਰ ਪਿੰਡ-142050 ਪੰਜਾਬ (ਭਾਰਤ) ਦਾ ਨਿਵਾਸੀ ਹਾਂ। ਇਸ ਸਮੇਂ ਮੈਂ 4316 norval ave Lancaster, ca ,93536 (USA) ਰਹਿ ਰਿਹਾ ਹਾਂ। ਮੈਂ ਆਪਣਾ ਨਾਮ ਕੁਲਵਿੰਦਰ ਸਿੰਘ ਗਿੱਲ ਤੋਂ ਬਦਲ ਕੇ ਕੁਲਵਿੰਦਰ ਸਿੰਘ ਰੱਖ ਲਿਆ ਹੈ। ਸਬੰਧਤ ਨੋਟ ਕਰਨ।



R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file



CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਕੰਧ ਸਰਹੰਦ ਵਾਲੀ

ਦਸਮ ਪਿਤਾ ਦੇ ਸੀ ਜੋ ਲਾਲ ਦੁਲਾਰੇ
ਦੋ ਚਮਕੌਰ ਜੰਗ ਤੇ ਦੋ ਨੀਹਾਂ ਖਿਲਾਰੇ।
ਗੜ੍ਹੀ ਚਮਕੌਰ ਵਾਲੀ ਵੈਰੀ ਥੱਕ ਹਾਰੇ
ਲੱਖ ਫੌਜਾਂ ਗੁਰ ਫਰਜ਼ੰਦ ਪੈ ਗਏ ਭਾਰੇ।।
ਬਾਬਾ ਅਜੀਤ ਸਿੰਘ ਵਿੱਚ ਰਣ ਅੜ ਗਏ
ਡਾਢਢੇ ਮੁਗਲ ਜਰਨੈਲਾਂ ਨਾਲ ਲੜ ਗਏ।
ਕਈਆਂ ਨੂੰ ਤਾਂ ਨਾਲ ਪਾਰ ਬੁਲਾ ਗਏ
ਨਿਸ਼ਾਨ ਖਾਲਸੇ ਦੇ ਅੰਬਰੀਂ ਝੁਲਾ ਗਏ।।
ਬਾਜ਼ਾ ਵਾਲੇ ਤੋਂ ਲੈ ਥਾਪੜਾ ਗਏ ਸੀ ਚਾਵਾਂ
ਮੌਤ ਬਣਾ ਲਾੜੀ ਰਣ ਵਿੱਚ ਲਈਆਂ ਲਾਵਾਂ
ਵੱਡੇ ਹੋਏ ਸ਼ਹੀਦ ਛੋਟੇ ਲਾਇਆ ਜੈਕਾਰਾ
ਸੁਣ ਹਿੱਲਿਆ ਮੁਗਲ ਸਾਮਰਾਜ ਸਾਰਾ।।
ਬਾਬਾ ਜੁਝਾਰ ਸਿੰਘ ਝੱਖੜ ਬਣ ਆ ਗਏ
ਵੱਡੇ ਵੱਡੇ ਮੁਗਲਾਂ ਦੇ ਸੱਥਰ ਵਿਛਾ ਗਏ।।
ਉਮਰ ਸੀ ਕੱਚੀ ਫੌਜ ਪੱਕੀ ਪਾਏ ਘੇਰੇ
ਦੁਸ਼ਮਣ ਸੀ ਆਣ ਖਲੋਤੇ ਚਾਰ ਚੁਫੇਰੇ।।
ਬਾਬਾ ਜੀ ਦੁਸ਼ਮਣਾਂ ਦੇ ਆਹੂ ਲਾ ਗਏ
ਲੜ ਦਲੇਰੀ ਅੰਤ ਫ਼ਤਿਹ ਬੁਲਾ ਗਏ।
ਗੁਰੂਜੀ ਫਰਜ਼ੰਦ ਕੌਮ ਦੇ ਲੇਖੇ ਲਾ ਗਏ
ਪਿਤਾ ਹਿੰਦ ਤੋ ਵਾਰ ਰੀਤ ਚਲਾ ਗਏ।।
ਗੰਗੂ ਵਰਗੇ ਵੀ ਛੁਰਾ ਪਿੱਠ ਮਾਰਿਆ
ਮੋਹਰਾਂ ਖਾਤਿਰ ਕੁੰਜ ਸੱਪ ਦਾ ਉਤਾਰਿਆ।
ਮੁਖਬਰੀ ਸਦਕਾ ਮਾਤਾ ਜੀ ਨੂੰ ਫੜਾ ਦਿੱਤਾ
ਲਖ਼ਤੇ ਜਿਗਰਾਂ ਨੂੰ ਕਚਹਿਰੀ ਖੜਾ ਦਿੱਤਾ।
ਕਈ ਸੁੱਚੇ ਨੰਦਾਂ,ਕਾਜ਼ੀਆਂ ਤੇ ਵਜ਼ੀਰ ਖਾਨਾਂ
ਜ਼ਾਲਮ ਹਕੂਮਤ ਦੀ ਤਰਜ਼ਮਾਨੀ ਹੀ ਸ਼ਾਨਾਂ
ਝੂਠੇ ਵਜ਼ੀਰ ਫਤਵਾਂ ਨੀਹਾਂ ਦਾ ਸੁਣਾ ਦਿੱਤਾ
ਅਧਰਮੀਆਂ ਚ ਨਾਂ ਆਪਣਾ ਖੁਣਾ ਦਿੱਤਾ।
ਨੀਹਾਂ ਸਿੱਧੀਆਂ ਖੜ੍ਹਨ ਚੱਪਣੀਆਂ ਵੱਢਤੀਆਂ
ਸ਼ਾਬਾਸ਼ ਬੇਗ ਬਾਸ਼ਲ ਬੇਗ ਰੂਹਾਂ ਕੱਢਤੀਆਂ
ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਸ਼ਹਾਦਤ ਪਾ ਗਏ
ਠੰਡੇ ਬੁਰਜ ਮਾਤਾ ਗੁਜਰ ਕੌਰ ਜੋਤੀ ਜੋਤ ਸਮਾ ਗਏ।
ਸੰਗਤੋ ਸ਼ਹੀਦੀ ਜੋੜ ਮੇਲੇ ਸਰਹੰਦ ਆਇਓ
ਸ਼ਹਾਦਤਾਂ ਦੇ ਦਿਨ ਖੁਸ਼ੀ ਨਾ ਕੋਈ ਮਨਾਇਓ।।

**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਨਵਾਂ ਸਾਲ

ਆਇਆ ਹੁਣ ਨਵਾਂ ਇਹ
ਸਾਲ ਬੱਚਿਓ,
ਮਨਾਇਓ ਤੁਸੀਂ ਖੁਸ਼ੀਆਂ ਦੇ
ਨਾਲ ਬੱਚਿਓ।
ਲੰਘੇ ਦੀਆਂ ਯਾਦਾਂ ਨੂੰ ਭੁੱਲ ਜਾਇਉ ਨਾ,
ਹੋਈਆਂ ਜੋ ਭੁੱਲ ਉਹ ਮੁੜ
ਦੁਹਰਾਇਓ ਨਾ,
ਹੁਣ ਤੋਂ ਹੀ ਰੱਖਿਓ ਖਿਆਲ ਬੱਚਿਓ।
ਆਇਆ ਹੁਣ ਨਵਾਂ...
ਨਵੇਂ ਸੂਰਜ ਦੀ ਸੱਜਰੀ ਸਵੇਰ ਨੂੰ,
ਮਿਟਾ ਦਿਉ ਤੁਸੀਂ ਮਨਾਂ ਚੋਂ
ਹਨੇਰ ਨੂੰ।
ਜਗਾ ਕੇ ਗਿਆਨ ਦੀ ਮਸ਼ਾਲ ਬੱਚਿਓ,
ਆਇਆ ਹੁਣ ਨਵਾਂ...
ਦੋ ਹਜ਼ਾਰ ਚੌਵੀ ਪਿੱਛੇ ਲੰਘ ਚੁੱਕਿਆ,
ਦਹਿਲੀਜ਼ ਉੱਤੇ ਦੋ ਹਜ਼ਾਰ ਪੱਚੀ ਢੁੱਕਿਆ।
ਲੰਘ ਜਾਣਾ ਆਪਣੀ ਇਹ ਚਾਲ ਬੱਚਿਓ,
ਆਇਆ ਹੁਣ ਨਵਾਂ...
ਇਸ ਸਾਲ ਵਿੱਚ ਪੇਪਰ ਵੀ ਆਉਣਗੇ,
ਬੱਚੇ ਹੁਸ਼ਿਆਰ ਪੜ੍ਹ ਨਾਂ ਚਮਕਾਉਣਗੇ।
ਜਿਉਂ ਅਕਾਸ਼ ਵਿੱਚ ਤਾਰਿਆਂ
ਦਾ ਥਾਲ ਬੱਚਿਓ,
ਆਇਆ ਹੁਣ ਨਵਾਂ...
ਰੱਬ ਕਰੇ ਆਪਾਂ ਸਾਰੇ ਸੁੱਖ
ਮਾਣੀਏ,
ਜੋ ਆਪਣੇ ਫਰਜ਼ ਉਹਨਾਂ ਨੂੰ
ਪਛਾਣੀਏ।
ਪੱਤੋ, ਕਰੀਏ ਸਮੇਂ ਦੀ ਸੰਭਾਲ
ਬੱਚਿਓ।
ਆਇਆ ਹੁਣ ਨਵਾਂ ਸਾਲ ਬੱਚਿਓ,
ਮਨਾਇਓ ਤੁਸੀਂ ਖੁਸ਼ੀਆਂ ਦੇ
ਨਾਲ ਬੱਚਿਓ।

**ਹਰਪ੍ਰੀਤ ਪੱਤੋ**
94658-21417

## ਨਵੇਂ ਸਾਲ ਦੀਆਂ ਵਧਾਈਆਂ...

ਗੱਲਾਂ ਨਵੇਂ ਸਾਲ ਦੀਆਂ ਕੀ ਕੀ ਕਰੀਏ ਗੱਲਾਂ ਅਸੀਂ
ਕੀ ਬੀਤਿਆ ਕਿਵੇਂ ਬੀਤਿਆ ਸਭ ਜਾਣਦੇ ਹੋ ਤੁਸੀਂ
ਹਾਲ ਦੇਖੋ ਜਨਤਾ ਦਾ ਪਾਉਂਦਾ ਹੈ ਦੁਹਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ....

ਸਭ ਤੋਂ ਵੱਡੀ ਮਾਰ ਮਹਿੰਗਾਈ ਦੀ ਸਭ ਨੂੰ ਡੰਗੇ
ਉਹ ਇੱਥੇ ਕੀ ਕਰਨ ਜੋ ਪਹਿਲੋਂ ਹੀ ਜੇਬੋਂ ਨੰਗੇ
ਫਿਰ ਵੀ ਆਸਾਂ ਹਨ ਇਧਰ ਉਧਰ ਲਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ.....

ਧਰਮ ਦੇ ਨਾਂ ਉੱਤੇ ਸਰਮਾਇਆ 'ਕੱਠਾ ਕਰਦੇ
ਇੱਕ ਪਾਸੇ ਭੁੱਖਣ ਭਾਣੇ ਲੋਕੀ ਦੇਖੋ ਨੇ ਮੈਂ ਮਰਦੇ
ਗੁਰਦੁਆਰੇ ਮੰਦਰਾਂ 'ਚੋਂ ਖ਼ਾਣਾ ਸੋਨੇ ਦੀਆਂ ਥਿਆਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ

ਨਸ਼ਿਆਂ ਦੇ ਵਿੱਚ ਨਵੀਂ ਪੀੜੀ ਹੋਈ ਪਈ ਹੈ ਗ਼ਲਤਾਨ
ਨੇਤਾ ਕਹਿਣ ਅਸਾਂ ਕੀ ਲੈਣਾ ਕਰੋ ਵੋਟਾਂ ਦਾ ਭੁਗਤਾਨ
ਵੋਟਾਂ ਵੇਲੇ ਨਸ਼ਿਆਂ ਦੀਆਂ ਭਰ ਭਰ ਗੱਡੀਆਂ ਆਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ....

ਹੁਣ ਤੱਕ ਜੋ ਹੋਏ ਘੁਟਾਲੇ ਅੱਗੇ ਵੀ ਨੇ ਹੋਣੇ
ਸਾਡੇ ਤਾਂ ਬਸ ਰਹਿਣੇ ਨੇ ਇਹੀ ਰੋਣੇ ਧੋਣੇ
ਘੁਟਾਲੇ ਕਰ ਫਾਇਵ ਸਟਾਰ, ਜੇਲਾਂ ਵਿੱਚ ਰਾਤਾਂ ਬਿਤਾਈਆਂ
ਕਿਵੇਂ ਦੇ ਦੇਈਏ ਦੇਈਏ ਨਵੇਂ ਸਾਲ ਦੀਆਂ ਵਧਾਈਆਂ....

ਕਾਂਗਰਸ ਦੇਖੀ ਅਕਾਲੀ ਦੇਖੇ ਚੁਣ ਲਏ ਇਨਕਲਾਬੀ
ਬਣਿਆ ਨਾ ਪੰਜਾਬ ਦਾ ਕੋਈ ਸਾਰੇ ਕਰਨ ਖ਼ਰਾਬੀ
ਹੁਣ ਤੱਕ ਗਲਤ ਲੋਕਾਂ ਲਗਾਮਾਂ ਪੰਜਾਬ ਨੂੰ ਪਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ

ਲੜਿਆ ਤਾਂ ਹੈ ਜਾ ਰਿਹਾ ਕਹਿੰਦੇ ਨਸ਼ਿਆਂ ਵਿਰੁੱਧ ਯੁੱਧ
ਫਿਰ ਵੀ ਨੌਜਵਾਨ ਕਿਵੇਂ ਖੋ ਬੈਠੇ ਨੇ ਸੁਧ- ਬੁਧ
ਟੀਕਿਆਂ ਦੀਆਂ ਸਰਿੰਜਾਂ ਬਾਹਾਂ ਵਿੱਚ ਲਮਕਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ....

ਦਿੱਲੀ ਤੇ ਪੰਜਾਬ ਵਾਲੇ ਕਹਿੰਦੇ ਕਰਤਾ ਬਹੁਤ ਵਿਕਾਸ
ਪਰ ਲੋਕਾਂ ਨੂੰ ਆ ਨਹੀਂ ਰਿਹਾ ਇਹ ਰਾਸ
ਗੱਲਾਂ ਵਿਕਾਸ ਦੀਆਂ ਗੱਲੀਂਬਾਤੀਂ ਹੀ ਚਲਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ....

ਨੰਗਪਣਾ ਤੇ ਲੁੱਚਪਣਾ ਪਰੋਸਿਆ ਹਰ ਪਾਸੇ ਹੁਣ ਜਾਵੇ
ਸਭ ਕੁਝ ਹੁਣ ਆਮ ਹੋ ਗਿਆ ਨਾ ਕੋਈ ਰਹੇ ਪਛਤਾਵੇ
ਪਤੀ ਨੇ ਆਪਣੀ ਹੀ ਪਤਨੀ ਦੀਆਂ ਲੱਚਰ ਵੀਡੀਓ ਪਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ.....

ਬੇਈਮਾਨਾਂ ਦਾ ਰਾਜ ਹੋ ਗਿਆ ਕਿੱਥੇ ਹੁਣ ਜਾਈਏ
ਦਰਦੀ ਨਾ ਕੋਈ ਦਿਖਦਾ ਕਿਹਨੂੰ ਦਰਦ ਸੁਣਾਈਏ
ਕਲਮਾਂ ਵਾਲਿਆਂ ਦੀਆਂ ਕਲਮਾਂ ਵੀ ਮੁਰਝਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ...

ਗੱਲ ਜੋ ਹੱਕ ਸੱਚ ਦੀ ਕਰਦਾ ਪਾਸੇ ਕੱਢ ਕੇ ਮਾਰੋ
ਆਹੀ ਤਾਂ ਇੱਕ ਮੌਕਾ ਹੈ ਹੱਥ ਸਾਡੇ ਵਿੱਚ ਯਾਰੋ
ਹਾਲੇ ਬਹੁਤ ਕੁਝ ਹੈ 'ਬਾਕੀ' ਕੁਝ ਨੇ ਬੱਬੀ ਤੋਂ ਲਿਖਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ.....

**ਬਲਬੀਰ ਸਿੰਘ ਬੱਬੀ**
7009107300

## ਨਵਾਂ ਸਾਲ - ਨਵੇਂ ਸੰਕਲਪ

ਚੜ੍ਹਿਆ ਹੈ ਅੱਜ ਸਾਲ ਨਵਾਂ,
ਜੋ ਦੋ ਹਜ਼ਾਰ ਤੇ ਪੱਚੀ।
ਚੌਵੀ ਨੇ ਇਤਿਹਾਸ 'ਚ ਜਾਣਾ,
ਗੱਲ ਹੈ ਬਿਲਕੁਲ ਸੱਚੀ।

ਨਵੇਂ ਸਾਲ ਦੇ ਵਿੱਚ ਅਸਾਂ ਨੇ,
ਨਵੇਂ ਸੰਕਲਪ ਬਣਾਉਣੇ।
ਸਰ ਕਰ ਲੈਣਾ ਮੰਜ਼ਿਲ ਨੂੰ,
ਤੇ ਬੁਰਜ ਬਦੀ ਦੇ ਢਾਹੁਣੇ।

ਸਹਿਜ ਨਿਰੰਤਰ ਤੋਰ ਨੂੰ ਆਪਾਂ,
ਜੀਵਨ-ਲਕਸ਼ ਬਣਾਈਏ।
ਵਿੱਚ-ਵਿਚਾਲੇ ਰੁਕੀਏ ਨਾ,
ਅੱਗੇ ਨੂੰ ਵਧਦੇ ਜਾਈਏ।

ਸੱਚ ਦਾ ਰਸਤਾ ਔਖਾ ਭਾਵੇਂ,
ਪਰ ਹੁੰਦਾ ਹੈ ਚੰਗਾ।
ਸਿਦਕ-ਈਮਾਨ ਦਾ ਪੱਕਾ ਹੋਵੇ,
ਉਹ ਹੈ ਅਸਲੀ ਬੰਦਾ।

ਕੁਦਰਤ ਦਾ ਸੰਤੁਲਨ ਬਚਾਈਏ,
ਧਰਤੀ-ਪੌਣ ਤੇ ਪਾਣੀ।
ਨੇਕੀ ਤੇ ਹਮਦਰਦੀ ਰੱਖੀਏ,
ਜੱਗ ਵਿੱਚ ਰਹੂ ਕਹਾਣੀ।

**-ਪ੍ਰੋ. ਨਵ ਸੰਗੀਤ ਸਿੰਘ**

## ਦਸ਼ਮੇਸ਼ ਪਿਤਾ ਦਾ ਆਗਮਨ

ਸਤਾਰਾਂ ਸੌ ਤੇਈ ਬਿਕਰਮੀ, ਚੜ੍ਹਿਆ ਮਹੀਨਾ ਪੋਖ।
ਆਪ ਨਰਾਇਣ ਕਲਾਧਾਰ, ਪ੍ਰਗਟਿਆ ਮਾਤ ਲੋਕ।
ਬਲ-ਬਲ ਲੋਕੀਂ ਜਾਂਵਦੇ, ਰੂਹਾਂ ਵਿੱਚ ਵਿਗਾਸ।
ਦਸ਼ਮੇਸ਼ ਪਿਤਾ ਗੁਰਦੇਵ ਦਾ, ਹੋਇਆ ਜਦ ਪ੍ਰਕਾਸ਼।

ਦਿਓਤੇ ਫੁੱਲ ਵਰਸਾਂਵਦੇ, ਕਰਦੇ ਜੈ-ਜੈ ਕਾਰ।
ਦੁਨੀਆ ਤਾਰਨ ਵਾਸਤੇ, ਖ਼ੁਦ ਆਇਆ ਕਰਤਾਰ।
ਖੁਸ਼ੀਆਂ ਦੇ ਵਿੱਚ ਪਿਰਥਵੀ, ਚੜ੍ਹਿਆ ਰੰਗ ਆਕਾਸ਼,
ਦਸ਼ਮੇਸ਼ ਪਿਤਾ ਗੁਰਦੇਵ ਦਾ, ਹੋਇਆ ਜਦ ਪ੍ਰਕਾਸ਼।

ਤੇਗ ਬਹਾਦਰ ਪਿਤਾ ਜੀ, ਘਰ ਪ੍ਰੀਤਮ ਆਏ।
ਗੁਜਰੀ ਮਾਂ ਦੀ ਕੁੱਖ ਨੂੰ, ਨੇ ਭਾਗ ਲਗਾਏ।
ਬਰਮ੍ਹਾ-ਬਿਸਨ-ਮਹੇਸ ਵੀ, ਆਏ ਬਣ ਕੇ ਦਾਸ।
ਦਸ਼ਮੇਸ਼ ਪਿਤਾ ਗੁਰਦੇਵ ਦਾ, ਹੋਇਆ ਜਦ ਪ੍ਰਕਾਸ਼।

ਕੁਮੇਰ ਭੰਡਾਰੀ ਆਣ ਕੇ, ਲੰਗਰ ਵਰਤਾਉਂਦਾ।
ਕਲਪ ਬਿਰਛ ਵੀ ਆਣ ਕੇ, ਦਰ ਖੜਾ ਸਹਾਉਂਦਾ।
ਖੜੀ ਆਣ ਕੇ ਕਾਮਧੇਨ, ਕਰਦੀ ਅਰਦਾਸ।
ਦਸ਼ਮੇਸ਼ ਪਿਤਾ ਗੁਰਦੇਵ ਦਾ, ਹੋਇਆ ਜਦ ਪ੍ਰਕਾਸ਼।

ਭਾਂਤ-ਭਾਂਤ ਦੇ ਵੱਜਦੇ, ਅਨਹਦ ਧੁਨ ਵਾਜੇ।
ਖੁੱਲੇ ਸਭਨਾਂ ਦੇ ਲਈ, ਚਾਰੇ ਦਰਵਾਜੇ।
ਆਬੇ-ਹੈਯਾਤ ਛਿੜਕਦਾ, ਆਪ ਖ਼ੁਆਜਾ ਖ਼ਾਸ।
ਦਸ਼ਮੇਸ਼ ਪਿਤਾ ਗੁਰਦੇਵ ਦਾ, ਹੋਇਆ ਜਦ ਪ੍ਰਕਾਸ਼।

ਦਰ 'ਤੇ ਆਏ ਮੰਗਤੇ, ਨਹੀਂ ਮੋੜੇ ਖਾਲੀ।
ਝੋਲੀਆਂ ਭਰਕੇ ਤੋਰ 'ਤੇ, ਕਰੀ ਦੂਰ ਕੰਗਾਲੀ।
ਜਾਚਿਕ ਸ਼ੋਭਾ ਗਾਂਵਦੇ, ਨੇ ਸਾਸ-ਗਿਰਾਸ।
ਦਸ਼ਮੇਸ਼ ਪਿਤਾ ਗੁਰਦੇਵ ਦਾ ਹੋਇਆ ਜਦ ਪ੍ਰਕਾਸ਼।

ਕੋਇਲਾਂ ਹਰ ਜਸ ਗਾਉਂਦੀਆਂ, ਬੋਲੇ ਮੋਰ ਮਮੋਲੇ।
ਪੌਣਾ ਵਿੱਚ ਸੁਗੰਧੀਆਂ, ਪਏ ਅਤਰ ਨੇ ਡੋਲੇ।
ਫੁੱਲਾਂ ਵਾਂਗੂੰ ਖਿੜ ਗਏ, ਜੋ ਚਿੱਤ ਉਦਾਸ।
ਦਸ਼ਮੇਸ਼ ਪਿਤਾ ਗੁਰਦੇਵ ਦਾ, ਹੋਇਆ ਜਦ ਪ੍ਰਕਾਸ਼।

ਪਾਪ, ਜਬਰ ਤੇ ਕੂੜ ਦੀ, ਢਾਹ ਦਿੱਤੀ ਢੇਰੀ।
ਸੱਚ, ਧਰਮ ਤੇ ਦਇਆ ਨੇ, ਪਾਈ ਹੈ ਫੇਰੀ।
ਹਰਪਾਲ ਸਿੰਘਾ ਹੋਵਣਾ, ਜ਼ਾਲਮ ਦਾ ਨਾਸ਼।
ਦਸ਼ਮੇਸ਼ ਪਿਤਾ ਗੁਰਦੇਵ ਦਾ, ਹੋਇਆ ਜਦ ਪ੍ਰਕਾਸ਼।

**- ਭਾਈ ਹਰਪਾਲ ਸਿੰਘ ਲੱਖਾ**
(300 ਸਾਲਾ ਪ੍ਰਕਾਸ਼ ਪੁਰਬ 'ਤੇ, 1966 'ਚ ਇੰਦੌਰ ਲਿਖੀ ਅਤੇ ਪੜ੍ਹੀ ਕਵਿਤਾ)

## ਨਵਾਂ ਵਰ੍ਹਾ ਮੁਬਾਰਕ

ਗਿਰਦ ਸੂਰਜ ਦੇ ਘੁੰਮ ਰਹੀ ਧਰਤੀ
ਗੇੜ੍ਹਾ ਇੱਕ ਮੁਕਾਵੇ।
ਬਦਲਦੀਆਂ ਰੁੱਤਾਂ ਦਾ ਇਹ ਚੱਕਰ
ਇੱਕ ਵਰ੍ਹਾ ਕਿਹਲਾਏ।
ਨਾ ਜਾਦੂ ਨਾ ਕਰਾਮਾਤ ਇਹ
ਕੁਦਰਤ ਦੀ ਜੋ ਮਾਇਆ,
ਆਪੇ ਕਾਦਰ ਆਪੇ ਕੁਦਰਤ
ਜੋ ਕਿਆਨਾਤ ਅਖਵਾਏ।
ਅਗਿਆਨ ਬਿਨਾਂ ਕੋਈ ਭੇਤ ਨਹੀਂ ਹੈ
ਇਸ ਦੁਨੀਆਂ ਦੇ ਵਿੱਚੇ,
ਵਿਗਿਆਨਕ ਨਿਯਮਾਂ ਨਾਲ ਇਹ ਕੁਦਰਤ
ਬ੍ਰਹਿਮੰਡ ਤਾਈਂ ਚਲਾਵੇ।
ਹੋਰ ਫ਼ੇਰੀ ਜੋ ਧਰਤੀ ਆਪਣੇ
ਧੁਰੇ ਦੁਆਲੇ ਲਾਉਂਦੀ ਉਂ,
ਚੌਵੀ ਘੰਟੇ ਵਿੱਚ ਇਹ ਫ਼ੇਰੀ
ਦਿਨ ਤੇ ਰਾਤ ਬਣਾਵੇ।
ਹਰ ਵਰ੍ਹੇ ਧਰਤੀ ਇਕ ਚੱਕਰ
ਸੂਰਜ ਗਿਰਦ ਲਗਾਉਂਦੀ ਉਂ,
ਧਰਤੀ ਮਾਂ ਇੰਝ ਗੇੜ੍ਹੇ ਰੁੱਤਾਂ
ਇਕ ਜਾਵੇ ਇਕ ਆਵੇ।
ਚਾਰ ਅਰਬ ਵਰ੍ਹਿਆਂ ਤੋਂ ਧਰਤੀ
ਗੇੜ੍ਹ ਰਹੀ ਇੰਝ ਰੁੱਤਾਂ,
ਨਾਂ ਦੇਰੀ ਨਾਂ ਰੁਕਦੀ ਧਰਤੀ
ਨਿਰੰਤਰ ਚੱਲਦੀ ਜਾਵੇ।
ਧਰਤੀ ਮਾਂ ਦੇ ਜਾਇਉ ਬੰਦਿਓ
ਲੈ ਧਰਤੀ ਤੋਂ ਜੇਰਾ,
ਜੇਨਾਂ ਢੇਰੀ ਢਾਹਵੇ 'ਪਰਖਿਆ'
ਹੱਥ ਆਸਮਾਨੀ ਲਾਵੇ।

**ਡਾ. ਸੁਖਪਾਲ ਸੰਘੇੜਾ ਓਰਫ਼ 'ਪਰਖਾ'**

## ਜੀ ਆਇਆਂ ਛੱਬੀ ਨੂੰ

ਚੜ੍ਹੇ ਸਾਲ ਵਿਚ ਪੈਣ ਪੱਤੇ ਅਤੇ 'ਫੁੱਲ-ਫਲ'
ਪਈ ਹੋਈ ਭਾਵਨਾਂ ਕੋਈ ਦਿਲ ਵਿਚ ਦੱਬੀ ਨੂੰ।
ਛੱਡ ਕੇ ਨਿਰਾਸ਼ਾ ਸਦਾ ਆਸਵੰਦ ਰਹੀਏ ਯਾਰੋ
ਰੀਝਾਂ ਨਾਲ ਮਾਣੀਏ ਜੀ ਖੁਸ਼ੀ ਕੋਈ 'ਲੱਭੀ' ਨੂੰ।
ਸ਼ਾਂਤ ਹੋ ਕੇ ਸੋਚੀਏ ਅੱਗੇ ਨੂੰ ਹੁਣ ਆਖੀਏ ਨਾ
ਗੁੱਸੇ 'ਚ ਕਿਸੇ ਨੂੰ ਆਖੀ ਗੱਲ ਕੋੜੀ-ਕੱਬੀ ਨੂੰ।
ਹੌਂਸਲਾ ਭਰੋਸਾ ਦੋਵੇਂ ਗਹਿਣੇ ਹਨ ਜਿੰਦਗੀ ਦੇ
ਲਈਏ ਝੱਲ ਹੌਂਸਲੇ ਦੇ ਨਾਲ 'ਹਬੀ-ਨਬੀ' ਨੂੰ।
ਸੁਣ ਕੇ ਸਿਆਣਿਆਂ ਤੋਂ ਪੱਲੇ ਘੁੱਟ ਬੰਨ੍ਹੀਏ ਜੀ
ਪੜ੍ਹਕੇ ਕਿਤਾਬਾਂ ਵਿੱਚੋਂ ਗੱਲ ਸਿਆਣੀ ਛੱਬੀ ਨੂੰ।
'ਪੱਚੀ' ਵਾਂਗ ਹਫਤੇ ਮਹੀਨੇ ਆਈ-ਜਾਈ ਜਾਣੇ
ਤਦ ਵੀ ਜੀ ਆਇਆਂ ਕਹੀਏ ਨਵੇਂ ਸਾਲ ਛੱਬੀ ਨੂੰ!



**-ਤਰਲੋਚਨ ਸਿੰਘ ਦੁਪਾਲ ਪੁਰ**
001-408-905-5517

## ਨਵਾਂ ਸਾਲ

ਮੋਢੇ ਤੇ ਗੈਂਤੀ
ਇਕ ਨੰਨ੍ਹਾ ਮਜ਼ਦੂਰ
ਨੰਗੇ ਪੈਰ੍ਹ ਅੱਧ ਨੰਗਾ ਤਨ
ਕੜਕਦੀ ਠੰਢ
ਸੜਕ ਦੇ ਕੰਢੇ
ਆਪਣੀ ਮਜ਼ਦੂਰ ਮਾਂ ਦੇ ਪਿੱਛੇ-ਪਿੱਛੇ ਚਲ ਰਿਹਾ ਹੈ
ਭਵਿੱਖ ਤੋਂ ਬੇਖ਼ਬਰ
ਸੂਰਜ ਡੁੱਬਣ ਵੱਲ
ਖੂਬ ਸੱਜੇ ਨੇ ਬਾਜ਼ਾਰ
ਮਿਠਾਈਆਂ ਦੀ ਖੁਸ਼ਬੂ
ਲਲਚਾਉਂਦੀ ਜੀਭ
ਕੁੱਝ ਮਿੱਟੀ ਦੇ ਦੀਵੇ
ਰੰਗ ਬਿਰੰਗੀਆਂ ਮੋਮਬੱਤੀਆਂ
ਕੀ ਪਤਾ
ਕਿਸ ਘਰ ਵਿਚ ਦੇਣਗੀਆਂ ਰੌਸ਼ਨੀ
ਮਜ਼ਦੂਰ ਮਾਂ ਨੇ ਰੋਜ਼ ਦੀ ਤਰ੍ਹਾਂ
ਗਲੇ ਸੜੇ ਫਲ ਖਰੀਦੇ
ਕੁਝ ਆਟਾ, ਕੁਝ ਦਾਲ
ਮਛਲੀਆਂ ਦੇ ਸੁੱਟੇ ਹੋਏ ਸਿਰ ਚੁੱਕੇ
ਥਕਾਨ ਨਾਲ ਚੂਰ-ਚੂਰ
ਚਲ ਪਈ ਝੌਂਪੜੀ ਦੇ ਵੱਲ
ਇੱਟਾਂ ਦੇ ਚੁੱਲ੍ਹੇ ਤੇ
ਰੋਟੀਆਂ ਸੇਕੀਆਂ
ਥੱਕੇ ਟੁੱਟੇ ਸਰੀਰ ਨਾਲ
ਢੇਰੀ ਹੋ ਗਈ ਪਿੱਲੀ ਕੰਧ ਵਾਂਗ
ਜ਼ਮੀਨ ਦੀ ਚਾਰਪਾਈ ਏ
ਲੱਗ ਕੇ ਸੌ ਗਏ ਬੱਚੇ ਉਸਦੇ ਨਾਲ
ਉਚੇ ਮਹਿਲਾਂ 'ਚ ਪਟਾਖੇ ਚੱਲੇ
ਰਾਤ ਦੇ ਬਾਰ੍ਹਾਂ ਵੱਜੇ
ਰੌਸ਼ਨੀਆਂ ਨਾਲ ਭਰਿਆ ਆਸਮਾਨ
ਨੰਨ੍ਹੇ ਮਜ਼ਦੂਰ ਨੇ ਉਠ ਕੇ ਪੁੱਛਿਆ
ਮਾਂ, "ਇਹ ਕੀ ਹੋ ਰਿਹਾ ਏ?"
ਮਾਂ ਨੇ ਕਿਹਾ, "ਚੁੱਪ ਕਰ, ਸੌਂ ਜਾ
ਸਵੇਰੇ ਜਲਦੀ ਜਾਣਾ ਹੈ
ਮਜ਼ਦੂਰੀ ਲਈ
ਕੁਝ ਨਹੀਂ ਹੈ
ਆਉਂਤਰਾ ਨਵਾਂ ਸਾਲ ਏ।

**ਬਲਵਿੰਦਰ ਬਾਲਮ**
98156-25409

## ਖ਼ਾਲੀ ਕਾਸਾ ਕੀ ਕਰਨਾ ਮੈਂ?

ਖ਼ਾਲੀ ਕਾਸਾ ਕੀ ਕਰਨਾ ਮੈਂ?
ਝੂਠਾ ਹਾਸਾ ਕੀ ਕਰਨਾ ਮੈਂ?

ਮੇਰਾ ਹੋ ਸਾਰੇ ਦਾ ਸਾਰਾ
ਤੋਲਾ ਮਾਸਾ ਕੀ ਕਰਨਾ ਮੈਂ?

ਜਿਹੜੇ ਦਿਲ ਵਿੱਚ ਨਹੀਂ ਮੁਹੱਬਤ
ਓਥੇ ਵਾਸਾ ਕੀ ਕਰਨਾ ਮੈਂ?

ਬਸ ਮੱਛੀ ਦੀ ਅੱਖ ਢੁੰਡਣੀ ਆ
ਆਸਾ ਪਾਸਾ ਕੀ ਕਰਨਾ ਮੈਂ?

ਮੈਨੂੰ ਸੱਚ ਸੁਣਾ ਦੇ ਕੌੜਾ
ਝੂਠ ਦਿਲਾਸਾ ਕੀ ਕਰਨਾ ਮੈਂ?

ਗੁੜ ਦੀ ਭੇਲੀ ਇਸ ਤੋਂ ਵਧੀਆ
ਖੰਡ ਪਤਾਸਾ ਕੀ ਕਰਨਾ ਮੈਂ?

ਨਾਨਕ ਨੇ ਸਭ ਦਸ ਦਿੱਤਾ ਸੀ
ਤੇਰਾ ਨਾਸਾ ਕੀ ਕਰਨਾ ਮੈਂ?

**ਹਰਦੀਪ ਬਿਰਦੀ**
9041600900

# ਆਬਾਦੀ ਦੇ ਬਦਲਦੇ ਮਾਪ ਅਤੇ ਚੁਣੌਤੀਆਂ





ਡਾ. ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

ਕਿਸੇ ਵੀ ਦੇਸ਼ ਜਾਂ ਸਮਾਜ ਦੀ ਅਸਲ ਤਾਕਤ ਉਸ ਦੇ ਨੌਜਵਾਨਾਂ ਵਿੱਚ ਹੁੰਦੀ ਹੈ। ਭਾਰਤ ਇਸ ਸਮੇਂ ਦੁਨੀਆ ਦੀ ਸਭ ਤੋਂ ਵੱਡੀ ਨੌਜਵਾਨ ਆਬਾਦੀ ਵਾਲਾ ਦੇਸ਼ ਹੈ। ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਅਨੁਸਾਰ, ਭਾਰਤ ਦੀ ਪੰਜਾਹ ਪ੍ਰਤੀਸ਼ਤ ਤੋਂ ਵੱਧ ਆਬਾਦੀ 25 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦੀ ਹੈ ਅਤੇ ਪੈਂਤੀ ਸਾਲ ਤੋਂ ਘੱਟ ਦੇ ਨੌਜਵਾਨ ਭਾਰਤ ਵਿੱਚ 65 ਪ੍ਰਤੀਸ਼ਤ ਹਨ। ਦੇਸ਼ ਲਈ ਖ਼ੁਸ਼ੀ ਦੀ ਗੱਲ ਹੈ। ਪਰ ਸਮਾਜਿਕ ਸਥਿਤੀਆਂ ਇਹ ਸੰਕੇਤ ਦਿੰਦੀਆਂ ਹਨ ਕਿ ਇਸ ਖ਼ੁਸ਼ੀ ਦੀ ਉਮਰ ਬਹੁਤ ਲੰਬੀ ਨਹੀਂ ਹੈ। ਦੇਸ਼ ਬਜ਼ੁਰਗ ਆਬਾਦੀ ਦੇ ਝੁਕਦੇ ਸੰਤੁਲਨ ਵੱਲ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਇਸ ਗੱਲ ਦੀ ਪੁਸ਼ਟੀ ਵੱਖ-ਵੱਖ ਅੰਕੜਿਆਂ ਤੋਂ ਵੀ ਹੁੰਦੀ ਹੈ। ਇਹ ਅਨੁਮਾਨ ਹੈ ਕਿ ਸਾਲ 2046-47 ਤੱਕ ਭਾਰਤ ਬੁਜ਼ੂਗਸ ਦਾ ਦੇਸ਼ ਬਣ ਜਾਵੇਗਾ। ਭਾਵ, ਇੱਥੇ ਨੌਜਵਾਨਾਂ ਨਾਲੋਂ ਬਜ਼ੁਰਗਾਂ ਦੀ ਗਿਣਤੀ ਜ਼ਿਆਦਾ ਹੋਵੇਗੀ। ਹਨ। ਸਰਕਾਰੀ ਅੰਕੜਿਆਂ ਅਨੁਸਾਰ, ਸਾਲ 2011 ਵਿੱਚ ਭਾਰਤ ਵਿੱਚ ਸੱਠ ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਆਬਾਦੀ 10.16 ਕਰੋੜ ਸੀ, ਜੋ ਕਿ ਦੇਸ਼ ਦੀ ਕੁੱਲ ਆਬਾਦੀ ਦਾ ਲਗਭਗ 8.4 ਪ੍ਰਤੀਸ਼ਤ ਸੀ। ਅਨੁਮਾਨ ਅਨੁਸਾਰ, ਅਗਲੇ ਦਸ ਸਾਲਾਂ ਵਿੱਚ ਇਹ ਆਬਾਦੀ ਦੁੱਗਣੀ ਹੋ ਗਈ ਅਤੇ ਕੁੱਲ ਆਬਾਦੀ ਦਾ 10.5 ਪ੍ਰਤੀਸ਼ਤ ਹੋ ਗਿਆ। ਦੱਸਿਆ ਜਾਂਦਾ ਹੈ ਕਿ ਇਸ ਸਮੇਂ ਦੇਸ਼ ਵਿੱਚ 60 ਸਾਲ ਤੋਂ ਵੱਧ ਉਮਰ ਦੀ ਆਬਾਦੀ ਕੁੱਲ ਆਬਾਦੀ ਦੇ ਲਗਭਗ ਬਾਰਾਂ ਪ੍ਰਤੀਸ਼ਤ ਤੋਂ ਥੋੜ੍ਹੀ ਜ਼ਿਆਦਾ ਹੈ। 2036 ਵਿੱਚ ਦੇਸ਼ ਦੀ ਕੁੱਲ ਆਬਾਦੀ 153 ਕਰੋੜ ਹੋ ਸਕਦੀ ਹੈ ਅਤੇ ਉਦੋਂ ਤੱਕ ਬੁਜ਼ੂਗਸ ਦੀ ਆਬਾਦੀ ਲਗਭਗ 23 ਕਰੋੜ ???? ਪੰਦਰਾਂ ਪ੍ਰਤੀਸ਼ਤ ਹੋ ਜਾਵੇਗੀ। 2036 ਵਿੱਚ ਦੇਸ਼ ਦਾ ਹਰ ਸੱਤਵਾਂ ਵਿਅਕਤੀ ਸੱਠ ਸਾਲਾਂ ਤੋਂ ਵੱਧ ਉਮਰ ਦਾ ਹੋਵੇਗਾ। ਇਸੇ ਤਰ੍ਹਾਂ, ਅਨੁਮਾਨ ਹੈ ਕਿ ਸਾਲ 2050 ਦੀ ਲਗਭਗ 21 ਪ੍ਰਤੀਸ਼ਤ ਆਬਾਦੀ ਸੀਨੀਅਰ ਨਾਗਰਿਕਾਂ ਦੀ ਹੋਵੇਗੀ। ਸਾਲ 2075 ਵਿੱਚ ਭਾਰਤ ਦੀ ਕੁੱਲ ਆਬਾਦੀ 1.6 ਬਿਲੀਅਨ ਹੋਣ ਦਾ ਅਨੁਮਾਨ ਹੈ, ਜਿਸ ਵਿੱਚ ਲਗਭਗ 32 ਪ੍ਰਤੀਸ਼ਤ ਹਿੱਸੇਦਾਰੀ ਸੱਠ ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਹੋਵੇਗੀ। ਯਾਨੀ ਕਿ 2085 ਵਿੱਚ ਦੇਸ਼ ਦਾ ਹਰ ਤੀਜਾ ਵਿਅਕਤੀ ਬਜ਼ੁਰਗ ਹੋਵੇਗਾ। ਵਰਤਮਾਨ ਵਿੱਚ ਭਾਰਤ ਦੀ ਆਬਾਦੀ ਦੀ ਔਸਤ 'ਉਮਰ ਉਨੀਸ ਸਾਲ ਦੱਸਿਆ ਜਾਂਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ, ਸਾਲ 2021 ਵਿੱਚ ਦੇਸ਼ ਵਿੱਚ ਪੰਦਰਾਂ ਤੋਂ ਉਨਤੀਸ ਸਾਲ ਦੀ ਉਮਰ ਦੇ ਵਿਚਕਾਰ ਨੌਜਵਾਨਾਂ ਦੀ ਕੁੱਲ ਗਿਣਤੀ 37.14 ਕਰੋੜ ਸੀ, ਜੋ ਕਿ ਕੁੱਲ ਆਬਾਦੀ ਦਾ ਲਗਭਗ 28 ਪ੍ਰਤੀਸ਼ਤ ਹੈ। ਇਸ ਤੋਂ ਇਲਾਵਾ, ਪੈਂਤੀ ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦੀ ਭਾਗੀਦਾਰੀ 1265 ਪ੍ਰਤੀਸ਼ਤ ਤੋਂ ਵੱਧ ਸੀ, ਪਰ ਹੁਣ ਇਹ ਘਟਣਾ ਸ਼ੁਰੂ ਹੋ ਗਈ ਹੈ। ਇਹ ਅਨੁਮਾਨ ਹੈ ਕਿ ਸਾਲ 2036 ਵਿੱਚ ਦੇਸ਼ ਦੀ ਆਬਾਦੀ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਲਗਭਗ 22.7 ਪ੍ਰਤੀਸ਼ਤ ਤੱਕ ਘੱਟ ਜਾਵੇਗੀ। ਇਸ ਤਸਵੀਰ ਦਾ ਸਪੱਸ਼ਟ ਸੰਕੇਤ ਹੈ ਕਿ ਨੌਜਵਾਨ ਆਬਾਦੀ ਵਿੱਚ ਕਮੀ ਕਾਰਨ ਦੇਸ਼ ਦੀ ਜਨ-ਬਲਾਂ ਅਤੇ ਕਾਰਜਬਲ ਵਿੱਚ ਕਮੀ ਹੋਵੇਗੀ। ਦਰਅਸਲ, ਪਿਛਲੇ ਦੋ ਦਹਾਕਿਆਂ ਤੋਂ ਦੇਸ਼ ਵਿੱਚ ਬੱਚਿਆਂ ਦੀ ਆਬਾਦੀ ਵੀ ਤੇਜ਼ੀ ਨਾਲ ਘਟ ਰਹੀ ਹੈ। ਜਦੋਂ ਕਿ ਦੂਜੇ ਪਾਸੇ ਡਾਕਟਰੀ ਸਹੂਲਤ ਅਤੇ ਜੀਵਨ ਪੱਧਰ ਵਿੱਚ ਸੁਧਾਰ ਦੇ ਕਾਰਨ ਆਮ ਆਦਮੀ ਦੀ ਉਮਰ (ਔਸਤ ਉਮਰ) ਲਗਾਤਾਰ ਵਧ ਰਹੀ ਹੈ। ਆਮ ਆਦਮੀ ਦੀ ਔਸਤ ਉਮਰ ਵਿੱਚ ਵਾਧਾ ਹੋਣ ਤੱਕ ਇਹ ਠੀਕ ਹੈ, ਪਰ ਨਵਜੰਮੇ ਬੱਚਿਆਂ ਦੀ ਜਨਮ ਦਰ ਵਿੱਚ ਕਮੀ ਚਿੰਤਾ ਦਾ ਵਿਸ਼ਾ ਹੈ। ਇਹ ਰੁਝਾਨ ਇਸ ਲਈ ਵੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਬੱਚਿਆਂ ਦੀ ਜਨਮ ਦਰ ਵਿੱਚ ਗਿਰਾਵਟ ਅਚਾਨਕ ਨਹੀਂ, ਸਗੋਂ ਸਵੈ-ਇੱਛਤ ਅਤੇ ਚੰਗੀ ਤਰ੍ਹਾਂ ਸੋਚੀ ਗਈ ਹੈ।

ਇਸ ਸਮੱਸਿਆ ਦਾ ਇੱਕ ਵੱਡਾ ਕਾਰਨ ਵਿਆਹਾਂ ਵਿੱਚ ਦੇਰੀ ਅਤੇ ਨੌਜਵਾਨ ਪੀੜ੍ਹੀ ਦੀਆਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਣਾ ਹੈ। ਹੁਣ ਤੋਂ ਲਗਭਗ ਚਾਰ ਦਹਾਕੇ ਪਹਿਲਾਂ, ਵਿਆਹ ਔਸਤਨ 25-26 ਸਾਲ ਦੀ ਉਮਰ ਤੱਕ ਹੁੰਦੇ ਸਨ। ਪਰ ਕਰੀਅਰ ਦਾ ਦਬਾਅ, ਜੀਵਨ ਸ਼ੈਲੀ ਵਿੱਚ ਬਦਲਾਅ ਅਤੇ ਸੁਰੱਖਿਅਤ ਭਵਿੱਖ ਦੇ ਅਨਿਸ਼ਚਿਤਤਾ ਦੇ ਕਾਰਨ ਅੱਜ ਤੀਹ-ਤੀਹ ਦੀ ਉਮਰ ਵਿਆਹ ਦੀ ਆਮ ਉਮਰ ਬਣ ਗਈ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਇਹ ਪੈਂਤੀ ਸਾਲ ਜਾਂ ਇਸ ਤੋਂ ਵੱਧ ਉਮਰ ਤੱਕ ਪਹੁੰਚ ਗਿਆ ਹੈ। ਵਿਆਹੁਤਾ ਇਸ਼ਤਿਹਾਰਾਂ ਵਿੱਚ ਨੱਬੇ ਪ੍ਰਤੀਸ਼ਤ ਤੋਂ ਵੱਧ ਨੌਜਵਾਨ ਤੀਹ ਸਾਲ ਤੋਂ ਵੱਧ ਉਮਰ ਦੇ ਹੁੰਦੇ ਹਨ। ਦੇ ਡਾਕਟਰੀ ਵਿਗਿਆਨ ਦੇ ਅਨੁਸਾਰ, ਔਰਤਾਂ ਦੀ ਉਪਜਾਊ ਸ਼ਕਤੀ ਵੀਹ ਤੋਂ 27 ਸਾਲ ਦੀ ਉਮਰ ਵਿੱਚ ਸਿਖਰ 'ਤੇ ਹੁੰਦੀ ਹੈ। ਤੀਹ ਸਾਲ ਦੀ ਉਮਰ ਤੋਂ ਬਾਅਦ ਕੁਦਰਤੀ ਤੌਰ 'ਤੇ ਆਉਣ ਵਾਲੇ ਬਦਲਾਅ ਕਾਰਨ ਇਸ ਵਿੱਚ ਕਮੀ ਆਉਂਦੀ ਹੈ। ਇਸੇ ਤਰ੍ਹਾਂ, ਮਰਦਾਂ ਵਿੱਚ ਵੀ ਉਮਰ ਦੇ ਅਨੁਸਾਰ ਕਈ ਕਿਸਮਾਂ ਦੀਆਂ ਕੁਦਰਤ ਤਬਦੀਲੀਆਂ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਸਮਾਜ ਵਿੱਚ ਬਾਲ ਜੋੜੇ ਵਧ ਰਹੇ ਹਨ, ਜਿਸ ਨਾਲ ਅੰਤ ਵਿੱਚ ਨੌਜਵਾਨਾਂ ਦੀ ਆਬਾਦੀ ਘੱਟ ਰਹੀ ਹੈ। ਇੱਕ ਹੋਰ ਵਿਗਾੜ ਇਹ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਵਿਆਹ ਨੂੰ ਲੈ ਕੇ ਬੇਚੈਨੀ ਦਿਖਾਉਣ ਲੱਗੀ ਹੈ। ਕੁਝ ਨੌਜਵਾਨ ਇਸ ਮਾਮਲੇ ਵਿੱਚ ਡਰ ਅਤੇ ਵਿਗਾੜ ਦਾ ਸ਼ਿਕਾਰ ਵੀ ਰਹੇ ਹਨ। ਸਹਿਜੀਵਤਾ ਦੇ ਰੁਝਾਨ ਨਾਲ ਇਸ ਪ੍ਰਵਿਰਤੀ ਨੂੰ ਹੋਰ ਵੀ ਵਧਾਇਆ ਜਾ ਰਿਹਾ ਹੈ। ਇੰਨਾ ਹੀ ਨਹੀਂ, ਸਗੋਂ ਵਿਆਹੇ ਜੋੜਿਆਂ ਵਿੱਚ ਵੀ ਵੱਡੀ ਗਿਣਤੀ ਵਿੱਚ ਅਜਿਹੇ ਲੋਕ ਹਨ ਜੋ ਵਿਆਹ ਦੇ ਬਾਵਜੂਦ ਬੱਚੇ ਪੈਦਾ ਕਰਨ ਅਤੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ ਹਨ। ਖਾਸ ਤੌਰ 'ਤੇ ਜਿੱਥੇ ਪਤੀ-ਪਤਨੀ ਨੌਕਰੀ ਕਰਦੇ ਹਨ, ਉੱਥੇ ਬੱਚੇ ਨੂੰ ਜਨਮ ਦੇਣਾ ਇੱਕ ਅਣਚਾਹੇ ਬੋਝ ਵਜੋਂ ਮੰਨਿਆ ਜਾਂਦਾ ਹੈ। ਹਾਲਾਂਕਿ ਇਸ ਵਿੱਚ ਘਰੇਲੂ ਕੰਮ ਦੀ ਵੰਡ ਇੱਕ ਵੱਡਾ ਕਾਰਕ ਹੈ। ਸੰਯੁਕਤ ਪਰਿਵਾਰਾਂ ਦੇ ਵਿਘਨ ਨੇ ਇਸ ਸੋਚ ਨੂੰ ਹੋਰ ਵੀ ਜ਼ੋਰ ਦਿੱਤਾ ਹੈ। ਇੱਕ ਵਿਰੋਧਾਭਾਸ ਇਹ ਹੈ ਕਿ ਜਿੱਥੇ ਦੇਸ਼ ਵਿੱਚ ਔਸਤ ਮੌਤ ਦਰ ਘੱਟ ਗਈ ਹੈ, ਦੂਜੇ ਪਾਸੇ ਨੌਜਵਾਨਾਂ ਦੀ ਮੌਤ ਦਰ ਵਧੀ ਹੈ। ਅਧਿਐਨ ਦਰਸਾਉਂਦੇ ਹਨ ਕਿ ਆਤਮ ਹੱਤਿਆ ਅਤੇ ਦੁਰਘਟਨਾਵਾਂ ਨੌਜਵਾਨਾਂ ਦੀ ਮੌਤ ਦੇ ਮੁੱਖ ਕਾਰਨ ਬਣ ਰਹੀਆਂ ਹਨ। ਅੰਕੜਿਆਂ ਅਨੁਸਾਰ ਨੌਜਵਾਨਾਂ ਦੀ ਮੌਤ ਦਾ ਵੱਡਾ ਕਾਰਨ (17.3 ਪ੍ਰਤੀਸ਼ਤ ਤੋਂ ਵੱਧ) ਖ਼ੁਦਕੁਸ਼ੀ ਹੈ। ਪਰਿਵਾਰਕ ਜ਼ਿੰਮੇਵਾਰੀ, ਮਾਨਸਿਕ ਤਣਾਅ, ਅਸੁਰੱਖਿਅਤ ਭਵਿੱਖ, ਨਸ਼ੇ ਦੀ ਲਤ ਅਤੇ ਨੌਕਰੀ ਅਤੇ ਪੜ੍ਹਾਈ ਦੇ ਦਬਾਅ ਆਦਿ ਕਾਰਨ ਹਨ ਜੋ ਨੌਜਵਾਨਾਂ ਨੂੰ ਸੰਕਟ ਵੱਲ ਧੱਕ ਰਹੇ ਹਨ। ਨੌਜਵਾਨਾਂ ਦੀ ਆਬਾਦੀ ਦੇ ਇਸ ਰੁਖ ਦੇ ਪਿੱਛੇ ਇੱਕ ਵੱਡਾ ਕਾਰਨ ਸਰਕਾਰ ਦੀ ਯੋਜਨਾਬੰਦੀ ਨੀਤੀ ਵੀ ਹੈ। 15 ਫਰਵਰੀ 2000 ਨੂੰ ਐਲਾਨ ਕੀਤਾ ਗਿਆ ? ਪਰਿਵਾਰ ਭਾਰਤ ਦੀ ਜਨਸੰਖਿਆ ਨੀਤੀ ਦਾ ਉਦੇਸ਼ ਸਾਲ 2045 ਤੱਕ ਦੇਸ਼ ਦੀ ਆਬਾਦੀ ਦਰ ਨੂੰ ਸਥਿਰ ਕਰਨਾ ਹੈ। ਹਾਲਾਂਕਿ ਆਪਣੇ ਦੇਸ਼ ਵਿੱਚ ਪਰਿਵਾਰ ਨਿਯੋਜਨ ਨੂੰ ਲੈ ਕੇ ਸਖਤ ਨਹੀਂ ਹੈ। ਫਿਰ ਵੀ ਇਸ ਨੂੰ ਵੱਖੋ-ਵੱਖਰੇ ਮਾਧਿਅਮਾਂ ਰਾਹੀਂ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਗੁਆਂਢੀ ਦੇਸ਼ ਚੀਨ ਨੇ ਇਸ ਤਰ੍ਹਾਂ ਦੀ ਸਖ਼ਤੀ ਦਾ ਕਾਰਨ ਝੱਲਿਆ ਹੈ। ਚੀਨ ਵਿੱਚ 1979 ਤੋਂ 2015 ਤੱਕ ਇੱਕ ਬੱਚੇ ਦੀ ਨੀਤੀ ਨੂੰ ਬਹੁਤ ਸਖਤ ਢੰਗ ਨਾਲ ਲਾਗੂ ਕੀਤਾ ਗਿਆ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਚੀਨ ਵਿੱਚ ਨਾ ਸਿਰਫ਼ ਬਜ਼ੁਰਗਾਂ ਦੀ ਗਿਣਤੀ ਵਧੀ ਹੈ, ਸਗੋਂ ਸਮਾਜ ਵਿੱਚ ਮਰਦ-ਔਰਤਾਂ ਦਾ ਅਨੁਪਾਤ ਵੀ ਖਰਾਬ ਹੋ ਗਿਆ ਹੈ। ਕਾਰਨ ਇਹ ਹੈ ਕਿ ਇੱਕ ਹੀ ਬੱਚੇ ਪੈਦਾ ਕਰਨ ਦੀ ਲਾਜ਼ਮੀ ਸਥਿਤੀ ਵਿੱਚ ਜ਼ਿਆਦਾਤਰ ਜੋੜੇ ਪੁੱਤਰ ਨੂੰ ਤਰਜੀਹ ਦੇਣ ਲੱਗੇ ਸਨ, ਚੀਨ ਸਰਕਾਰ ਨੇ ਹਾਰ ਕੇ ਹਾਰ ਦਿੱਤੀ

ਚੀਨ ਵਿੱਚ 1979 ਤੋਂ 2015 ਤੱਕ ਇੱਕ ਬੱਚੇ ਦੀ ਨੀਤੀ ਨੂੰ ਬਹੁਤ ਸਖਤ ਢੰਗ ਨਾਲ ਲਾਗੂ ਕੀਤਾ ਗਿਆ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਚੀਨ ਵਿੱਚ ਨਾ ਸਿਰਫ਼ ਬਜ਼ੁਰਗਾਂ ਦੀ ਗਿਣਤੀ ਵਧੀ ਹੈ, ਸਗੋਂ ਸਮਾਜ ਵਿੱਚ ਮਰਦ-ਔਰਤਾਂ ਦਾ ਅਨੁਪਾਤ ਵੀ ਖਰਾਬ ਹੋ ਗਿਆ ਹੈ। ਕਿਉਂਕਿ ਇੱਕ ਹੀ ਬੱਚੇ ਦੇ ਜਨਮ ਦੀ ਲਾਜ਼ਮੀ ਸਥਿਤੀ ਵਿੱਚ ਜ਼ਿਆਦਾਤਰ ਜੋੜੇ ਪੁੱਤਰ ਨੂੰ ਤਰਜੀਹ ਦੇਣ ਲੱਗ ਪਏ ਸਨ, ਇਸ ਲਈ ਚੀਨ ਸਰਕਾਰ ਨੇ 2016 ਵਿੱਚ ਦੋ ਬੱਚੇ ਪੈਦਾ ਕਰਨ ਦੀ ਛੋਟ ਦਿੱਤੀ। ਇਸ ਤੋਂ ਵੀ ਗੱਲ ਨਹੀਂ ਬਣਦੀ, ਤਾਂ ਮਈ 2021 ਵਿੱਚ ਤਿੰਨ ਬੱਚਿਆਂ ਨੂੰ ਇਜਾਜ਼ਤ ਦਿੱਤੀ ਗਈ। ਅੰਤ ਵਿੱਚ, 26 ਜੁਲਾਈ 2021 ਤੋਂ ਚੀਨੀ ਸਰਕਾਰ ਨੇ ਪਰਿਵਾਰ ਨਿਯੋਜਨ ਸੰਬੰਧੀ ਸਾਰੀਆਂ ਪਾਬੰਦੀਆਂ ਹਟਾ ਦਿੱਤੀਆਂ ਹਨ ਅਤੇ ਹੁਣ ਚੀਨੀ ਜੋੜੇ ਜਿੰਨੇ ਮਰਜ਼ੀ ਬੱਚੇ ਪੈਦਾ ਕਰ ਸਕਦੇ ਹਨ। ਸਾਨੂੰ ਚੀਨ ਦੀ ਇਸ ਅਸੁਵਿਧਾਜਨਕ ਸਥਿਤੀ ਤੋਂ ਸਬਕ ਲੈਣਾ ਚਾਹੀਦਾ ਹੈ। ਦੇਸ਼ ਦੀ ਘਟਦੀ ਜਵਾਨ ਤਾਕਤ ਭਵਿੱਖ ਲਈ ਇੱਕ ਖਤਰੇ ਵਾਲੀ ਘੰਟੀ ਹੈ। ਇਸ ਲਈ ਆਪਣੇ ਦੇਸ਼ ਵਿੱਚ ਨੌਜਵਾਨਾਂ ਦੀ ਘਟਦੀ ਗਿਣਤੀ ਨੂੰ ਹੁਣ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ ਅਤੇ ਭਵਿੱਖ ਵਿੱਚ ਭਾਰਤ ਦੇ ਬਜ਼ੁਰਗਾਂ ਦਾ ਦੇਸ਼ ਬਣਨ ਤੋਂ ਬਚਾਇਆ ਜਾਣਾ ਚਾਹੀਦਾ ਹੈ।

# 'ਨਹੀਂ ਰੁਕ ਰਿਹਾ ਭਾਰਤ ਵਿਚ' ਨਕਲੀ ਕਰੰਸੀ ਦਾ ਕਾਰੋਬਾਰ !

ਕਾਲੇ ਧਨ ਅਤੇ ਨਕਲੀ ਕਰੰਸੀ ਦੀ ਲਾਹਨਤ ਖਤਮ ਕਰਨ ਦੇ ਕੇਂਦਰ ਸਰਕਾਰ ਦੇ ਯਤਨਾਂ ਦੇ ਬਾਵਜੂਦ ਦੇਸ਼ਧ੍ਰੋਹੀ ਅਨਸਰਾਂ ਵਲੋਂ ਅਜੇ ਵੀ ਦੇਸ਼ 'ਚ ਨਕਲੀ ਕਰੰਸੀ ਛਾਪ ਕੇ ਜਾਂ ਦੂਜੇ ਦੇਸ਼ਾਂ ਤੋਂ ਸਮੱਗਲਿੰਗ ਦੇ ਜ਼ਰੀਏ ਮੰਗਵਾ ਕੇ ਭਾਰਤੀ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਾਉਣਾ ਜਾਰੀ ਹੈ। ਦੇਸ਼ 'ਚ ਕਿੰਨੀ ਵੱਡੀ ਮਾਤਰਾ 'ਚ ਨਕਲੀ ਕਰੰਸੀ ਫੜੀ ਜਾ ਰਹੀ ਹੈ, ਇਹ ਇਸੇ ਸਾਲ (2025) ਦੀਆਂ ਪਿਛਲੇ 4 ਮਹੀਨਿਆਂ ਦੀਆਂ ਹੇਠ ਲਿਖੀਆਂ ਘਟਨਾਵਾਂ ਤੋਂ ਸਪੱਸ਼ਟ ਹੈ :

• 23 ਅਗਸਤ ਨੂੰ 'ਰਾਂਚੀ' (ਝਾਰਖੰਡ) ਪੁਲਸ ਨੇ ਸੁਖਦੇਵ ਨਗਰ ਦੇ ਨਿਊ ਮਾਰਕੀਟ ਬੱਸ ਸਟੈਂਡ 'ਤੇ ਛਾਪਾ ਮਾਰ ਕੇ ਇਕ ਬੱਸ 'ਚ ਲਿਜਾਏ ਜਾ ਰਹੇ ਲਗਭਗ 2 ਕਰੋੜ ਰੁਪਏ ਦੇ ਨਕਲੀ ਨੋਟ ਜ਼ਬਤ ਕਰ ਕੇ 2 ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ।

• 22 ਸਤੰਬਰ ਨੂੰ 'ਸੂਰਤ' (ਗੁਜਰਾਤ) 'ਚ ਨਕਲੀ ਨੋਟ ਬਣਾਉਣ ਵਾਲੀ ਇਕ ਫੈਕਟਰੀ ਦਾ ਭਾਂਡਾ ਭੰਨ ਕੇ ਗ੍ਰਿਫਤਾਰ ਕੀਤੇ ਗਏ 4 ਲੋਕਾਂ ਤੋਂ 1.20 ਲੱਖ ਰੁਪਏ ਦੀ ਨਕਲੀ ਕਰੰਸੀ ਬਰਾਮਦ ਕੀਤੀ ਗਈ। ਇਸ ਦੇ ਨਾਲ ਹੀ ਪੁਲਸ ਨੇ ਮੁਲਜ਼ਮਾਂ ਕੋਲੋਂ ਫੋਇਲ ਪੇਪਰ, ਰੰਗੀਨ ਪ੍ਰਿੰਟਰ, ਪ੍ਰਿੰਟਿੰਗ ਸਿਆਹੀ, ਲੈਮੀਨੇਸ਼ਨ ਮਸ਼ੀਨ ਆਦਿ ਨਕਲੀ ਕਰੰਸੀ ਬਣਾਉਣ 'ਚ ਵਰਤੀਆਂ ਜਾਣ ਵਾਲੀਆਂ ਵਸਤਾਂ ਵੀ ਬਰਾਮਦ ਕੀਤੀਆਂ।

• 5 ਨਵੰਬਰ ਨੂੰ 'ਦਿੱਲੀ' ਪੁਲਸ ਦੀ ਅਪਰਾਧ ਸ਼ਾਖਾ ਨੇ ਨਕਲੀ ਨੋਟਾਂ ਦੇ ਨਿਰਮਾਣ 'ਚ ਸ਼ਾਮਲ ਇਕ ਅੰਤਰਰਾਜੀ ਗਿਰੋਹ ਦੇ 3 ਪ੍ਰਮੁੱਖ ਮੈਂਬਰਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਤੋਂ 3.2 ਲੱਖ ਰੁਪਏ ਦੀ ਨਕਲੀ ਕਰੰਸੀ ਜ਼ਬਤ ਕੀਤੀ।

• 16 ਨਵੰਬਰ ਨੂੰ 'ਭੋਪਾਲ' (ਮੱਧ ਪ੍ਰਦੇਸ਼) 'ਚ ਪੁਲਸ ਨੇ ਨਕਲੀ ਨੋਟ ਛਾਪਣ ਵਾਲੇ ਇਕ ਵੱਡੇ ਰੈਕੇਟ ਦਾ ਪਤਾ ਲਾ ਕੇ ਉੱਤਰ ਪ੍ਰਦੇਸ਼ ਨਿਵਾਸੀ 'ਵਿਵੇਕ ਯਾਦਵ' ਨੂੰ ਗ੍ਰਿਫਤਾਰ ਕਰ ਕੇ ਉਸ ਤੋਂ 2.25 ਲੱਖ ਰੁਪਏ ਦੇ 500-500 ਰੁਪਇਆਂ ਵਾਲੇ ਨਕਲੀ ਨੋਟ ਅਤੇ ਨਕਲੀ ਕਰੰਸੀ ਤਿਆਰ ਕਰਨ 'ਚ ਵਰਤਿਆ ਜਾਣ ਵਾਲਾ ਲਗਭਗ 3 ਲੱਖ ਰੁਪਏ ਦਾ ਕੱਚਾ ਮਾਲ ਬਰਾਮਦ ਕੀਤਾ।

• 1 ਦਸੰਬਰ ਨੂੰ 'ਅਨੂਪਗੜ੍ਹ' (ਰਾਜਸਥਾਨ) ਪੁਲਸ ਨੇ 500-500 ਰੁਪਏ ਦੇ ਨਕਲੀ ਨੋਟਾਂ ਦੇ ਰੂਪ 'ਚ 44000 ਰੁਪਏ ਦੀ ਨਕਲੀ ਕਰੰਸੀ ਬਰਾਮਦ ਕਰ ਕੇ 2 ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ।

• 18 ਦਸੰਬਰ ਨੂੰ 'ਜੈਪੁਰ' (ਰਾਜਸਥਾਨ) ਪੁਲਸ ਨੇ 'ਸਹਾਰਨਪੁਰ' (ਉੱਤਰ ਪ੍ਰਦੇਸ਼) 'ਚ ਇਕ ਨਕਲੀ ਨੋਟ ਬਣਾਉਣ ਵਾਲੀ ਫੈਕਟਰੀ ਦਾ ਭਾਂਡਾ ਭੰਨ ਕੇ ਇਸ ਗਿਰੋਹ ਦੇ ਸਰਗਣੇ 'ਗੌਰਵ ਪੁੰਡੀਰ' ਨੂੰ ਗ੍ਰਿਫਤਾਰ ਕਰ ਕੇ ਉਸ ਕੋਲੋਂ 6 ਲੱਖ ਰੁਪਏ ਤੋਂ ਵੱਧ ਮੁੱਲ ਦੇ ਨਕਲੀ ਨੋਟ ਬਰਾਮਦ ਕੀਤੇ।



• 20 ਦਸੰਬਰ ਨੂੰ ਚੰਡੀਗੜ੍ਹ 'ਚ ਇਕ ਕਾਰ ਦੀ ਤਲਾਸ਼ੀ ਦੌਰਾਨ 2 ਲੋਕਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ 4 ਲੱਖ 76 ਹਜ਼ਾਰ 300 ਰੁਪਏ ਮੁੱਲ ਦੀ ਨਕਲੀ ਭਾਰਤੀ ਕਰੰਸੀ ਜ਼ਬਤ ਕੀਤੀ।

• 24 ਦਸੰਬਰ ਨੂੰ 'ਸਤਨਾ' (ਮਹਾਰਾਸ਼ਟਰ) ਪੁਲਸ ਨੇ 500 ਰੁਪਏ ਵਾਲੇ ਨਕਲੀ ਨੋਟਾਂ ਦੇ ਰੂਪ 'ਚ 15000 ਰੁਪਏ ਮੁੱਲ ਦੀ ਨਕਲੀ ਕਰੰਸੀ ਨਾਲ ਇਕ ਡਾਕਟਰ ਸਮੇਤ 6 ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ।

• 26 ਦਸੰਬਰ ਨੂੰ 'ਪੁਲਵਾਮਾ' (ਜੰਮੂ-ਕਸ਼ਮੀਰ) ਜ਼ਿਲੇ ਦੀ 'ਪੰਪੋਰ' ਪੁਲਸ ਨੇ 27 ਸਾਲਾ ਇਕ ਵਿਅਕਤੀ ਨੂੰ ਗ੍ਰਿਫਤਾਰ ਕਰ ਕੇ ਉਸ ਕੋਲੋਂ 500-500 ਰੁਪਏ ਮੁੱਲ ਵਾਲੇ ਨੋਟਾਂ ਦੇ ਰੂਪ 'ਚ 86000 ਰੁਪਏ ਦੀ ਜਾਅਲੀ ਕਰੰਸੀ ਬਰਾਮਦ ਕੀਤੀ।

• ਅਤੇ ਹੁਣ 26 ਦਸੰਬਰ ਨੂੰ 'ਯੂ. ਟੀ. ਚੰਡੀਗੜ੍ਹ' ਦੀ ਪੁਲਸ ਨੇ ਜਾਅਲੀ ਨੋਟ ਛਾਪਣ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕਰਦੇ ਹੋਏ 5 ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ 'ਚੋਂ 500, 200 ਅਤੇ 100 ਰੁਪਏ ਮੁੱਲ ਵਾਲੇ ਨੋਟਾਂ ਦੇ ਰੂਪ 'ਚ 7 ਲੱਖ 17 ਹਜ਼ਾਰ 400 ਰੁਪਏ ਦੀ ਨਕਲੀ ਕਰੰਸੀ ਜ਼ਬਤ ਕੀਤੀ।

ਸਥਾਨਕ ਤੌਰ 'ਤੇ ਨਕਲੀ ਨੋਟ ਛਾਪਣ ਤੋਂ ਇਲਾਵਾ ਗੁਆਂਢੀ ਦੇਸ਼ਾਂ ਤੋਂ ਵੀ ਨਕਲੀ ਨੋਟਾਂ ਅਤੇ ਉਨ੍ਹਾਂ ਦੇ ਨਿਰਮਾਣ 'ਚ ਵਰਤੀ ਜਾਣ ਵਾਲੀ ਸਮੱਗਰੀ ਦੀ ਸਮੱਗਲਿੰਗ ਕੀਤੀ ਜਾਂਦੀ ਹੈ ਅਤੇ ਇਸ ਕਾਲੇ ਕਾਰੋਬਾਰ 'ਚ ਕੁਝ ਵਿਦੇਸ਼ੀ ਵੀ ਸ਼ਾਮਲ ਪਾਏ ਜਾ ਰਹੇ ਹਨ। ਹਾਲ ਹੀ 'ਚ ਰਿਲੀਜ਼ ਹੋਈ ਹੁਣ ਤੱਕ ਦੀ ਸਭ ਤੋਂ ਵੱਧ ਸੁਪਰਹਿੱਟ ਫਿਲਮ 'ਧੁਰੰਧਰ' 'ਚ ਵੀ ਨਕਲੀ ਕਰੰਸੀ ਦਾ ਵਰਣਨ ਕੀਤਾ ?ਗਿਆ ਹੈ।

ਕਿਉਂਕਿ ਨਕਲੀ ਕਰੰਸੀ ਚਲਾਉਣਾ ਕਿਸੇ ਵੀ ਦੇਸ਼ ਦੀਆਂ ਜੜ੍ਹਾਂ ਪੁੱਟਣ ਵਰਗਾ ਹੈ, ਇਸ ਲਈ ਇਸ ਦੇ ਨਿਰਮਾਣ ਜਾਂ ਸਪਲਾਈ ਨਾਲ ਜੁੜੇ ਲੋਕਾਂ ਵਿਰੁੱਧ ਦੇਸ਼ਧ੍ਰੋਹ ਦੋਸ਼ ਦੇ ਅਧੀਨ ਤੁਰੰਤ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

Dosanjh Family
AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD